# ਵਰਿਆਮ

੩੪ਵਾਂ ਸਾਲ

ਅਗਸਤ ੨੦੦੯




20/-

Namdhari Elibrary

# ਮਹਾਂਰਾਸ਼ਟਰ ਵਿਚ ਨਾਮਧਾਰੀ ਦੀਵਾਨ



ਸ੍ਰੀ ਹਨੂਮਾਨ ਮੰਦਿਰ ਭਾਰੜੀ ਗਾਂਵ (ਜਾਲਨਾ) ਮਹਾਂਰਾਸ਼ਟਰ ਵਿਚ ਸ੍ਰੀ ਰਾਮ ਨੌਮੀ ਅਤੇ ਹਨੂੰਮਾਨ ਜਯੰਤੀ ਦੇ ਸਬੰਧ ਵਿਚ ੧੪-੪-੨੦੦੯ ਨੂੰ ਜਥੇਦਾਰ ਸੇਵਾ ਸਿੰਘ ਜੀ ਦਿੱਲੀ, ਦੀਵਾਨ ਸਮੇਂ ਕੀਰਤਨ ਕਥਾ ਵਖਿਆਣ ਕਰਦੇ ਹੋਏ। ਉਹਨਾਂ ਨਾਲ ਬੈਠੇ ਹਨ ਸ. ਹਰਭਜਨ ਸਿੰਘ ਔਰੰਗਾਬਾਦ ਅਤੇ ਹੋਰ ਸੰਗਤ।



ਭਾਰੜੀ ਗਾਂਵ ਜ਼ਿਲ੍ਹਾ ਜਾਲਨਾ ਮਹਾਰਾਸ਼ਟਰ ਵਿਚ ਜਥੇਦਾਰ ਸੇਵਾ ਸਿੰਘ ਜੀ ਦੇ ਦੀਵਾਨ ਸਮੇਂ ਸ੍ਰੋਤਾ ਗਣ।

Namdhari Elibrary NamdhariElibrary@gmail.com

# ਵਰਿਆਮ

ਅਗਸਤ - ੨੦੦੯

ਜਿਲਦ-੩੪

ਅੰਕ- ੧੦

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'



ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-:੦੧੮੧- ੨੨੨੨੫੪੩
ਘਰ : ੦੧੮੧-੨੪੫੬੨੮੯

Office Address :
Monthly WARIAM
Ladowali Road.
Opp. Central Town,
Jalandhar-144001
Ph. :0181-2222543 (O)
0181-2456289 (R)


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


੧੫ ਅਗਸਤ —ਸੰਪਾਦਕੀ ---------- ੨
ਸੰਤਾਲੀ ਦੀ ਰਾਵੀ —ਗੁਲਜ਼ਾਰ ਸਿੰਘ ਸੰਧੂ ----- ੫
'ਉੱਜਲ-ਦੀਦਾਰ' ਸੂਬਾ ਸੁੱਧ ਸਿੰਘ 'ਮਢੌਰ' —ਸੁਵਰਨ ਸਿੰਘ ਵਿਰਕ ---------- ੯
ਡਾ. ਇਕਬਾਲ : ਤਸਵੀਰ ਦਾ ਦੂਜਾ ਰੁਖ਼ —ਡਾ ਨਰੇਸ਼ ---------- ੧੯
ਚੋਣਵੇਂ ਪੰਜਾਬੀ ਸ਼ਿਅਰ —ਚਰਨ ਸੀਚੇਵਾਲਵੀ ---------- ੨੨
ਗ਼ਜ਼ਲ—ਡਾ. ਜੀ. ਡੀ. ਚੌਧਰੀ ---------- ੨੩
ਪੱਥਰ ਥੀ ਰਹੇ ਹਾਂ —ਪ੍ਰਿੰ. ਕਰਤਾਰ ਸਿੰਘ ਕਾਲੜਾ ------ ੨੩
"ਇਹ ਗੱਭਰੂ ਪੰਜਾਬ ਦੇ" —ਸਵ. ਤਰਲੋਕ ਮਨਸੂਰ ---------- ੨੪
ਦੋ ਗ਼ਜ਼ਲਾਂ —ਡਾ. ਹਰਨੇਕ ਸਿੰਘ ਕੋਮਲ -------
ਗ਼ਜ਼ਲ —ਜਸਵਿੰਦਰ ਮਹਿਰਮ ---------- ੨੪
ਪਾਣੀ ਦਾ ਜੇ ਪੈ ਗਿਆ ਕਾਲ —ਚਰਨ ਸੀਚੇਵਾਲਵੀ ---------- ੨੫
ਰੁਬਾਈਆਂ —ਨਵਰਾਹੀ ਘੁਗਿਆਣਵੀ ------ ੨੫
ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ : ਨਵੀਨ ਤੱਥ —ਡਾ. ਕਿਰਪਾਲ ਸਿੰਘ -------- ੨੭
ਪ੍ਰਸਿੱਧ ਸਿੱਖ ਵਿਦਵਾਨ ਪ੍ਰੋ. ਸਾਹਿਬ ਸਿੰਘ ਡੀ. ਲਿਟ. —ਮਲਿਕ ਮੁਹੰਮਦ ਨਈਮ ਆਵਾਨ --------- ੩੧
ਕੁਝ ਸੱਚੀਆਂ ਗੱਲਾਂ —ਬਲਬੀਰ ਕੌਰ --------- ੩੭
ਖ਼ਬਰਨਾਮਾ ---------- ੪੨
ਪ੍ਰਤੀਕਿਰਿਆ ---------- ੪੬


### ਸਾਵਣ

ਹੇ ਸਾਵਣ, ਸੋਹਣਿਆ ! ਵਰ੍ਹਦਾ ਰਹੁ।
ਸਭ ਜੱਗ ਨੂੰ ਠੰਢਿਆ ਕਰਦਾ ਰਹੁ।
ਡੱਲ੍ਹ ਛੱਪੜ ਟੋਭੇ ਭਰਦਾ ਰਹੁ।
ਤੂੰ ਅੰਮ੍ਰਿਤ-ਸੋਮਿਆ ! ਝਰਦਾ ਰਹੁ।
ਜੱਗ ਤੇਰੀਆਂ ਤਲੀਆਂ ਝਸਦਾ ਹੈ।
ਛੰਮ ! ਛੰਮ ! ਛੰਮ ! ਸਾਵਣ ਵਸਦਾ ਹੈ।

—ਵਿਧਾਤਾ ਸਿੰਘ ਤੀਰ




Namdhari Elibrary NamdhariElibrary@gmail.com

# ੧੫ ਅਗਸਤ

ਬਸਤੀਵਾਦੀ ਵਿਦੇਸ਼ੀ ਹਕੂਮਤ ਦੇ ਜੂਲੇ ਵਿਚੋਂ ਭਾਰਤ ਨੂੰ ਸਿਆਸੀ ਤੌਰ ਤੇ ਆਜ਼ਾਦ ਹੋਣ ਦੀ ਬਾਹਠਵੀਂ ਵਰ੍ਹੇਗੰਢ ਅਸੀਂ ੧੫ ਅਗਸਤ ੨੦੦੯ ਨੂੰ ਮਣਾ ਰਹੇ ਹਾਂ। ਇਸ ਦਿਨ ਇਕ ਵਾਰ ਫੇਰ ਭਾਰਤ ਦਾ ਸਤਿਕਾਰਤ ਪ੍ਰਧਾਨ ਮੰਤਰੀ ਦਿੱਲੀ ਦੇ ਲਾਲ ਕਿਲੇ ਦੀ ਫਸੀਲ ਤੋਂ ਕੌਮ ਦੇ ਨਾਮ ਸੰਦੇਸ਼ ਵਿਚ ਆਪਣੀ ਸਰਕਾਰ ਦਾ ਲੇਖਾ ਜੋਖਾ ਅਤੇ ਭਵਿੱਖ ਦੀ ਤਸਵੀਰ ਭਾਰਤੀ ਜਨ ਸਾਧਾਰਨ ਦੇ ਰੂਬਰੂ ਪੇਸ਼ ਕਰੇਗਾ ਅਤੇ ਜਸ਼ਨਾਂ ਦਾ ਇਕ ਸਿਲਸਲਾ ਦੇਸ਼ ਵਿਚ ਚਲੇਗਾ।

ਸੰਨ ੧੯੪੭ ਦਾ ੧੫ ਅਗਸਤ ਉਹ ਭਾਗਾਂ ਭਰਿਆ ਦਿਨ ਸੀ ਜਦੋਂ ਸਦੀਆਂ ਦੀ ਗੁਲਾਮੀ ਬਾਦ ਆਜ਼ਾਦੀ ਦੀ ਕਿਰਨ ਉਦੇ ਹੋਈ ਸੀ। ਅੱਧੀ ਰਾਤ ਨੂੰ ਭਾਰਤ ਦੀ ਕੇਂਦਰੀ ਅਸੰਬਲੀ ਵਿਚ ਨਵੀਨ ਭਾਰਤ ਦਾ ਭਾਗ ਵਿਧਾਤਾ ਪੰਡਿਤ ਨਹਿਰੂ ਬੋਲ ਰਿਹਾ ਸੀ "...ਬਹੁਤ ਸਮਾਂ ਪਹਿਲਾਂ ਅਸੀਂ ਕਿਸਮਤ ਨਾਲ ਇਕ ਵਾਅਦਾ ਕੀਤਾ ਸੀ ਅਤੇ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਵਾਅਦੇ ਨੂੰ ਪੂਰੀ ਤਰ੍ਹਾਂ ਨਾ ਸਹੀ ਤਾਂ ਘੱਟੋ ਘੱਟ ਬਹੁਤ ਠੋਸ ਰੂਪ ਵਿਚ ਪੂਰਾ ਕਰੀਏ। ਜਦ ਅਧੀ ਰਾਤ ਦੇ ਸਮੇਂ ਸਾਰਾ ਸੰਸਾਰ ਸੌਂ ਰਿਹਾ ਹੈ ਭਾਰਤ ਇਕ ਨਵਾਂ ਜੀਵਨ ਅਤੇ ਸੁਤੰਤਰਤਾ ਨੂੰ ਲੈ ਕੇ ਜਾਗ ਰਿਹਾ ਹੈ। ਇਕ ਵਕਤ ਆਉਂਦਾ ਹੈ ਜਿਹੜਾ ਕਿ ਇਤਿਹਾਸ ਵਿਚ ਕਦੇ ਕਦੇ ਆਉਂਦਾ ਹੈ, ਜਦੋਂ ਅਸੀਂ ਪੁਰਾਣੇ ਜੁੱਗ 'ਚੋਂ ਨਿਕਲ ਕੇ ਨਵੇਂ ਜੁੱਗ ਵਿਚ ਕਦਮ ਰੱਖਦੇ ਹਾਂ। ਜਦ ਇਕ ਜੁੱਗ ਖ਼ਤਮ ਹੁੰਦਾ ਹੈ ਅਤੇ ਜਦ ਇਕ ਲੰਬੇ ਸਮੇਂ ਤੋਂ ਦੱਬੀ ਹੋਈ ਕੌਮ ਦੀ ਆਤਮਾ ਨੂੰ ਪ੍ਰਗਟਾਵਾ ਮਿਲਦਾ ਹੈ। ਇਸ ਪਵਿੱਤਰ ਪਲ ਵਿਚ ਸਾਡੇ ਲਈ ਇਹ ਹੀ ਉਚਿਤ ਹੋਵੇਗਾ ਕਿ ਅਸੀਂ ਭਾਰਤ ਅਤੇ ਉਸ ਦੇ ਵਾਸੀਆਂ ਦੀ ਸੇਵਾ ਅਤੇ ਇਸ ਤੋਂ ਵੀ ਵੱਡੇ ਕੰਮ ਮਾਨਵ ਸੇਵਾ ਦੇ ਵਾਸਤੇ ਆਪਣੇ ਆਪ ਨੂੰ ਸਮਰਪਤ ਕਰਨ ਦੀ ਸੌਂਹ ਚੁੱਕੀਏ..."

ਅੰਤ ਵਿਚ ਪੰਡਿਤ ਜੀ ਨੇ ਇਕ ਕਾਮਨਾ ਕੀਤੀ ਸੀ ਕਿ "ਅਸਾਂ ਸੁਤੰਤਰ ਭਾਰਤ ਦਾ ਇਕ ਸ਼ਾਨਦਾਰ ਮਹੱਲ ਬਨਾਉਣਾ ਹੈ ਜਿਸ ਵਿਚ ਭਾਰਤ ਦੇ ਸਾਰੇ ਵਾਸੀ ਰਹਿ ਸਕਣ।"...

੧੫ ਅਗਸਤ ਦਾ ਦਿਨ ਇਹ ਯਾਦ ਲੈ ਕੇ ਆਉਂਦਾ ਹੈ ਕਿ ਅਸਾਂ ਸੁਤੰਤਰ ਭਾਰਤ ਦਾ ਇਕ ਸ਼ਾਨਦਾਰ ਮਹੱਲ ਬਨਾਉਣਾ ਹੈ। ਲੋਕਾਂ ਦੇ ਮਨਾਂ ਵਿਚ ਅਸੀਂ ਸਾਰੇ, ਭਾਰਤੀ ਸਰਕਾਰ ਅਤੇ ਲੋਕ ਇਹ ਗੱਲ ਕਿੰਨੀ ਕੁ ਬੈਠਾ ਸਕੇ ਹਾਂ ਅਤੇ ਕਿੰਨਾ ਕੁ ਅਮਲ ਇਸ ਪਾਸੇ ਵਲ ਕਰ ਰਹੇ ਹਾਂ ਇਹ ਸਵਾਲ ਹਰ ਇਕ ਨੂੰ ਆਪਣੇ ਮਨ ਤੋਂ ਪੁੱਛਣਾ ਹੈ ਅਤੇ ਉੱਤਰ ਵੀ ਮਨ ਜ਼ਰੂਰ ਦੇਵੇਗਾ।

੧੫ ਅਗਸਤ ਬਾਰੇ ਹੀ ਇਕ ਟੂਕ ਆਪਣੇ ਮਿੱਤਰ ਪ੍ਰਸਿੱਧ ਲੇਖਕ, ਸ. ਗੁਲਜ਼ਾਰ ਸਿੰਘ ਸੰਧੂ ਦੀ ਨਵੀਂ ਪੁਸਤਕ "ਮੇਰੀ ਸਹੁੰ ਵਿਚੋਂ" ਦੇ ਰਹੇ ਹਾਂ ਜੋ ਵਰਿਆਮ ਦੇ ਇਸੇ ਅੰਕ ਵਿਚ ਕਿੱਤੇ ਛੱਪੀ ਹੋਵੇਗੀ, ਜੋ ਇਵੇਂ ਹੈ—

"...ਹਰ ਸਾਲ ੧੫ ਅਗਸਤ ਦਾ ਦਿਨ ਭਾਰਤੀ ਲੋਕਾਂ ਲਈ ਸੁਖਦਾਈ ਤੇ ਦੁਖਦਾਈ ਯਾਦਾਂ ਇਕੱਠੀਆਂ ਨਾਲ ਲੈ ਕੇ ਆਉਂਦਾ ਹੈ। ਖ਼ੁਸ਼ੀ ਭਰੀਆਂ ਇਸ ਲਈ ਕਿ ਇਸ ਦਿਨ ੧੯੪੭ ਨੂੰ ਦੇਸ਼ ਨੂੰ ਲੰਮੀ ਗੁਲਾਮੀ ਤੋਂ ਬਾਅਦ ਆਜ਼ਾਦੀ ਮਿਲੀ ਸੀ। ਦੁਖਦਾਈ ਇਸ ਕਰਕੇ ਕਿ ਦੇਸ਼ ਦੀ ਆਜ਼ਾਦੀ ਦੇ ਨਾਲ ਹੀ ਦੇਸ਼ ਵੰਡਿਆ



Namdhari Elibrary NamdhariElibrary@gmail.com

ਗਿਆ ਅਤੇ ਭਿਆਨਕ ਫਿਰਕੂ ਫਸਾਦ ਸ਼ੁਰੂ ਹੋ ਗਏ ਜਿਨ੍ਹਾਂ ਵਿਚ ੧੦ ਲੱਖ ਤੋਂ ਵੱਧ ਲੋਕ ਮਾਰੇ ਗਏ ਤੇ ਕੁੱਲ ਇਕ ਕਰੋੜ ਦੇ ਲਗਭਗ ਘਰੋਂ ਬੇਘਰ ਹੋ ਸਰਹੱਦਾਂ ਦੇ ਆਰ ਪਾਰ ਬਿਖਰ ਗਏ। ਇਹ ਭਿਆਨਕ ਦੁਖਾਂਤ ਅਜੇ ਵੀ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਰਹਿੰਦਾ ਹੈ..."

ਚੰਗੇ ਤੇ ਮੰਦੇ ਕਰਮ, ਚੰਗੀਆਂ ਮੰਦੀਆਂ ਯਾਦਾਂ ਹਰ ਦੇਸ਼ ਦੇ ਇਤਿਹਾਸ ਦੀ ਹੋਣੀ ਹਨ ਪਰ ੧੫ ਅਗਸਤ ਵਰਗੇ ਦਿਨ ਕੌਮਾਂ ਨੂੰ ਨਵੇਂ ਉਤਸ਼ਾਹ ਵਾਸਤੇ ਪ੍ਰੇਰਿਤ ਜ਼ਰੂਰ ਕਰਦੇ ਹਨ। ਜਿਵੇਂ ਸੱਪ ਪੁਰਾਣੀ ਕੁੰਜ ਉਤਾਰ ਕੇ ਨਵਾਂ ਜੀਵਨ ਸ਼ੁਰੂ ਕਰਦਾ ਹੈ।

੧੯੪੭ ਦੇ ਦੁਖਾਂਤ ਦੇ ਮੁੜ ਮੁੜ ਸਾਹਮਣੇ ਆਉਣ ਦੀ ਗੱਲ ਮੁੜ ਸਾਡੇ ਸਾਹਮਣੇ ਹੈ। ਮੁੰਬਈ ਦੀਆਂ ਮਹੱਤਵਪੂਰਨ ਥਾਵਾਂ ਤੇ ਪਾਕਿਸਤਾਨ ਦੀਆਂ ਕੁਝ ਥਾਵਾਂ ਤੋਂ ਆਏ ਕੁਝ ਲੋਕਾਂ ਨੇ ਆਤੰਕ ਮਚਾਇਆ, ਨਿਰਦੋਸ਼ ਬੰਦੇ ਮਾਰੇ ਅਤੇ ਹੋਰ ਬਹੁਤ ਕੁਝ ਹੋਇਆ। ਭਾਰਤ ਵਲੋਂ ਕੌਮਾਂਤਰੀ ਪੱਧਰ ਤੇ ਇਸ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਗਈ ਅਤੇ ਪਾਕਿਸਤਾਨ ਨਾਲ ਓਨਾਂ ਚਿਰ ਗੱਲ ਨਾ ਕਰਨ ਦੀ ਗੱਲ ਕਹੀ ਜਦੋਂ ਤਕ ਉਹ ਆਤੰਕਵਾਦੀ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਨਹੀਂ ਕਰਦਾ।...ਪਿਛਲੇ ਦਿਨਾਂ ਵਿਚ ਪ੍ਰਧਾਨ ਮੰਤਰੀ ਇਟਲੀ, ਫਰਾਂਸ ਅਤੇ ਮਿਸਰ ਦੇ ਦੌਰੇ ਤੇ ਕੌਮਾਂਤਰੀ ਲੀਡਰਾਂ ਦੀਆਂ ਕਾਨਫਰੰਸਾਂ ਵਿਚ ਗਏ ਹਨ। ਉਥੇ ਵੀ ਇਸ ਮਸਲੇ ਤੇ ਉਹਨਾਂ ਜ਼ੋਰਦਾਰ ਆਵਾਜ਼ ਉਠਾਈ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਵੀ ਮਿਲੇ ਹਨ ਅਤੇ ਖਬਰ ਇਹ ਵੀ ਆਈ ਕਿ ਅੱਗੋਂ ਵੀ ਕਿਸੇ ਨਾ ਕਿਸੇ ਪੱਧਰ ਤੇ ਗੱਲ ਹੁੰਦੀ ਰਹੇਗੀ। ਇਸ ਗੱਲ ਨੂੰ ਕੁਝ ਧਿਰਾਂ ਨੇ ਦੇਸ਼ ਦੇ ਹਿੱਤਾਂ ਦੇ ਵਿਰੁੱਧ ਕਿਹਾ ਅਤੇ 'ਗ਼ਦਾਰੀ' ਤਕ ਸ਼ਬਦ ਵੀ ਵਰਤੇ। ਪਿਛਲੇ ਹੀ ਦਿਨਾਂ ਵਿਚ ਦਿੱਲੀ ਦੇ ਮਾਨਮਤੇ ਪ੍ਰਾਜੈਕਟ ਮੈਟਰੋ ਰੇਲ ਦੇ ਬਣ ਰਹੇ ਪੁਲ ਦੇ ਡਿੱਗਣ ਨਾਲ ਕੁਝ ਅਫਸੋਸਨਾਕ ਮੌਤਾਂ ਹੋਈਆਂ ਅਤੇ ਕੰਮ ਵੀ ਰੁੱਕ ਗਿਆ। ਪੁੱਛ ਪੜਤਾਲਾਂ ਇੰਕੁਆਰੀਆਂ ਤਾਂ ਹੋਣਗੀਆਂ ਅਤੇ ਜ਼ੁੰਮੇਵਾਰੀ ਨਿਰਧਾਰਤ ਕਰ ਕੇ ਸਜ਼ਾਵਾਂ ਵੀ ਦਿੱਤੀਆਂ ਜਾਣਗੀਆਂ ਪਰ ਨੁਕਸਾਨੇ ਪੁਲ ਦੀ ਮੁੜ ਉਸਾਰੀ ਤਾਂ ਹੋਵੇਗੀ ਅਤੇ ਅੰਤ ਉਸ ਉਤੇ ਰੇਲ ਵੀ ਦੌੜੇਗੀ।

ਅਸੀਂ ਸਮਝਦੇ ਹਾਂ ਕਿ ਪਾਕਿਸਤਾਨ ਸਮੇਤ ਕਿਸੇ ਵੀ ਦੇਸ਼ ਨਾਲ ਵਗਾੜ ਦੇ ਸਬੰਧ ਵਿਚ ਚਰਚੇ, ਰੋਸੇ ਪੁੱਛ ਪੜਤਾਲਾਂ ਅਤੇ ਸਜ਼ਾਵਾਂ ਦੀ ਵਿਵਸਥਾ ਤਾਂ ਹੋਵੇਗੀ ਪਰ ਆਖਰ ਨੂੰ ਸੰਬੰਧ ਸੂਤਰ ਜੋੜਨੇ ਪੈਣਗੇ ਅਤੇ ਇਸ ਵਾਸਤੇ ਗੱਲਬਾਤ ਤਾਂ ਕਰਨੀ ਹੀ ਪਵੇਗੀ। ਇਸ ਗੱਲ ਨੂੰ ਚੰਗੀ ਜਾਂ ਮਾੜੀ ਦੇ ਖਾਤੇ ਵਿਚ ਨਾ ਪਾਈਏ ਸਗੋਂ ਜ਼ਰੂਰਤ ਜਾਂ ਵੱਧ ਤੋਂ ਵੱਧ ਮਜਬੂਰੀ ਦੇ ਖਾਤੇ ਵਿਚ ਰੱਖ ਗੱਡੀ ਚਲਾਉਣ ਦਾ ਜਤਨ ਤਾਂ ਕਰੀਏ। ਉਂਝ ਆਪਣੇ ਘਰ ਦੀ ਰਾਖੀ ਅਸਾਂ ਆਪ ਕਰਨੀ ਹੈ। ਚੋਰ ਲੁਟੇਰੇ ਤਾਂ ਪੈਂਦੇ ਹਨ ਅਸੀਂ ਜਰਾ ਘੱਟ ਸੌਂਵੀਏ। ਭਾਵੇਂ ਇਕ ਭਾਰਤੀ (ਪੰਜਾਬੀ) ਅਜੇਪਾਲ ਸਿੰਘ ਅਮਰੀਕਾ ਦੀ ਤਨਖਾਹ ਦਾ ਪੈਕੇਜ ਨੱਬੇ ਕਰੋੜ ਰੁਪਿਆ ਹੈ, ਟਾਟਾ ਨੇ ਬਾਨਵੇ ਲੱਖ ਦੀ ਕੀਮਤ ਵਾਲੀ ਕਾਰ ਵੀ ਲਾਂਚ ਕੀਤੀ ਹੈ ਅਤੇ ਇਕਾਨਵੇਂ ਹਜ਼ਾਰ ਦੀ ਕੀਮਤ ਵਾਲਾ ਸਾਈਕਲ ਵੀ ਆ ਗਿਆ ਪਰ ਫਿਰ ਵੀ ਲੱਖਾਂ ਲੋਕ ਹਨ ਜੋ ਕੇਵਲ ੧੦੦ ਦਿਨ ਦਾ ਰੁਜ਼ਗਾਰ ਸਰਕਾਰ ਵੱਲੋਂ ਮਜ਼ਦੂਰੀ ਦੀ ਸ਼ਕਲ ਵਿਚ ਲੈਣ ਲਈ ਮਜਬੂਰ ਹਨ ਅਤੇ ਬਹੁਤ ਲੋਕਾਂ ਕੋਲ ਅਜੇ ਵੀ ਕੋਈ ਆਮਦਨ ਦਾ ਸਾਧਨ ਨਹੀਂ ਸਰਕਾਰ ਅਤੇ ਲੋਕਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਸਾਂ ਸੁਤੰਤਰ ਭਾਰਤ ਦਾ ਇਕ ਸ਼ਾਨਦਾਰ ਮਹੱਲ ਬਨਾਉਣਾ ਹੈ ਜਿਸ ਵਿਚ ਭਾਰਤ ਦੇ ਸਾਰੇ ਵਾਸੀ ਰਹਿ ਸਕਣ।

*—ਜਗਦੀਸ਼ ਸਿੰਘ ਵਰਿਆਮ*


Namdhari Elibrary NamdhariElibrary@gmail.com

# ਸ. ਇਕਬਾਲ ਸਿੰਘ

ਸ. ਇਕਬਾਲ ਸਿੰਘ ਨੂੰ ਰਾਸ਼ਟਰਪਤੀ ਵਲੋਂ ਪਾਂਡੀਚਰੀ ਦਾ ਲੈਫਟੀਨੈਂਟ ਗਵਰਨਰ ਨਿਯੁਕਤ ਕੀਤਾ ਗਿਆ ਹੈ। ਸ. ਇਕਬਾਲ ਸਿੰਘ ਉਹਨਾਂ ਲੋਕਾਂ ਵਿਚੋਂ ਹਨ ਜੋ ਈਮਾਨਦਾਰੀ ਨਾਲ ਲੋਕਾਂ ਨਾਲ ਵੀ ਜੁੜੇ ਰਹੇ ਹਨ ਅਤੇ ਆਪਣੀ ਪਾਰਟੀ ਕਾਂਗਰਸ ਨਾਲ ਵੀ। ਲੋਕਾਂ ਦੀ ਸੇਵਾ ਦਾ ਇਹ ਪ੍ਰਮਾਣ ਹੈ ਕਿ ਉਹ ਪੰਜਾਬ ਦੀਆਂ ਅਨੇਕਾਂ ਸਭਿਆਚਾਰਕ ਅਤੇ ਖੇਡ ਸੰਸਥਾਵਾਂ ਦੇ ਪ੍ਰਧਾਨ ਰਹੇ ਹਨ। ਨੌਜਵਾਨਾਂ ਵਿਚ ਉਹਨਾਂ ਅਣਥਕ ਕੰਮ ਕੀਤਾ ਹੈ ਅਤੇ ਯੂਥ-ਕਾਂਗਰਸ ਨੂੰ ਇਕ ਹੁਲਾਰਾ ਦਿੱਤਾ ਰੱਖਿਆ ਹੈ। ਅਨੇਕਾਂ ਵਾਰ ਉਹ ਦੇਸ਼ ਵਿਦੇਸ਼ ਵਿਚ ਕਾਨਫਰੰਸਾਂ ਵਿਚ ਸਰਗਰਮ ਰਹੇ ਹਨ। ਉਹ ਉਦਾਰ ਦਿਲ ਦੇ ਸੁਆਮੀ ਹਨ ਅਤੇ ਅਨੇਕਾਂ ਜਥੇਬੰਦੀਆਂ ਦੀ ਸਰਪ੍ਰਸਤੀ ਕਰਦੇ ਰਹੇ ਹਨ। ਉਹ ਗਿਆਨੀ ਜ਼ੈਲ ਸਿੰਘ ਜੀ ਦੇ ਨਿਕਟਵਰਤੀ ਰਹੇ ਹਨ। ਉਹ ਰਾਜ ਸਭਾ ਰਾਹੀਂ ਭਾਰਤ ਦੀ ਪਾਰਲੀਮੈਂਟ ਦੇ ਮੈਂਬਰ ਵੀ ਰਹੇ ਹਨ। ਕਾਂਗਰਸ ਪਾਰਟੀ ਦੀ ਕੇਂਦਰੀ ਕਮੇਟੀ ਦੇ ਵੀ ਉਹ ਮੈਂਬਰ ਹਨ ਅਤੇ ਪਿਛਲੀਆਂ ਪਾਰਲੀਮੈਂਟ ਦੀਆਂ ਚੋਣਾਂ ਵਿਚ ਉਹਨਾਂ ਅਣਥੱਕ ਮਿਹਨਤ ਕਰਕੇ ਇਕ ਸਫਲ ਆਗੂ ਦਾ ਰੋਲ ਅਦਾ ਕੀਤਾ ਹੈ। ਉਹ ਮਿਠਬੋਲੜੇ ਛੋਟੇ ਵੱਡੇ ਦਾ ਆਦਰ ਕਰਨ ਵਾਲੀ ਅਤੇ ਆਦਰ ਪ੍ਰਾਪਤ ਕਰਨ ਵਾਲੀ ਬਾਵਕਾਰ ਸ਼ਖਸੀਅਤ ਹਨ। ਉਹ ਬਹੁਗੁਣੀ ਅਤੇ ਸੋਹਣੀ ਦਿਖ ਅਤੇ ਸਲੀਕੇ ਵਾਲੇ ਨੇਤਾ ਹਨ। ਸਰਕਾਰ ਨੇ ਉਹਨਾਂ ਨੂੰ ਲੈਫੀਨੈਂਟ ਗਵਰਨਰ ਬਣਾ ਕੇ ਇਕ ਸਹੀ ਫੈਸਲਾ ਲਿਆ ਹੈ। ਇਹ ਪੰਜਾਬ ਅਤੇ ਜਲੰਧਰ ਵਾਸਤੇ ਵੀ ਮਾਣ ਵਾਲੀ ਗੱਲ ਹੈ। ਅਸੀਂ ਸ. ਇਕਬਾਲ ਸਿੰਘ ਅਤੇ ਉਹਨਾਂ ਦੇ ਪਰਿਵਾਰ ਅਤੇ ਮਿੱਤਰ ਮੰਡਲ ਨੂੰ ਇਸ ਸਨਮਾਨ ਤੇ ਦਿਲੀ ਵਧਾਈ ਪੇਸ਼ ਕਰਦੇ ਹਾਂ।

# ਤੇਰਾ ਸਿੰਘ ਚੰਨ

ਤੇਰਾ ਸਿੰਘ ਚੰਨ ਆਪਣੀ ਸੰਸਾਰ ਯਾਤਰਾ ਪੂਰੀ ਸ਼ਾਨ ਨਾਲ ਪੂਰੀ ਕਰ ਗਏ ਹਨ। ਪੁਰਾਣੇ ਸਮਿਆਂ ਦੇ ਲੋਕ ਜੋ ਆਪਣੀ ਪਾਰਟੀ, ਆਪਣੇ ਦੇਸ਼ ਅਤੇ ਲੋਕਾਂ ਨਾਲ ਪ੍ਰਤੀਬਧ ਹੁੰਦੇ ਸਨ ਚੰਨ ਜੀ ਓਹਨਾਂ ਲੋਕਾਂ ਵਿਚੋਂ ਸਨ। ਉਹ ਕਮਿਊਨਿਸਟ ਪਾਰਟੀ ਦੇ ਵੀ ਮਸਾਲੀ ਵਰਕਰ ਸਨ ਅਤੇ ਇਸ ਦੀ ਸਭਿਆਚਾਰਕ ਸੰਸਥਾ ਇਪਟਾ ਦੇ ਪੰਜਾਬ ਦੇ ਬਾਨੀ ਸਨ। ਉਹ ਯਾਦਗਾਰੀ ਓਪੇਰੇ ਲਿਖਦੇ ਅਤੇ ਖੇਡਦੇ। ਅਸੀਂ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਮੁੱਢਲੀ ਕਾਨਫਰੰਸ ਜਲੰਧਰ ਵਿਚ ਉਹਨਾਂ ਨੂੰ ਇਕ ਲੇਖਕ ਅਤੇ ਐਕਟਰ ਵਜੋਂ ਵੀ ਵੇਖਿਆ ਅਤੇ ਲੰਬਾ ਸਮਾਂ ਉਹਨਾਂ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਕਾਰਿੰਦੇ ਅਤੇ ਉਚ ਪਦਵੀਆਂ ਤੇ ਬਿਰਾਜਮਾਨ ਕਾਰਜ ਕਰਤਾ ਵਜੋਂ ਵੀ ਵੇਖਿਆ। ਅੱਜਕਲ ਦੇ ਲੀਡਰਾਂ ਦੇ ਆਮ ਵਰਤਾਰੇ ਤੋਂ ਉਲਟ ਉਹ ਅੰਦਰੋਂ ਬਾਹਰੋਂ ਇਕੋ ਜਿਹੇ ਸਮਰਪਤ ਸੱਜਣ ਸਨ। ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਲੰਧਰ ਵਿਚ ਆਯੋਜਿਤ ਸਿਲਵਰ ਜੁਬਲੀ ਕਾਨਫਰੰਸ ੧੯੬੧ ਇਕ ਸ਼ਾਨਾ ਮੱਤਾ ਯਾਦਗਾਰੀ ਆਯੋਜਨ ਸੀ। ਉਸ ਸਮਾਗਮ ਨਾਲ ਅਸੀਂ ਨੇੜਿਓਂ ਜੁੜੇ ਹੋਏ ਸੀ। ਉਸ ਸਮਾਗਮ ਵਿਚ ਸਨਮਾਨਿਤ ਸਿਖਰਲੇ ਬਜ਼ੁਰਗ ਲੇਖਕਾਂ ਵਿਚ ਚੰਨ ਜੀ ਦਾ ਸ਼ਾਮਲ ਹੋਣਾ ਲੋਕ ਮਨਾਂ ਵਿਚ ਉਹਨਾਂ ਦੇ ਸਤਿਕਾਰ ਦਾ ਸਬੂਤ ਹੈ। ਅਸੀਂ ਚੰਨ ਜੀ ਦੇ ਮਿੱਤਰਾਂ ਪਰਸੰਸਕਾਂ ਅਤੇ ਪਰਿਵਾਰ ਵਿਸ਼ੇਸ਼ ਕਰਕੇ ਉਹਨਾਂ ਦੀ ਸਪੁੱਤਰੀ ਪ੍ਰ. ਸੁਲੇਖਾ ਅਤੇ ਦਾਮਾਦ ਡਾ. ਰਘਬੀਰ ਸਿੰਘ ਸਿਰਜਣਾ ਦੇ ਦੁੱਖ ਵਿਚ ਸ਼ਾਮਲ ਹਾਂ।

# ਇਹ ਅੰਕ

ਵਰਿਆਮ ਦਾ ਇਹ ਅੰਕ ਅਗਸਤ ੨੦੦੯ ਮਹੀਨੇ 'ਚ ਆ ਰਿਹਾ ਹੈ। ਜਦੋਂ ਇਹ ਸੱਤਰਾਂ ਲਿਖੀਆਂ ਜਾ ਰਹੀਆਂ ਹਨ। ਚਿਰਾਂ ਤੋਂ ਉਡੀਕਦੇ ਮੀਂਹ ਨੇ ਬਸ ਬਸ ਕਰਵਾ ਦਿੱਤੀ ਹੈ। ਸਾਵਣ ਵਿਚ ਮੀਂਹ ਦਾ ਸੁਆਗਤ ਹੈ। ਮੀਂਹ ਤੋਂ ਬਾਦ ਚੁਮਾਸੇ ਦੀ ਗਰਮੀ ਲੋਕਾਂ ਦਾ ਭਾਗ ਹੈ। ਇਸ ਅੰਕ ਵਿਚ ਬਹੁਤ ਮੁਲਵਾਨ ਰਚਨਾਵਾਂ ਹਨ। ਗੁਲਜ਼ਾਰ ਸਿੰਘ ਸੰਧੂ ਦੀ ਸੰਤਾਲੀ ਦੀ ਰਾਵੀ ਸੰਨ ੧੯੪੭ ਦੇ ਅਗਸਤ ਮਹੀਨੇ ਵਿਚ ਵਾਪਰੇ ਘੱਲੂਘਾਰੇ ਦੀ ਮੁੜ ਦੁਹਰਾਈ ਯਾਦ ਹੈ। ਸੁਵਰਨ ਸਿੰਘ ਵਿਰਕ ਸਦਾ ਵਾਂਗ ਹੀ ਇਤਿਹਾਸ ਦੀ ਤੈਹਾਂ ਫਰੋਲ ਕੇ ਸੂਬਾ ਸੁੱਧ ਸਿੰਘ ਨੂੰ ਪ੍ਰਕਾਸ਼ਮਾਨ ਕੀਤਾ ਹੈ। ਕਈ ਭਾਸ਼ਾਵਾਂ ਦੇ ਵਿਦਵਾਨ ਡਾ. ਨਰੇਸ਼ ਹੋਰਾਂ ਡਾ. ਇਕਬਾਲ ਤੇ ਇਕ ਵਿਦਵਤਾ ਭਰਪੂਰ ਲੇਖ ਹੈ। ਸਾਡੇ ਪਰਮਹਿਤੂ ਅਤੇ ਪਿਆਰ ਕਰਨ ਵਾਲੇ ਪ੍ਰਸਿੱਧ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਨਵੀਂ ਰੋਸ਼ਨੀ ਵਾਲਾ ਲੇਖ ਭੇਜ ਕੇ ਵਰਿਆਮ ਨੂੰ ਨਵਾਜਿਆ ਹੈ। ਸਾਡੇ ਪਾਕਿਸਤਾਨ ਵਾਲੇ ਮਿੱਤਰ-ਮਲਿਕ ਮੁਹੰਮਦ ਨਈਮ ਆਵਾਨ ਦੀ ਵਿਦਵਤਾ ਤੋਂ ਵਰਿਆਮ ਦੇ ਪਾਠਕ ਉਹਨਾਂ ਦੀਆਂ ਛਪਦੀਆਂ ਚਿੱਠੀਆਂ ਤੋਂ ਤਾਂ ਵਾਕਫ਼ ਹਨ। ਉਹਨਾਂ ਇਸ ਵਾਰ ਸਿੱਖ ਸਮਾਜ ਦੇ ਪ੍ਰਸਿੱਧ ਵਿਦਵਾਨ ਪ੍ਰੋ. ਸਾਹਿਬ ਸਿੰਘ ਜੀ ਤੇ ਇਕ ਮਿਹਨਤ ਨਾਲ ਲਿਖਿਆ ਲੇਖ ਭੇਜਿਆ ਹੈ ਜੋ ਪਾਠਕ ਪੜ੍ਹਨਗੇ। ਆਵਾਨ ਸਾਹਿਬ ਦੀ ਜਦੋਂ ਤਸਵੀਰ ਪ੍ਰਾਪਤ ਹੋਈ ਉਦੋਂ ਉਹਨਾਂ ਦੇ ਦਰਸ਼ਨ ਕਰਵਾਏ ਜਾਣਗੇ। ਇਕ ਗੱਲ ਪਾਠਕਾਂ ਨੂੰ ਦਸ ਦਈਏ ਕਿ ਉਹਨਾਂ ਦੀ ਲਿਖਾਵਟ ਗੁਰਮੁਖੀ, ਦੇਵਨਾਗਰੀ, ਉਰਦੂ, ਅੰਗਰੇਜ਼ੀ ਦੀ ਅਜਿਹੀ ਸੁੰਦਰ ਹੁੰਦੀ ਹੈ ਕਿ ਲੱਗਦਾ ਹੈ ਇਹ ਕੰਪਿਊਟਰ 'ਚੋਂ ਨਿਕਲੀ ਹੈ ਪਰ ਸਾਰਾ ਹੱਥ ਦਾ ਹੀ ਕਮਾਲ ਹੁੰਦਾ ਹੈ ਅਤੇ ਅਧਿਐਨ (ਮੁਤਾਲਿਆ) ਵੀ ਓਹਨਾਂ ਦਾ ਡੂੰਘਾ ਹੈ। ਬਲਬੀਰ ਕੌਰ ਜੀ ਨੇ ਦਿਲ ਵਿਚ ਸਾਂਭ ਕੇ ਰੱਖੇ ਯਾਦਾਂ ਦੇ ਖਜ਼ਾਨੇ ਨੂੰ ਸ. ਸਾਧੂ ਸਿੰਘ ਕਿਸਾਨ ਦੇ ਕਹਿਣ ਤੇ ਕਲਮੀ ਰੂਪ ਦਿੱਤਾ ਹੈ ਇਸ ਮਹੀਨੇ ਨਾਲ ਸਬੰਧਤ ਇਤਿਹਾਸ ਦਾ ਪਰਤੌ ਉਸ ਵਿਚ ਹੈ। ਅਨੇਕਾਂ ਲੋਕਾਂ ਕੋਲ ਅਜਿਹੀਆਂ ਯਾਦਾਂ ਹਨ ਪਰ ਸਾਰੇ ਕਾਗਜ਼ ਤੇ ਉਤਾਰਨ ਦੇ ਸਮਰੱਥ ਨਹੀਂ। ਪਾਠਕਾਂ ਨੂੰ ਬੇਨਤੀ ਹੈ ਕਿ ਵਰਿਆਮ ਵਿਚ ਛੱਪਦੀ ਸਾਮਗਰੀ ਬਾਰੇ ਆਪਣੀ ਰਾਇ ਤੇ ਸੁਝਾਓ ਲਿਖਤੀ ਰੂਪ ਵਿਚ ਜ਼ਰੂਰ ਭੇਜਿਆ ਕਰਨ।

*—ਜਗਦੀਸ਼ ਸਿੰਘ ਵਰਿਆਮ*


Namdhari Elibrary NamdhariElibrary@gmail.com

# ਸੰਤਾਲੀ ਦੀ ਰਾਵੀ

*—ਗੁਲਜ਼ਾਰ ਸਿੰਘ ਸੰਧੂ*



ਮੇਰੇ ਗੁਆਂਢੀ ਬਾਲਕ੍ਰਿਸ਼ਨ ਘੁੰਮਣ ਦੇ ਮਾਤਾ ਜੀ ਦੇ ਭੋਗ ਸਮੇਂ ਉਨ੍ਹਾਂ ਦੇ ਪਿਤਾ ਦੀ ਲਿਖੀ ਅੱਧੀ ਸਦੀ ਪੁਰਾਣੀ ਡਾਇਰੀ ਦਾ ਪਤਾ ਲੱਗਿਆ। ਇਸ ਵਿਚ ਸੰਨ ਸੰਤਾਲੀ ਦੀ ਵੰਡ ਦੇ ਦਿਨਾਂ ਦੀਆਂ ਮਾਰਮਿਕ ਘਟਨਾਵਾਂ ਦਰਜ ਹਨ। ੧੮ ਅਗਸਤ ਤੋਂ ੩੧ ਅਗਸਤ ਤੱਕ ਦੀਆਂ ਹੌਲਨਾਕ ਵਾਰਦਾਤਾਂ ਤੇ ਮਨੁੱਖੀ ਕਾਰੇ। ਏਧਰ ਦੇ ਹਿੰਦੂ, ਸਿੱਖਾਂ ਵੱਲੋਂ ਗਰੀਬ ਤੇ ਲਾਚਾਰ ਮੁਸਲਮਾਨਾਂ ਉਤੇ ਢਾਏ ਜ਼ੁਲਮਾਂ ਦੀ ਮੂੰਹ ਬੋਲਦੀ ਤਸਵੀਰ।

੧੮ ਤੋਂ ੨੦ ਅਗਸਤ ਤੱਕ ਡੇਰਾ ਬਾਬਾ ਨਾਨਕ, ਪਖੋਕੀ, ਸਰਾਏ ਮੌਜਾ ਤੇ ਮੁੱਦਿਵਾਲ ਦੇ ਮੁਸਲਮਾਨ ਆਪਣੇ ਘਰ ਛੱਡ ਕੇ ਚਲੇ ਜਾਂਦੇ ਹਨ ਤੇ ਉਨ੍ਹਾਂ ਦਾ ਸਾਰਾ ਸਾਮਾਨ ਤੇ ਮਾਲ ਢਾਂਡਾ ਨੇੜੇ-ਤੇੜੇ ਦੇ ਹਿੰਦੂ ਲਈ ਜਾ ਰਹੇ ਹਨ। ੨੧ ਅਗਸਤ ਨੂੰ ਇਸੇ ਤਰ੍ਹਾਂ ਦੀ ਮਾਰਕੁੱਟ ਤੇ ਲੁੱਟ-ਖਸੁੱਟ ਖੰਨਾ ਤੇ ਸ਼ੇਜ਼ਾਦਾ ਪਿੰਡਾਂ ਵਿਚ ਹੋਈ ਲਿਖੀ ਹੈ। ੨੨ ਅਗਸਤ ਨੂੰ ਬੇਹੱਦ ਵਰਖਾ ਦੇ ਬਾਵਜੂਦ ਧਰਮਕੋਟ, ਸ਼ੇਜ਼ਾਦਾ ਤੇ ਰੱਤੜ ਛੱਤੜ ਪਿੰਡਾਂ ਦੇ ਪਿੰਡ ਸੜ ਰਹੇ ਹਨ ਤੇ ਆਲੇ-ਦੁਆਲੇ ਦੇ ਲੋਕ ਨਵਾਰੀ ਪਲੰਘ, ਪੇਟੀਆਂ, ਬਿਸਤਰੇ, ਰਜ਼ਾਈਆਂ, ਕੱਪੜਾ ਲੀੜਾ ਤੇ ਗਹਿਣੇ ਗੱਡਿਆਂ ਉੱਤੇ ਲੱਦ ਕੇ ਆਪਣੇ ਘਰਾਂ ਨੂੰ ਲਿਜਾ ਰਹੇ ਹਨ। ਘੋੜੀਆਂ ਤੇ ਲਵੇਰੇ ਵੀ। ਬੱਚੇ ਬੁੱਢੇ ਸਭ ਇਸ ਕੰਮ ਲੱਗੇ ਹੋਏ ਹਨ। ਰੱਤਾ, ਖੋਦੇ, ਮੰਗੀਆਂ ਤੇ ਮੇਘਾ ਪਿੰਡਾਂ ਦੇ ਲੋਕ ਰਾਵੀ ਪਾਰ ਦੇ ਪਿੰਡਾਂ ਬੇਟਰਕੀ, ਗੰਨੀਆ, ਹਾਜੀਕੇ ਤੇ ਘੋੜੇਵਾਲਾ ਹੋ ਕੇ ਆਏ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਓਧਰ ਵੀ ਪਿੰਡਾਂ ਦੇ ਪਿੰਡ ਅੱਗ ਦੀ ਲਪੇਟ ਵਿਚ ਹਨ। ੨੩ ਅਗਸਤ ਨੂੰ ਏਧਰ ਵੱਡੋ ਪਿੰਡ, ਕਠਾਰ, ਮੀਆਂ ਬੇਟ, ਤਲਵੰਡੀ ਰਾਮਾ ਵੀ ਅੱਗ ਦੀ ਭੇਟ ਕਰ ਦਿੱਤੇ ਗਏ ਸਨ। ਸ਼ੇਖ ਮੀਰ ਮੁਹੰਮਦ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਕੇਵਲ ਸ਼ਿਕਾਰ ਤੇ ਕਲਾਨੌਰ ਵਾਲੇ ਮੁਸਲਮਾਨ ਮਿਲਟਰੀ ਦੀ ਮਦਦ ਨਾਲ ਬਚ ਕੇ ਜਾ ਰਹੇ ਹਨ ਪਰ, ਉਨ੍ਹਾਂ ਦੇ ਗੰਨੇ ਪੀੜਨ ਵਾਲੇ ਵੇਲਣੇ ਤਾਂ ਕੀ ਖੂਹਾਂ ਦੇ ਪਾਣੀ ਕੱਢਣ ਵਾਲੇ ਹਲਟ ਵੀ ਗੱਡਿਆਂ ਉੱਤੇ ਲੱਦ ਕੇ ਲਿਜਾਏ ਜਾ ਰਹੇ ਹਨ।

੨੪ ਅਗਸਤ ਦੀਆਂ ਵਾਰਦਾਤਾਂ ਵਿਚ ਈਸਾਈਆਂ ਦੇ ਘਰ ਪਨਾਹ ਲੈ ਰਹੇ ਠਾਣੇਦਾਰ ਸ਼ਾਹ ਹੁਸੈਨ ਦੇ ਕਤਲ ਤੇ ਪਿੰਡ ਸ਼ਾਹਪੁਰ ਹਾਜੀ ਤੇ ਭੋਲੇ ਦਾਤੇ ਦੇ ਮੁਸਲਮਾਨਾਂ ਦੀ ਮੌਜ਼ਾ ਘੋਨੇ ਦੋਸ਼ਾਂ ਦੇ ਲੋਕਾਂ ਵੱਲੋਂ ਲੁੱਟ-ਖਸੁੱਟ ਤੇ ਔਰਤਾਂ ਦੇ ਅਗਵਾ ਕੀਤੇ ਜਾਣ ਦੀਆਂ ਦਿਲ ਕੰਬਾਊ ਗੱਲਾਂ ਦਰਜ ਹਨ। ਅਗਲੇ ਦਿਨ ਦੀ ਡਾਇਰੀ ਵਿਚ ਏਧਰਲੇ ਲੋਕਾਂ ਦੇ ਘਰੀਂ ਬੈਠੀਆਂ ਲਾਚਾਰ ਤੇ ਬੇਸਹਾਰਾ ਔਰਤਾਂ ਦਾ ਵੇਰਵਾ ਹੈ। ਕਿਸ ਦੇ ਘਰ ਕਿੰਨੀਆਂ ਬੈਠੀਆਂ ਹਨ। ਇਹ ਵੀ ਕਿ ਕੁਝ ਔਰਤਾਂ ਕਮਾਦ ਦੇ ਖੇਤਾਂ ਤੇ ਸ਼ਾਹਪੁਰ ਵਾਲੀ ਸੜਕ ਤੋਂ ਮਿਲੀਆਂ ਹਨ। ਉਨ੍ਹਾਂ ਦੇ ਬੱਚੇ ਵੀ ਉਨ੍ਹਾਂ ਨੂੰ ਮਿਲਣ ਨਹੀਂ ਆਏ। ਜਦੋਂ ਖੋਦੇ ਬੇਟ ਦੇ ਗੁੱਜਰ, ਪਿੰਡ ਵਾਲਿਆਂ ਦੇ ਕਹਿਣ ਨੂੰ ਅਣਸੁਣਿਆ ਕਰਕੇ ਰਾਵੀ ਪਾਰ ਕਰਨ ਲੱਗਦੇ ਹਨ ਤਾਂ ਲੁੱਟੇ ਜਾਂਦੇ ਹਨ। ਕਿਧਰੇ ਕਿਧਰੇ ਰਾਵੀ ਪਾਰ ਤੋਂ ਆ ਰਹੀਆਂ ਅਫਵਾਹਾਂ ਤੇ ਖਬਰਾਂ ਵੀ ਦਰਜ ਹਨ। ਉਧਰੋਂ ਏਧਰ ਨੂੰ ਆ ਰਹੇ ਲੋਕਾਂ ਦੀ ਲੁੱਟ-ਖਸੁੱਟ ਅਤੇ ਅਗਵਾਕਾਰੀ ਦੀਆਂ ਗੱਲਾਂ।

ਹਰ ਮਿਤੀ ਦੀ ਡਾਇਰੀ ਕੁਝ ਏਸੇ ਤਰ੍ਹਾਂ ਦੇ ਵਾਕਾਂ ਨਾਲ ਖਤਮ ਹੁੰਦੀ ਹੈ: ਕੁੱਲ ਦੁਨੀਆ ਰੱਬ ਦੇ ਦਰ ਉਤੇ ਬੈਠੀ ਹੈ। ਮਾਲਕ ਖੁਦਾ ਹੀ ਮਿਹਰ ਕਰੇ! ਪਰਮਾਤਮਾ ਤਰਸ ਕਰੇ ਤੇ ਜਾਨ ਬਖਸ਼ੀ ਹੋ ਜਾਏ।

੨੬ ਅਗਸਤ ਦੇ ਵੇਰਵਿਆਂ ਵਿਚ ਉਧਰੋਂ ਆਏ ਜੱਟ ਸਿੱਖ ਏਧਰ ਸਾੜੇ ਜਾ ਚੁੱਕੇ ਪਿੰਡਾਂ ਵਿਚ ਟਿਕਾਣਾ ਲੱਭ ਰਹੇ ਹਨ। ਉਹ ਕਿਸੇ ਪੂਰੇ ਦੇ ਪੂਰੇ ਪਿੰਡ ਉਤੇ ਕਬਜ਼ਾ ਕਰਨਾ ਚਾਹੁੰਦੇ ਹਨ। ਮਿਲਟਰੀ ਵੀ ਮਦਦ ਉਤੇ ਆ ਚੁੱਕੀ ਹੈ। ਪਰ ਕੀ ਜਾਣੀਏ ਕੁਦਰਤ ਨੂੰ ਕੀ ਮਨਜ਼ੂਰ ਹੈ ਤੇ ਅੱਲਾ ਮੀਆਂ ਦਾ ਕੀ ਪ੍ਰੋਗਰਾਮ ਹੈ। ਦੋਵਾਂ ਪਾਸਿਆਂ ਦੀ ਮਿਲਟਰੀ ਪੱਖਪਾਤੀ ਰੋਲ ਅਦਾ ਕਰ ਰਹੀ ਹੈ। ੨੭ ਅਗਸਤ ਦੀ ਲੁੱਟ-ਮਾਰ, ਗਾਰਤਗਰੀ, ਅਗਵਾਕਾਰੀ, ਅੱਗਜ਼ਨੀ ਬੱਚੇ-ਬੁੱਢਿਆਂ ਤੇ ਔਰਤਾਂ ਦੇ ਕਤਲ ਤੋਂ ਪਿੱਛੋਂ ਛੋਟੇ ਛੋਟੇ ਬੱਚਿਆਂ ਦੇ ਰੋਣ ਧੋਣ ਤੇ ਚੀਕਾਂ ਦੀ ਆਵਾਜ਼ ਫਸਲਾਂ ਵਿਚੋਂ ਆ ਰਹੀ ਹੈ। ਇਨ੍ਹਾਂ ਬੱਚਿਆਂ ਵਿਚ ਉਹ ਦੁੱਧ ਪੀਂਦੇ ਬਾਲਕ ਵੀ ਹਨ ਜਿਨ੍ਹਾਂ ਦੀਆਂ ਮਾਵਾਂ ਨੂੰ ਅਗਵਾ ਕਰਨ ਵਾਲਿਆਂ ਨੇ ਉਨ੍ਹਾਂ ਦੀ ਗੋਦ ਵਿਚੋਂ ਖੋਹ ਕੇ ਖੇਤਾਂ ਵਿਚ ਸੁੱਟ ਦਿੱਤਾ ਹੈ। ਮੋਹਲੇਧਾਰ ਮੀਂਹ ਦਾ ਜ਼ੋਰ ਤੇ ਔਰਤਾਂ ਦਾ ਰੋਣ ਕੁਰਲਾਉਣ ਦੂਰ ਤੱਕ ਸੁਣਾਈ ਦੇ ਰਿਹਾ ਹੈ।

ਚੌਧਰੀ ਕਰਤਾਰ ਸਿੰਘ ਦੀ ਡਾਇਰੀ ੩੧ ਅਗਸਤ ਤਕ ਏਸ ਤਰ੍ਹਾਂ ਦੀਆਂ ਹੋਰ ਵਾਰਦਾਤਾਂ ਦਾ ਵੇਰਵਾ ਦੇ ਕੇ ਡੇਰਾ ਬਾਬਾ ਨਾਨਕ ਦੇ ਇਲਾਕੇ ਵਿਚ ਸੜ ਰਹੀਆਂ ਲਾਸ਼ਾਂ ਦੀ ਬਦਬੂ ਤੇ ਗੰਦਗੀ ਉਤੇ ਖਤਮ ਹੋ ਜਾਂਦੀ ਹੈ ਜਦੋਂ ਮਿਲਟਰੀ ਦੇ ਟਰੱਕ ਖੌਫਜ਼ਦਾ ਤੇ ਬੇਸਹਾਰਾ ਮੁਸਲਮਾਨਾਂ ਨੂੰ ਲੈਣ ਲਈ ਪਹੁੰਚ ਜਾਂਦੇ ਦੱਸੇ ਗਏ ਹਨ।

ਏਥੇ ਡਾਇਰੀ ਦਾ ਸੰਖੇਪ ਜਿਹਾ ਸਾਰ ਹੀ ਦਿੱਤਾ ਗਿਆ



Namdhari Elibrary NamdhariElibrary@gmail.com

ਹੈ। ਇਸ ਤੋਂ ਪਾਠਕ ਜਾਣ ਸਕਦੇ ਹਨ ਕਿ ਉਸ ਹਨੇਰਗਰਦੀ ਵਿਚ ਸਟੇਸ਼ਨ ਮਾਸਟਰ ਦੀ ਪਦਵੀ 'ਤੇ ਰਸੂਖ ਵਾਲਾ ਕੋਈ ਚੌਧਰੀ ਵੀ ਕਿੰਨਾ ਲਾਚਾਰ ਸੀ। ਮੁਸਲਮਾਨਾਂ ਪ੍ਰਤੀ ਉਸ ਦੀ ਹਮਦਰਦੀ ਦਾ ਕੋਈ ਅਰਥ ਨਹੀਂ ਸੀ। ਰੱਬ ਅੱਗੇ ਕੀਤੀਆਂ ਦੁਆਵਾਂ ਤਕ ਬੇਅਰਥ ਸਨ।

ਮੈਂ ਇਹ ਦਿਨ ਖੁਦ ਵੀ ਤੱਕੇ ਹਨ। ਇਨ੍ਹਾਂ ਬਾਰੇ ਬਹੁਤ ਕੁਝ ਪੜ੍ਹਿਆ ਹੈ। ਪਰ ਜੋ ਮਾਰਮਿਕਤਾ ਚੌਧਰੀ ਦੀ ਡਾਇਰੀ ਵਿਚ ਸੀ ਉਸ ਦਾ ਦੂਜਾ ਰੂਪ ਜਗਦੀਸ਼ ਸਿੰਘ ਵਰਿਆਮ ਦੀ ਆਪ ਬੀਤੀ 'ਖਿਲਰੇ ਪੱਤਰੇ' ਵਿਚ ਦੇਖਣ ਨੂੰ ਮਿਲਿਆ। ਜਿਥੇ ਕਿ ਡਾਇਰੀ ਵਿਚ ਏਧਰ ਦੇ ਮੁਸਲਮਾਨਾਂ ਦਾ ਓਧਰ ਜਾਣ ਵਾਸਤੇ ਰਾਵੀ ਤੱਕ ਦਾ ਸਫ਼ਰ ਸੀ, ਵਰਿਆਮ ਦੀ ਪੁਸਤਕ ਵਿਚ ਉਧਰੋਂ ਆਉਣ ਵਾਲੇ ਹਿੰਦੂ-ਸਿੱਖਾਂ ਦਾ ਰਾਵੀ ਤਕ ਪਹੁੰਚਣ ਦਾ ਵਰਨਣ ਹੈ।

ਇਹ ਕਾਫਲਾ ਵਰਿਆਮ ਦੇ ਆਪਣੇ ਪਿੰਡ ਢੇ ਤੋਂ ਤੁਰਿਆ ਸੀ। ਤੁਰਨ ਤੋਂ ਪਿੱਛੋਂ ਇਹ ਵੱਡੇ ਤੋਂ ਵੱਡਾ ਹੋਈ ਜਾ ਰਿਹਾ ਸੀ। ਬੱਚਿਆਂ, ਬੁੱਢਿਆਂ ਤੇ ਔਰਤਾਂ ਦਾ ਲੰਮਾ ਜਲੂਸ। ਮੌਤ ਦੇ ਚੱਕਰਵਿਊ 'ਚੋਂ ਰਾਹ ਬਣਾਉਂਦੇ ਹਜ਼ਾਰਾਂ ਲੱਖਾਂ ਲੋਕ ਬੇਘਰੇ ਹੋ ਤੁਰੇ ਜਾ ਰਹੇ ਸਨ। ਇਹ ਸਾਰੇ ਦਾ ਸਾਰਾ ਜਲੂਸ ਵੱਢਿਆ ਵੀ ਜਾ ਸਕਦਾ ਸੀ ਪਰ ਫੇਰ ਵੀ ਚੱਲ ਰਿਹਾ ਸੀ। ਇਕ ਪਿੰਡ ਦੇ ਲੋਕ ਮਹਾਰਾਜ ਦੀ ਦੇਹ ਸਿਰ ਉਤੇ ਚੁੱਕ ਕੇ ਖੂਹ ਵੱਲ ਭੱਜਦੇ ਵੀ ਦੇਖੇ ਗਏ। ਦੁਸ਼ਮਣ ਹੱਥਾਂ ਦੀ ਬੇਪਤੀ ਤੋਂ ਪਹਿਲਾਂ ਹੀ ਜਲਪ੍ਰਵਾਹ ਕਰਨ ਲਈ। ਪਿੰਡਾਂ ਦੇ ਲੋਕ ਏਸ ਤਰ੍ਹਾਂ ਦੇਖ ਰਹੇ ਸਨ ਜਿਵੇਂ ਕੋਈ ਤਮਾਸ਼ਾ ਦੇਖਦਾ ਹੈ। ਉਨ੍ਹਾਂ ਵਿਚ ਇਕ ਪਿੰਡ ਦਾ ਉਹ ਇਮਾਮ ਵੀ ਸੀ ਜਿਹੜਾ ਕਤਲ ਕਰਨ ਤੇ ਮਾਲ ਲੁੱਟਣ ਲਈ ਪ੍ਰਸਿੱਧ ਸੀ। ਉਹ ਵੀ ਸਾਹਮਣੇ ਖੜ੍ਹਾ ਦੇਖ ਰਿਹਾ ਸੀ। ਏਨਾ ਜ਼ਿਆਦਾ ਸਾਜ਼ੋ ਸਾਮਾਨ ਤੇ ਬੰਦੇ ਉਸ ਨੇ ਕਦੀ ਦੇਖੇ ਹੀ ਨਹੀਂ ਸਨ। ਲੁੱਟਣ ਵਾਲਾ ਪਿੰਡਾਂ ਵਿਚ ਪਿੱਛੇ ਰਹਿ ਗਈ ਏਨੀ ਜ਼ਿਆਦਾ ਨਕਦੀ, ਗਹਿਣੇ, ਕੱਪੜੇ, ਜ਼ਮੀਨਾਂ, ਮਾਲ ਡੰਗਰ ਤੇ ਬਾਲੇ ਕੜੀਆਂ ਨੂੰ ਕੀ ਕਰੇਗਾ। ਸਭ ਤੁਰੇ ਜਾ ਰਹੇ ਸਨ। ਗੋਹੇ ਮੂਤਰ ਦੀਆਂ ਛੱਪੜੀਆਂ ਦਾ ਪਾਣੀ ਪੀ ਪੀ ਤੁਰ ਰਹੇ ਸਨ। ਔਰਤਾਂ ਨੂੰ ਘੁੰਡ ਕੱਢਣ ਦੀ ਸਾਰ ਭੁੱਲ ਚੁੱਕੀ ਸੀ। ਉਹ ਕੁੜੀਆਂ ਜਿਨ੍ਹਾਂ ਦੇ ਰਿਸ਼ਤੇ ਤੈਅ ਹੋ ਚੁੱਕੇ ਸਨ ਬਗੈਰ ਕਿਸੇ ਰਸਮ ਦੇ ਸਹੁਰਿਆਂ ਨੂੰ ਸੌਂਪ ਦਿੱਤੀਆਂ ਸਨ, 'ਆਹ ਲਵੋ ਆਪਣੀ ਚੀਜ਼ ਆਪ ਹੀ ਸਾਂਭੋ।' ਸੜਕ 'ਤੇ ਤੁਰੇ ਜਾਂਦਿਆਂ ਨਵੇਂ ਬੱਚਿਆਂ ਵੀ ਜਨਮ ਲਿਆ। ਔਰਤਾਂ ਪਰਦਾ ਜਿਹਾ ਕਰਕੇ ਜਣੇਪਾ ਕਰਵਾ ਲੈਂਦੀਆਂ।

ਜੇ ਕਿਧਰੇ ਕਿਸੇ ਹੀਲੇ ਰੋਟੀ ਮਿਲ ਜਾਂਦੀ ਤਾਂ ਅੰਮ੍ਰਿਤ ਦਾ ਰੂਪ ਜਾਪਦੀ। ਵਰਿਆਮ ਦੇ ਲਿਖਣ ਅਨੁਸਾਰ ਜਿਹੜੀ ਰੋਟੀ ਪਿਤਾ ਜੀ ਟਪਿਆਲੇ ਵਾਲੀ ਮਾਸੀ ਦੇ ਘਰੋਂ ਲੈ ਕੇ ਆਏ ਸਨ, ਉਸ ਦੀ ਮਹਿਕ ਅੱਜ ਵੀ ਨਾਲ ਤੁਰੀ ਆਉਂਦੀ ਹੈ। ਉਸ ਪਿੰਡ ਤੋਂ ਮਾਸੀ ਦਾ ਪਰਿਵਾਰ ਵੀ ਕਾਫਲੇ ਦੇ ਨਾਲ ਹੋ ਤੁਰਿਆ ਅਤੇ ਸਾਰੇ ਦਾ ਸਾਰਾ ਕਾਫਲਾ ਨਾਰੋਵਾਲ ਆ ਕੇ ਰੁੱਕ ਗਿਆ। ਪਿੰਡ ਦੇ ਬਾਹਰਵਾਰ ਸੜਕ ਉਤੇ। ਉਸ ਦਿਨ ਦੜਪ ਦੇ ਇਲਾਕੇ ਦੀ ਕੁੱਲ ਹਿੰਦੂ ਸਿੱਖ ਆਬਾਦੀ ਸੜਕ 'ਤੇ ਬੈਠੀ ਸੀ। ਅਫਵਾਹਾਂ ਅਨੁਸਾਰ ਰਾਵੀ ਪਾਰ ਦੀ ਮੁਸਲਮਾਨ ਵੱਸੋਂ ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਬੈਠੀ ਸੀ।

ਨਾਰੋਵਾਲ, ਸਿਆਲਕੋਟ ਜ਼ਿਲ੍ਹੇ ਦੀ ਤਹਿਸੀਲ ਸੀ। ਇਹ ਮਸ਼ਹੂਰ ਕਸਬਾ ਸੀ ਸ਼ਹਿਰ ਵਰਗਾ ਰੇਲਵੇ ਸਟੇਸ਼ਨ ਤੇ ਸਕੂਲਾਂ ਵਾਲਾ। ਕਾਫਲੇ ਦੇ ਲੋਕਾਂ ਨੂੰ ਏਥੇ ਪਹਿਲੀ ਵਾਰ ਪੁਲੀਸ ਦੇ ਦਰਸ਼ਨ ਹੋਏ। ਇਹ ਕਾਫਲਾ ਦੋ ਤਿੰਨ ਦਿਨ ਏਥੇ ਹੀ ਰੁਕਿਆ ਰਿਹਾ। ਏਥੇ ਕੀ ਹੋਇਆ, ਇਸ ਦਾ ਵਰਣਨ ਲੇਖਕ ਦੇ ਸ਼ਬਦਾਂ ਵਿਚ ਕਿਤੇ ਕਿਤੇ :

"ਅਗਲੇ ਦਿਨ ਬਹੁਤ ਭਾਰੀ ਮੀਂਹ ਪਿਆ। ਮੋਹਲਾਧਾਰ ਬਾਰਸ਼। ਅਸੀਂ ਸੜਕ 'ਤੇ ਬੈਠੇ ਸਾਂ। ਬਚਾਅ ਵਾਸਤੇ ਜੋ ਕੱਪੜੇ ਸਨ, ਉਹ ਭਿੱਜ ਚੁੱਕੇ ਸਨ। ਸਾਰੇ ਟੱਬਰ ਦੇ ਉਤੇ ਇਕ ਚਾਦਰ ਤੰਬੂ ਵਾਂਗ ਤਾਣੀ ਹੋਈ ਸੀ। ਉਸ ਵਿਚੋਂ ਜਦੋਂ ਪਾਣੀ ਜ਼ਿਆਦਾ ਚੋਣ ਲੱਗਦਾ ਤਾਂ ਉਸ ਨੂੰ ਨਿਚੋੜ ਲਿਆ ਜਾਂਦਾ ਤੇ ਮੁੜ ਉਪਰ ਤਾਣ ਲਈ ਜਾਂਦੀ। ਬਾਕੀ ਲੋਕਾਂ ਦਾ ਵੀ ਇਹੋ ਹੀ ਹਾਲ ਸੀ।

"ਵੱਡੇ ਵੱਡੇ ਰਈਸ ਜਾਗੀਰਦਾਰ, ਅਫਸਰ, ਸਫੈਦਪੋਸ਼, ਧਨਾਢ, ਸਾਹਿਬ ਬਹਾਦਰ ਇਕ ਸੜਕ 'ਤੇ ਬੈਠੇ ਮੀਂਹ ਨਾਲ ਭਿੱਜ ਰਹੇ ਸਨ, ਸਾਡੇ ਵਾਂਗ। ਜ਼ਰਾ ਕੁ ਮੀਂਹ ਬੰਦ ਹੋਇਆ ਤਾਂ ਨਾਰੋਵਾਲ ਰੋਡ ਦੀ ਚਿੱਕੜ ਭਰੀ ਸੜਕ ਉਤੇ ਕਿਸੇ ਤਰ੍ਹਾਂ ਅੱਗ ਬਾਲ ਕੇ ਚੌਲਾਂ 'ਚ ਗੁੜ ਪਾ ਕੇ ਤਪਾਏ ਗਏ। ਇਕ ਤੌਲੀਆ ਸੜਕ 'ਤੇ ਵਿਛਾਇਆ ਗਿਆ ਅਤੇ ਉਸ ਉਤੇ ਗੁੜ ਵਾਲੇ ਮਿੱਠੇ ਗਰਮ ਗਰਮ ਚੌਲ ਵਿਛਾਏ ਗਏ। ਇਹ ਸਾਡਾ ਦਸਤਰਖੁਆਨ ਸੀ। ਸਾਰਿਆਂ ਨੇ ਬੈਠ ਕੇ ਹੱਥਾਂ ਨਾਲ ਲੱਪਾਂ ਭਰ-ਭਰ ਉਹ ਚੌਲ ਖਾਧੇ। ਇਉਂ ਲੱਗਾ ਜਿਵੇਂ ਬਹੁਤ ਵੱਡੀ ਜ਼ਿਆਫ਼ਤ ਖਾਧੀ ਹੈ।

"ਨਾਰੋਵਾਲ ਤੋਂ ਕਾਫਲਾ ਚੱਲਿਆ ਤਾਂ ਇਹਨੂੰ ਸੜਕ ਤੋਂ ਨਾ ਲੰਘਾਇਆ ਗਿਆ। ਬਾਹਰੋ ਬਾਹਰ ਖੇਤਾਂ ਵਿਚੋਂ ਜਾਂ ਉਜਾੜਾਂ ਵਿਚੋਂ ਦੀ ਇਹ ਚੱਲ ਰਿਹਾ ਸੀ। ਜਿਵੇਂ ਜਿਵੇਂ ਮੀਂਹ ਦਾ ਪਾਣੀ ਆਪਣੀ ਮੌਜ ਨਾਲ ਜਿਧਰ ਮਰਜ਼ੀ ਤੁਰ ਜਾਂਦਾ ਹੈ ਉਵੇਂ ਹੀ ਸਾਡਾ ਕਾਫਲਾ ਵੀ ਜਿਸ ਪਾਸਿਓਂ ਰਾਹ ਲੱਭਦਾ ਓਧਰ ਹੀ ਚਲਿਆ ਜਾ ਰਿਹਾ ਸੀ। ਨਾਰੋਵਾਲ ਤੋਂ ਰਾਵੀ ਦਰਿਆ ਵੱਲ ਨੂੰ ਆਉਂਦਿਆਂ ਰਾਹ ਵਿਚ ਜੱਸੜ ਸਟੇਸ਼ਨ ਆਉਂਦਾ ਹੈ। ਜੱਸੜਾਂ ਦੀਆਂ ਉਜਾੜਾਂ ਵਿਚ ਹੀ ਇਹ ਕਾਫਲਾ, ਲੱਖਾਂ ਮਨੁੱਖਾਂ ਦਾ ਵਗਦਾ ਦਰਿਆ ਚਲਦਾ ਜਾ ਰਿਹਾ ਸੀ। ਉਪਰੋਂ ਮੀਂਹ ਪੈ ਰਿਹਾ ਸੀ। ਪਾਣੀ ਗਿੱਟੇ ਤੋਂ ਗੋਡੇ ਹੋ ਗਿਆ ਸੀ।



Namdhari Elibrary NamdhariElibrary@gmail.com

"ਲੱਖਾਂ ਮਨੁੱਖਾਂ ਦੀਆਂ ਲੱਤਾਂ ਨੇ ਖੇਤਾਂ ਦੀ ਮਿੱਟੀ ਦੀ ਘਾਣੀ ਬਣਾ ਦਿੱਤੀ ਸੀ। ਅਸੀਂ ਇਸ ਘਾਣੀ ਬਣੀ ਦਲਦਲ ਦੇ ਸਮੁੰਦਰ ਵਿਚ ਧਸੀਂਦੇ ਜਾ ਰਹੇ ਸਾਂ ਅਤੇ ਅੱਗੇ ਨੂੰ ਵੀ ਸਰਕ ਰਹੇ ਸਾਂ। ਜਿਲ੍ਹਣ ਦਾ ਇਹ ਸਾਗਰ ਡੂੰਘੇ ਤੋਂ ਡੂੰਘਾ ਹੋ ਰਿਹਾ ਸੀ। ਵਧਦਾ-ਵਧਦਾ ਇਹ ਲੱਕ-ਲੱਕ ਤੱਕ ਆ ਗਿਆ ਸੀ। ਸਿਰਾਂ 'ਤੇ ਟਰੰਕ, ਬੁਸ਼ਕੀਆਂ ਚੁੱਕੀ ਲੋਕ ਇਸ ਜਿਲ੍ਹਣ ਵਿੱਚੋਂ ਅੱਗੇ ਨੂੰ ਸਰਕ ਰਹੇ ਸਨ। ਇਥੇ ਕਈ ਮੁਰਦਾ ਸਰੀਰ ਵੀ ਵੇਖੇ। ਇਹ ਤਾਜ਼ਾ ਮਰੇ ਸਨ ਕਿ ਪੁਰਾਣੇ ਸਨ, ਇਸ ਵੱਲ ਧਿਆਨ ਨਹੀਂ ਸੀ। ਇਸ ਸਫਰ ਵਿਚ ਲੋਕ ਮਰ ਵੀ ਰਹੇ ਸਨ ਤੇ ਜੰਮ ਵੀ ਰਹੇ ਸਨ। ਲੋਕਾਂ ਦੇ ਸਿਰਾਂ ਦਾ ਭਾਰ ਹੁਣ ਜਾਨ ਦਾ ਖਓ ਬਣਨ ਲੱਗਾ। ਹੌਲੀ ਹੌਲੀ ਲੋਕਾਂ ਨੇ ਸਿਰਾਂ ਤੋਂ ਸਾਮਾਨ ਲਾਹ ਕੇ ਸੁੱਟਣਾ ਸ਼ੁਰੂ ਕੀਤਾ। ਜਾਨ ਹੈ ਤਾਂ ਜਹਾਨ ਹੈ। ਨਵੇਂ ਨਕੋਰ ਸਾਈਕਲ, ਟਰੰਕ, ਸਿਲਾਈ ਮਸ਼ੀਨਾਂ, ਕੱਪੜਿਆਂ ਦੀਆਂ ਗੰਢਾਂ ਥਾਂ-ਥਾਂ ਬਿਖਰੀਆਂ ਪਈਆਂ ਸਨ। ਬਹੁਤ ਸਾਰੀਆਂ ਥੱਲੇ ਪੈਰਾਂ ਨੂੰ ਠੋਕਰਾਂ ਮਾਰਦੀਆਂ ਸਨ। ਮਜਬੂਰੀ ਨੇ ਇਨਸਾਨ ਨੂੰ ਬੇਹੱਦ ਇਮਾਨਦਾਰ ਬਣਾ ਦਿੱਤਾ ਸੀ। ਕੋਈ ਕਿਸੇ ਦੀ ਚੀਜ਼ ਨਹੀਂ ਸੀ ਚੁੱਕ ਰਿਹਾ। ਕੋਈ ਲਾਲਚ ਨਹੀਂ ਸੀ। ਤਿਆਗ ਦੀ ਭਾਵਨਾ ਹੀ ਸਿਖਰ 'ਤੇ ਸੀ। ਮੇਰ ਤੇਰ ਮੁੱਕ ਚੁੱਕਾ ਸੀ। ਪਰਾਈ ਤਾਤ ਖਤਮ ਹੋ ਗਈ ਸੀ। ਬਸ, ਮਨ ਨਿਰਮਲ ਭਇਆ ਜੈਸੇ ਗੰਗਾ ਨੀਰ ਜੇਹੀ ਹਾਲਤ ਸੀ।

"ਇਸ ਤਰ੍ਹਾਂ ਚਲਦੇ ਚਲਦੇ ਅਸੀਂ ਜੱਸੜਾਂ ਦੇ ਬਾਹਰ ਡੂੰਮ੍ਹਾਂ ਕੋਲ ਆ ਗਏ। ਨਾਲ ਰੇਲ ਦੀ ਬੜੀ ਉੱਚੀ ਲਾਈਨ ਵੀ ਸੀ। ਜਦੋਂ ਡੂੰਮ੍ਹਾਂ ਵਿਚ ਪਾਣੀ ਵਧਣ ਲੱਗਾ ਤਾਂ ਕੁਝ ਕਾਫਲਾ ਲਾਈਨ ਦੇ ਨਾਲ ਨਾਲ ਸਿਮਟ ਕੇ ਬੈਠ ਗਿਆ। ਸਾਰੀ ਰਾਤ ਮੀਂਹ ਪੈਂਦਾ ਰਿਹਾ ਤੇ ਅਸੀਂ ਜਾਗਦੇ ਰਹੇ। ਡੂੰਮ੍ਹਾਂ ਵਿਚ ਏਨਾ ਪਾਣੀ ਸੀ ਕਿ ਸਮੁੰਦਰ ਦਾ ਭੁਲੇਖਾ ਪਾ ਰਿਹਾ ਸੀ। ਲੱਗ ਰਿਹਾ ਸੀ ਕਿ ਪਾਣੀ ਰੇਲ ਦੀ ਲਾਈਨ ਵੀ ਡੁਬੋ ਦੇਵੇਗਾ। ਨਾਲ ਹੀ ਸਾਰਾ ਕਾਫਲਾ ਵੀ।

"ਦਿਨ ਚੜ੍ਹਦੇ ਤੱਕ ਬਾਰਸ਼ ਤਾਂ ਹਟ ਗਈ, ਪਰ ਜਿਧਰ ਨਜ਼ਰ ਜਾਵੇ ਪਾਣੀ ਹੀ ਪਾਣੀ ਸੀ। ਡੂੰਮ੍ਹਾਂ ਵਿਚ ਤਾਂ ਸ਼ਾਇਦ ਉਪਰੋਂ ਥੱਲੇ ਵੀਹ ਬੰਦੇ ਡੁੱਬ ਜਾਂਦੇ। ਠੰਢ, ਭੁੱਖ, ਨੀਂਦਰ ਕਮਜ਼ੋਰੀ ਨਾਲ ਨਿਢਾਲ ਪਏ ਲੋਕਾਂ ਨੂੰ ਰੇਲ ਗੱਡੀ ਵੀ ਆਉਂਦੀ ਦਿਸੀ। ਇਹ ਰਾਵੀ ਦੇ ਪੁਲ ਵਲੋਂ ਆ ਰਹੀ ਸੀ। ਜੱਸੜਾਂ ਤੋਂ ਅੱਗੇ ਰਾਵੀ ਵੱਲ ਤਾਂ ਕੋਈ ਸਟੇਸ਼ਨ ਨਹੀਂ ਸੀ, ਰਾਵੀ ਤੋਂ ਪਾਰ ਹੀ ਸੀ ਡੇਹਰਾ ਬਾਬਾ ਨਾਨਕ। ਇਵੇਂ ਇਹ ਗੱਡੀ 'ਭਾਰਤ' 'ਚੋਂ 'ਪਾਕਿਸਤਾਨ' ਵਿਚ ਦਾਖਲ ਹੋ ਕੇ ਆ ਰਹੀ ਸੀ। ਰੇਲ ਲਾਈਨ ਦੇ ਨਾਲ ਨਾਲ ਲੱਖਾਂ ਸਿੱਖ ਹਿੰਦੂ ਬੈਠੇ ਹੋਣ ਤੇ ਗੱਡੀ ਭਾਰਤ ਤੋਂ ਪਾਕਿਸਤਾਨ ਜਾਵੇ ਉਜੜ ਕੇ ਆਏ ਲੋਕਾਂ 'ਚੋਂ ਲੰਘ ਕੇ....ਖਬਰੇ ਕੀ ਘੱਲੂਘਾਰਾ ਵਾਪਰ ਜਾਵੇ? ਗੱਡੀ 'ਚੋਂ ਕੋਈ ਗੋਲੀ ਚਲਾ ਦੇਵੇ ਜਾਂ ਗੱਡੀ ਖਲ੍ਹਾਰ ਕੇ ਕਤਲੇਆਮ ਸ਼ੁਰੂ ਹੋ ਜਾਵੇ। ਲੋਕ ਗੁੱਥਮਗੁੱਥਾ ਹੋ ਜਾਣ ਜਾਂ ਕੁੱਝ ਹੋਰ ਵਾਪਰ ਜਾਵੇ।

"ਇਸ ਹੈਰਾਨੀ ਪ੍ਰੇਸ਼ਾਨੀ ਵਿਚ ਹੀ ਰੇਲ ਗੱਡੀ ਕੋਲ ਆ ਗਈ। ਉਸ ਵਿਚ ਭਾਰਤ 'ਚੋਂ ਬੱਚ ਕੇ ਆਏ ਗਰੀਬੜੇ ਜਿਹੇ ਮੁਸਲਮਾਨ ਬੈਠੇ ਸਨ। ਗੱਡੀ ਦੇ ਬਾਹਰ ਮੰਜੀਆਂ ਵੀ ਬੱਧੀਆਂ ਹੋਈਆਂ। ਲੋਕ ਦਰਵਾਜ਼ਿਆਂ 'ਚ ਵੀ ਲਟਕੇ ਹੋਏ ਸਨ। ਇਕ ਪਾਸੇ ਹਿੰਦੂ ਸਿੱਖ ਆਜ਼ਾਦ ਹਿੰਦੁਸਤਾਨ ਵਿੱਚੋਂ ਪ੍ਰਵੇਸ਼ ਕਰ ਰਹੇ ਸਨ ਦੂਜੇ ਪਾਸੇ ਪਾਕਿਸਤਾਨ ਵਿਚ ਏਧਰ ਵਾਲੇ ਮੁਸਲਮਾਨ ਦਾਖਲ ਹੋ ਰਹੇ ਸਨ।"

ਚੌਧਰੀ ਦੀ ਡਾਇਰੀ ਵੀ ਇਹੀਓ ਦਸਦੀ ਹੈ। "ਚਾਰੇ ਪਾਸੇ ਅੱਗ ਤੇ ਧੂੰਆਂ ਫੈਲਿਆ ਹੋਇਆ ਦਿਖਾਈ ਦੇ ਰਿਹਾ ਹੈ। ਖਾਸ ਕਰਕੇ ਧਰਮਕੋਟ, ਸ਼ੇਜ਼ਾਦਾ ਰੱਤੜ ਛੱਤੜ ਦੀ ਅੱਗ ਦਾ ਧੂੰਆਂ ਦਿਲ ਨੂੰ ਹਿਲਾ ਦੇਣ ਵਾਲਾ ਹੈ। ਪਿੰਡਾਂ ਦੇ ਲੋਕ ਖਾਸ ਕਰਕੇ ਰੱਤਾ ਧੋਦੇ, ਮੰਗੀਆਂ, ਮੇਘਾ ਵਾਲੇ ਇਸ ਪਾਰ ਤੋਂ ਓਸ ਪਾਰ ਦੇ ਪਿੰਡਾਂ ਬੇਟਰਕੀ, ਗੰਨੀਆਂ, ਹਾਜੀ ਕੇ, ਘੋੜੇਵਾਲਾ ਦੀ ਅੱਗ ਦੇਖ ਕੇ ਆਏ ਹਨ। ਹੁਣ ਤਾਂ ਇਸਾਈ ਲੋਕ ਵੀ ਟੋਲਿਆਂ ਦੀ ਸ਼ਕਲ ਵਿਚ ਜਾ ਰਹੇ ਹਨ। ਸ਼ਾਹਪੁਰ ਵਾਲੇ ਵੀ। ਉਨ੍ਹਾਂ ਨੂੰ ਮਾਲ ਲੱਦ ਕੇ ਜਾਂਦਿਆਂ ਦੇਖ ਕੇ ਦਿਲ ਬੈਠ ਰਿਹਾ ਹੈ। ਨੇੜਲੇ ਪਿੰਡਾਂ ਦੇ ਲੋਕ ਜ਼ੇਵਰਾਤ ਗੱਡਿਆਂ 'ਤੇ ਲੱਦੀ ਆ ਰਹੇ ਹਨ। ਇਨ੍ਹਾਂ ਵਿਚ ਘੋੜੀਆਂ ਵੀ ਹਨ। ਬੱਚੇ-ਬੁੱਢੇ ਸਭ ਲੁੱਟ ਦੇ ਕੰਮ ਵਿਚ ਸਿਰ ਤੋਂ ਪੈਰਾਂ ਤੱਕ ਡੁੱਬੇ ਹੋਏ ਹਨ। ਬਹੁਤ ਸਾਰੇ ਲੋਕ ਮਾਰੇ ਗਏ ਹਨ। ਸ਼ੇਖ ਮੀਰ ਮੁਹੰਮਦ ਦੀ ਮੌਤ ਸੁਣ ਕੇ ਦਿਲ ਦਹਿਲ ਗਿਆ ਹੈ। ਪਤਾ ਨਹੀਂ ਅੱਲਾ ਮੀਆਂ ਕੀ ਚਾਹੁੰਦਾ ਹੈ!"

ਹਰ ਸਾਲ ੧੫ ਅਗਸਤ ਦਾ ਦਿਨ ਭਾਰਤੀ ਲੋਕਾਂ ਲਈ ਸੁਖਦਾਈ ਤੇ ਦੁਖਦਾਈ ਯਾਦਾਂ ਇਕੱਠੀਆਂ ਨਾਲ ਲੈ ਕੇ ਆਉਂਦਾ ਹੈ। ਖੁਸ਼ੀ ਭਰੀਆਂ ਯਾਦਾਂ ਇਸ ਲਈ ਕਿ ਇਸ ਦਿਨ ੧੯੪੭ ਨੂੰ ਦੇਸ਼ ਨੂੰ ਲੰਮੀ ਗੁਲਾਮੀ ਤੋਂ ਬਾਅਦ ਆਜ਼ਾਦੀ ਮਿਲੀ ਸੀ। ਦੁਖਦਾਈ ਇਸ ਕਰਕੇ ਕਿ ਦੇਸ਼ ਦੀ ਆਜ਼ਾਦੀ ਦੇ ਨਾਲ ਹੀ ਦੇਸ਼ ਵੰਡਿਆ ਗਿਆ ਅਤੇ ਭਿਆਨਕ ਫ਼ਿਰਕੂ ਫਸਾਦ ਸ਼ੁਰੂ ਹੋ ਗਏ ਜਿਨ੍ਹਾਂ ਵਿਚ ੧੦ ਲੱਖ ਤੋਂ ਵੱਧ ਲੋਕ ਮਾਰੇ ਗਏ ਤੇ ਕੁੱਲ ਇਕ ਕਰੋੜ ਦੇ ਲਗਭਗ ਘਰੋਂ-ਬੇਘਰ ਹੋ ਸਰਹੱਦਾਂ ਦੇ ਆਰ-ਪਾਰ ਬਿਖਰ ਗਏ। ਇਹ ਭਿਆਨਕ ਦੁਖਾਂਤ ਅਜੇ ਵੀ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਰਹਿੰਦਾ ਹੈ। ਘੁੰਮਣ ਦੀ ਡਾਇਰੀ ਤੇ ਵਰਿਆਮ ਦਾ ਵਰਣਨ ਸ਼ਹੀਦਾਂ ਦੀਆਂ ਚਿਤਾਵਾਂ ਉਤੇ ਸੱਜਰ ਸੂਈ ਆਜ਼ਾਦੀ ਦੇ ਅੱਖੀਂ ਡਿੱਠੇ ਨਮੂਨੇ ਹਨ।

*ਗੁਲਜ਼ਾਰ ਸਿੰਘ ਸੰਧੂ ਦੀ ਨਵੀਂ ਪੁਸਤਕ*
*ਮੇਰੀ ਸਹੁੰ ਵਿਚੋਂ*
*ਪ੍ਰਕਾਸ਼ਕ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ*


Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

**Namdhari Sales**

10240/54, Library Road, Azad Market, Delhi-110006

Mobile Phone : S. Charanjit Singh Ph.: 23614784
S. Satvinder Singh Mob.9811655210





Namdhari Elibrary NamdhariElibrary@gmail.com

# 'ਉੱਜਲ-ਦੀਦਾਰ' ਸੂਬਾ ਸੁੱਧ ਸਿੰਘ 'ਮਢੌਰ'

*—ਸੁਵਰਨ ਸਿੰਘ ਵਿਰਕ*

"ਕਲਾ ਵਰਤਾਈ ਮਹਾਰਾਜ ਨੇ ਜਗਾਈ ਜੋਤ,
ਭੈਣੀ ਪਿੰਡ ਬੀਚ ਭਯੋ ਭਾਨ ਉਜਯਾਰਾ ਸੀ।
ਪੂਰਨ ਪ੍ਰਤਾਪੀ ਨਾਮ ਜਾਪੀ ਥਾਪੀ ਸਿੱਖੀ ਸਾਖ,
ਸਿਦਕ ਭਰੋਸੇ ਤੋਸੇ ਬੋਲ ਤੋਲ ਭਾਰਾ ਸੀ।
ਭਾਰਾ ਸੀ ਜਮਾਲ ਤੇ ਕਮਾਲ ਦੀ ਤਾਸੀਰ ਭਾਰੀ,
ਨਾਮ ਦਾ ਬਜਾਯਾ ਸਾਰੇ ਜੱਗ ਤੇ ਨਗਾਰਾ ਸੀ।
ਗਾਰਾ ਸੀ ਕਰਤਾਰ ਸਿੰਘ ਬਾਬੇ ਰਾਮ ਸਿੰਘ ਜੀ ਨੇ,
ਕਾਮ ਕ੍ਰੋਧ ਲੋਭ ਮੋਹ ਦੁਸ਼ਟ ਹੰਕਾਰਾ ਸੀ।"[1]



ਸਿੱਖ ਇਤਿਹਾਸ ਦੇ ਪ੍ਰਸਿੱਧ ਕਿੱਸਾ-ਕਾਰ ਅਤੇ ਸਿੱਖ ਜਗਤ ਦੀ ਇਕ ਸਤਿਕਾਰਿਤ ਹਸਤੀ, ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਏ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਮਹਾਨ ਪ੍ਰਤਿਭਾ ਅਤੇ ਗੁਰਸਿੱਖੀ ਦੀ ਪੁਨਰ ਸੁਰਜੀਤੀ ਲਈ ਉਹਨਾਂ ਦੀਆਂ ਘਾਲਣਾਵਾਂ ਨੂੰ ਇਉਂ ਸ਼ਰਧਾ ਪੁਸ਼ਪ ਭੇਟ ਕੀਤੇ ਹਨ। ਨਾਮ ਬਾਣੀ ਦੇ ਰਸੀਏ, ਗੁਰਮਤ ਮਾਰਗ ਦੇ ਪਾਂਧੀ, ਸਤਿਗੁਰੂ ਜੀ ਦੀ ਸੋਅ ਸੁਣ ਸੁਣ ਕੇ ਦੂਰ ਦੂਰ ਤੋਂ ਆਪ ਜੀ ਦੇ ਪ੍ਰਭਾ ਮੰਡਿਲ ਵੱਲ ਆਕਰਸ਼ਿਤ ਹੁੰਦੇ ਗਏ। ਇਹੋ ਜਿਹੇ ਹੀ ਨਾਮ ਬਾਣੀ ਦੇ ਰਸੀਏ, ਆਤਮਕ ਜਗਤ ਦੇ ਖੋਜਾਰਥੀ ਮਢੌਰ ਜ਼ਿਲ੍ਹਾ ਅੰਬਾਲਾ ਦੇ ਭਾਈ ਸੁੱਧ ਸਿੰਘ ਜੀ ਸਨ ਜਿਹਨਾਂ ਦਾ ਨਾਮਧਾਰੀ ਇਤਿਹਾਸ ਵਿਚ ਬੜਾ ਉੱਚਾ ਸਥਾਨ ਹੈ। ਉਹਨਾਂ ਦੇ ਉਚ ਧਾਰਮਿਕ ਜੀਵਨ ਸਦਕਾ ਸਤਿਗੁਰੂ ਜੀ ਵੀ ਆਪ ਦਾ ਬਹੁਤ ਆਦਰ ਸਨਮਾਨ ਕਰਿਆ ਕਰਦੇ ਸਨ ਅਤੇ ਉਹ ਨਾਮਧਾਰੀ ਪੰਥ ਦੇ ਪਰਚਾਰ ਵਾਸਤੇ ਥਾਪੇ ਗਏ ਸੂਬਿਆਂ ਵਿਚੋਂ ਵੀ ਮੋਢੀ ਅਤੇ ਪ੍ਰਮੁੱਖ ਸੂਬੇ ਸਨ। ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੇ ਇਤਿਹਾਸਕ ਮਹਾਂਕਾਵਿ ਵਿਚ ਆਪ ਨੂੰ ਇਸ ਤਰ੍ਹਾਂ ਯਾਦ ਕੀਤਾ ਗਿਆ ਹੈ :

ਹੋ ਗਿਆ ਸਾਰੇ ਦੇਸ਼ ਵਿਚ, ਕਾਫੀ ਸੀ ਪ੍ਰਚਾਰ
ਔਦੀਆਂ ਜਾਂਦੀਆਂ ਸੰਗਤਾਂ, ਦੀ ਹੋਈ ਭਰਮਾਰ

ਸੁਧ ਸਿੰਘ ਮਢੌਰ ਤੋਂ, ਬੈਠਾ ਸੱਥਰ ਘੱਤ
ਆਂਹਦਾ ਦੇਵੋ ਭਜਨ ਹੁਣ, ਮੁਕਦੀ ਜਾਂਦੀ ਵੱਤ

ਲਾਭ ਸਿੰਘ ਜੀ ਸੂਰਮਾ, ਅੰਮ੍ਰਿਤਸਰ ਦੇ ਵਿਚ
ਸੰਗੀਤਕ ਕਲਾਕਾਰ ਪਰ, ਅੱਖਾਂ ਵਲੋਂ ਜਿਚ
ਮਿਲ ਗਏ ਇਨ੍ਹਾਂ ਅਚਾਣਕੀ, ਸੁਧ ਸਿੰਘ ਜੀ ਆ
ਹਜਰੋਂ ਵਾਲੇ ਗੁਰੂ ਦੀ, ਦਿਤੀ ਗਲ ਚਲਾ
ਕੰਨ ਵਿਚ ਮੰਤ੍ਰ ਦਸਦੇ, ਦਿਲ ਵਿਚ ਪੈਂਦੀ ਸ਼ਾਂਤ
ਕਰ ਦੇਂਦੇ ਸ਼ੁਧ ਆਤਮਾ, ਮੇਟ ਪ੍ਰਾਣੀ ਤਾਤ
ਪਾ ਸਲਾਈ ਗਿਆਨ ਦੀ, ਅੱਖਾਂ ਦੇਂਦੇ ਖੋਲ
ਮੈਂ ਮੇਰੀ ਨਸ ਜਾਂਵਦੀ, ਰੱਬ ਜਾਪਦਾ ਕੋਲ"[2]

ਚੱਕਰਵਰਤੀ ਜੀ ਦੀ ਉਪਰੋਕਤ ਰਚਨਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਮਢੌਰ ਵਾਲੇ ਭਾਈ ਸੁੱਧ ਸਿੰਘ ਨੇ ਗੁਰੂ ਬਾਲਕ ਸਿੰਘ ਜੀ ਦੇ ਹਜਰੋ ਸਾਹਿਬ ਜਾ ਕੇ ਦਰਸ਼ਨ ਕੀਤੇ ਸਨ, ਉਹਨਾਂ ਤੋਂ ਅਧਿਆਤਮ ਦੀ ਪਹਿਲੀ ਸਿੱਖਿਆ ਲਈ ਸੀ ਅਤੇ ਹੁਣ ਪਹਿਰੇ ਦੇ ਮਾਲਕ ਸਤਿਗੁਰੂ ਰਾਮ ਸਿੰਘ ਜੀ ਨੂੰ ਥਾਪੇ ਜਾਣ ਤੇ ਉਹਨਾਂ ਪਾਸੋਂ ਮੁਹਰ-ਛਾਪ ਲੁਆਉਣ ਲਈ ਆਪ ਦੇ ਦਰਬਾਰ ਵਿਚ ਆ ਹਾਜ਼ਰ ਹੋਇਆ ਸੀ। ਭਾਈ ਲਾਭ ਸਿੰਘ ਸੂਰਮਾ ਉਸ ਤੋਂ ਸੋਅ ਸੁਣ ਕੇ ਹੀ ਹਜਰੋ ਵਾਲੇ ਗੁਰੂ ਬਾਲਕ ਸਿੰਘ ਦੇ ਦਰਬਾਰ ਵਿਚ ਪੁੱਜੇ ਅਤੇ ਉਹਨਾਂ ਤੋਂ ਫਿਰ ਇਹ ਜਾਣ ਕੇ ਕਿ ਹੁਣ ਉਹ ਦਰਗਾਹੀ ਅਮਾਨਤ ਸਤਿਗੁਰੂ ਰਾਮ ਸਿੰਘ ਨੂੰ ਸਉਂਪ ਚੁੱਕੇ ਹਨ ਵਾਪਸ ਭੈਣੀ ਸਾਹਿਬ ਪਰਤਿਆ। ਨਾਮਧਾਰੀ ਪੰਥ ਦੀ ਸਾਜਨਾ ਸਮੇਂ ਜਿਹਨਾਂ ਪੰਜ ਸਿੰਘਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਨਾਮ ਦੀ ਦਾਤ ਨਾਲ, ਸਤਿਗੁਰੂ ਜੀ ਨੇ ਵੈਸਾਖੀ ੧੯੧੪ ਬਿਕਰਮੀ ਮੁਤਾਬਿਕ ੧੨ ਅਪ੍ਰੈਲ ੧੮੫੭ ਈ. ਨੂੰ, ਸ੍ਰੀ ਭੈਣੀ ਸਾਹਿਬ ਵਿਖੇ ਨਿਵਾਜਿਆ, ਉਹ ਵੱਡਭਾਗੇ ਪ੍ਰਾਣੀ ਸਨ, ਬਾਬਾ ਕਾਹਨ ਸਿੰਘ ਨਿਹੰਗ ਚੱਕ ਕਲਾਂ (ਰਿ. ਮਲੇਰਕੋਟਲਾ), ਉਪਰੋਕਤ ਲਾਭ ਸਿੰਘ ਸੂਰਮਾ ਜੋ ਨਵਾਂਸ਼ਹਿਰ, ਦੁਆਬੇ ਦਾ ਸੀ, ਪਰ ਰਹਿੰਦਾ ਅੰਮ੍ਰਿਤਸਰ ਵਿਚ ਸੀ, ਭਾਈ ਨੈਣਾ ਸਿੰਘ ਵਰਿਆਹ (ਅੰਮ੍ਰਿਤਸਰ), ਭਾਈ ਆਤਮਾ ਸਿੰਘ ਆਲੋਂ ਮੁਹਾਰ (ਸਿਆਲਕੋਟ) ਅਤੇ ਭਾਈ ਸੁੱਧ ਸਿੰਘ ਮਢੌਰ। ਸੰਤ ਨਿਧਾਨ ਸਿੰਘ ਆਲਿਮ ਨੇ ਸਰਕਾਰੀ ਰੀਕਾਰਡ ਦੇ ਮੁਤਾਬਿਕ ਆਪਣੀ ਪੁਸਤਕ ਵਿਚ ਭਾਈ ਸੁੱਧ ਸਿੰਘ ਦਾ ਪਿੰਡ ਦੁਰਗਾਪੁਰ (ਜ਼ਿਲ੍ਹਾ ਜਲੰਧਰ) ਲਿਖਿਆ ਹੈ।[3] ਉਂਞ ਆਲਿਮ ਜੀ ਜਦੋਂ ਸਤਿਗੁਰੂ ਜੀ ਦੁਆਰਾ ਥਾਪੇ ਸੂਬਿਆਂ ਦਾ ਜ਼ਿਕਰ ਕਰਦੇ ਹਨ ਤਾਂ ਆਮ ਦਾ ਪਿੰਡ ਮਢੌਰ ਹੀ ਲਿਖਦੇ ਹਨ।[4] ਪਿੰਡ ਦਾ ਨਾਮ ਦੁਰਗਾਪੁਰ ਲਿਖਿਆ ਜਾਣਾ ਸਰਕਾਰੀ ਰੀਕਾਰਡ ਵਿਚ ਹੋਈ ਕੁਤਾਹੀ ਤੇ ਆਧਾਰਿਤ ਹੈ। ਜਿਸ ਦਾ



Namdhari Elibrary NamdhariElibrary@gmail.com

ਜ਼ਿਕਰ ਅੱਗੇ ਕਰਦੇ ਹਾਂ। ਪਹਿਲੇ ਪੰਜ ਨਾਮ ਦਾਨ ਹਾਸਲ ਕਰਨ ਵਾਲਿਆਂ ਤੋਂ ਇਲਾਵਾ ਆਲਿਮ ਜੀ ਮੁਤਾਬਿਕ ਸਤਿਗੁਰੂ ਜੀ ਜਦੋਂ ਕੂਕਾ ਜਥੇਬੰਦੀ ਦਾ ਵਿਧੀਵਤ ਗਠਨ ਕਰਦੇ ਹਨ ਤਾਂ ਆਪ ਪਹਿਲੇ ਪੰਜ ਸੂਬਿਆਂ ਵਿਚ ਸ਼ਾਮਲ ਹਨ ਜਿਹਨਾਂ ਨੂੰ ਨਾਹਰ ਸਿੰਘ ਕੂਕਾ ਕੇਂਦਰ ਦੇ ਪੰਜ ਪੰਚਾਇਤੀ ਸੂਬੇ ਵੀ ਲਿਖਦੇ ਹਨ।[5]

ਅੱਗੇ ਚੱਲਣ ਤੋਂ ਪਹਿਲਾਂ ਅਸੀਂ ਪੰਜਾਬ ਸਰਕਾਰ ਦੀ ਪੁਲੀਸ ਵਿਭਾਗ ਵਲੋਂ ਤਿਆਰ ਮਹੱਤਵਪੂਰਨ ਕੂਕਿਆਂ ਦੀ ਲਿਸਟ ਵਿਚੋਂ ਕੁਝ ਜਾਣਕਾਰੀ ਹਾਸਲ ਕਰਦੇ ਹਾਂ:

"ਜ਼ਿਲ੍ਹਾ ਅੰਬਾਲਾ-ਸੀਰੀਅਲ ਨੰ:੧, ਸੁੱਧ ਸਿੰਘ ਸੂਬਾ, ਪੁੱਤਰ ਰਾਮ ਸਿੰਘ, ਧੰਦਾ ਕੋਈ ਨਹੀਂ, ਪਿੰਡ ਮਢੌਰ, ਥਾਣਾ ਅੰਬਾਲਾ, ਸਰੀਰਕ ਵਿਵਰਣ: ਚਿਹਰਾ ਕੁਝ ਪੱਕੇ ਰੰਗ ਦਾ ਕੇਸ, ਦਾਹੜਾ ਅਤੇ ਮੁਛਿਹਰੇ ਕਾਲੇ, ਨੇਤਰਾਂ ਹੇਠਾਂ ਕਾਲੇ ਧੱਬੇ, ਕੱਦ-੫ ਫੁੱਟ ੪ ਇੰਚ ਦੇ ਲਗਭਗ, ਬਹੁਤ ਮਜ਼ਬੂਤ ਜੁੱਸਾ, ਉਮਰ ੫੦ ਸਾਲ ਦੇ ਆਸ ਪਾਸ। ਗੁਰਮੁੱਖੀ ਪੜ੍ਹ ਲਿਖ ਸਕਦਾ ਹੈ। ਉਹਦੇ ਪੂਰਵ ਇਤਿਹਾਸ ਤੇ ਚਾਲ ਚੱਲਣ ਵਾਲੇ ਖਾਨੇ ਵਿਚ ਲਿਖਿਆ ਮਿਲਦਾ ਹੈ :

"ਉਹ ਉਦੋਂ ਜਿਹੇ ਹੀ ਕੂਕਾ ਮੱਤ ਵਿਚ ਪਰਿਵਰਤਿਤ ਹੋਇਆ ਸੀ, ਜਦੋਂ ਜਿਹੇ (ਗੁਰੂ) ਬਾਲਕ ਸਿੰਘ ਹਜਰੋ (ਰਾਵਲਪਿੰਡੀ) ਵਾਲੇ ਨੇ, ਗੁਰੂ ਰਾਮ ਸਿੰਘ ਨੂੰ ਇਸ ਮੱਤ ਵਿਚ ਲਿਆਂਦਾ ਸੀ। ਦਸ ਕੁ ਸਾਲ ਪਹਿਲਾ ਉਸ ਨੂੰ (ਗੁਰੂ) ਰਾਮ ਸਿੰਘ ਨੇ ਸੂਬਾ ਥਾਪਿਆ ਸੀ ਅਤੇ ਇਸ ਪੰਥ ਵਿਚ ਉਸ ਨੂੰ ਬਹੁਤ ਉਚਾ ਸਥਾਨ ਦਿੱਤਾ ਜਾਂਦਾ ਹੈ। ਅਰੰਭ ਵਿਚ ਉਹ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸਗੜੀ ਜਾਂ ਸਾਗਰੀ ਵਿਚ ਰਹਿੰਦਾ ਸੀ ਪਰ ਹੁਣ ਪਿਛਲੇ ੯-੧੦ ਸਾਲਾਂ ਤੋਂ ਉਹ ਮਢੌਰ ਵਿਖੇ ਰਹਿ ਰਿਹਾ ਹੈ। ਉਹ ਬਹੁਤ ਸ਼ਾਂਤ, ਸਾਊ ਸੁਭਾ ਅਤੇ ਹਮਲਾਵਰ ਰੁਚੀ ਵਾਲਾ ਨਹੀਂ।"[6]

ਹੁਣ ਜੇ ਉਪਰੋਕਤ ਵੇਰਵੇ ਨੂੰ ਗਹੁ ਨਾਲ ਵੇਖੀਏ ਕਿ ਸੁੱਧ ਸਿੰਘ ਵੀ ਗੁਰੂ ਬਾਲਕ ਸਿੰਘ ਜੀ ਦੀ ਸ਼ਰਨ ਸਤਿਗੁਰੂ ਜੀ ਦੇ ਲਾਗੇ ਚਾਗੇ ਜਾਂਦਾ ਹੈ ਤਾਂ ਇਹਨਾਂ ਦੋਹਾਂ ਦਾ ਮੇਲ ਤਾਂ ੧੮੪੧ ਈ. ਵਿਚ ਹੁੰਦਾ ਹੈ। ਲਿਸਟ ਮੁਤਾਬਿਕ ਸੁੱਧ ਸਿੰਘ ਦਾ ਜਨਮ ੧੮੩੧ ਈ. ਹੋਣਾ ਚਾਹੀਦਾ ਹੈ ਪਰ ਕਿਸੇ ਵੀ ਸੂਰਤ ਵਿਚ ਉਹ ਉਸ ਸਮੇਂ ੨੪-੨੫ ਸਾਲ ਤੋਂ ਘੱਟ ਨਹੀਂ ਹੋ ਸਕਦਾ। ਇਸ ਲਈ ਉਸਦਾ ਜਨਮ ਵਰ੍ਹਾ ੧੮੧੫-੧੬ ਈ. ਹੋ ਸਕਦਾ ਹੈ ਤੇ ਇਉਂ ੧੮੮੧ ਈ. ਵਿਚ ਉਸਦੀ ਉਮਰ ੬੫-੬੬ ਸਾਲ ਲਾਜ਼ਮੀ ਹੋਵੇਗੀ। ਇਹ ਵੀ ਹੋ ਸਕਦਾ ਹੈ ਕਿ ਉਹ ਸਤਿਗੁਰੂ ਜੀ ਤੋਂ ਆਯੂ ਵਿਚ ਕੁਝ ਵਰ੍ਹੇ ਵੱਡਾ ਹੋਵੇ ਕਿਉਂ ਜੁ ਆਪ ਬਾਬਾ ਜੀ ਨੂੰ ਲਿਖੇ ਪੱਤਰ ਬਹੁਤ ਸਤਿਕਾਰ ਭਾਵਨਾ ਨਾਲ ਲਿਖਦੇ ਹਨ। ਇਸ ਲਈ ਆਪ ਦਾ ਜਨਮ ਵਰ੍ਹਾ ੧੮੧੦-੧੧ ਈ. ਹੀ ਜ਼ਿਆਦਾ ਦਰੁਸਤ ਸਿੱਧ ਹੁੰਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ (੧੮੯੦-੧੯੫੯) ਆਪ ਦੇ ਦਰਸ਼ਨ ਕਰਨ ਬਾਰੇ ਕਿਤੇ ਜ਼ਿਕਰ ਨਹੀਂ ਕਰਦੇ। ਬਾਹੋਵਾਲ ਜੀ ਦੀ ਦੂਜੀ ਜਿਲਦ ਵਿਚ ਜਦੋਂ ੧੮੯੯ ਈ. ਵਿਚ ਗੁਰੂ ਹਰੀ ਸਿੰਘ ਜੀ ਮੈਨ ਦੁਆਬ ਦਾ ਦੌਰਾ ਕਰਦੇ ਹਨ ਤਾਂ ਬਾਬਾ ਸੁੱਧ ਸਿੰਘ ਦਾ ਕੋਈ ਵੇਰਵਾ ਨਹੀਂ ਮਿਲਦਾ। ਇਸ ਤੋਂ ਸਿੱਧ ਹੁੰਦਾ ਹੈ ਕਿ ਆਪ ੧੮੯੫ ਈ. ਤੋਂ ਪਹਿਲਾਂ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ੮੦-੮੫ ਸਾਲ ਦੀ ਆਰਜਾ ਬਤੀਤ ਕਰਕੇ।

ਹੁਣ ਅਸੀਂ ਸਰਕਾਰੀ ਰੀਕਾਰਡ ਵਿਚ ਆਪ ਦੇ ਬਾਬਤ ਕੁਝ ਹੋਰ ਵੇਰਵੇ ਵੇਖ ਕੇ ਦੁਰਗਾਪੁਰ (ਜਲੰਧਰ) ਕੀ ਆਪ ਦਾ ਪਿੰਡ ਸੀ ਜਾਂ ਇਸ ਪਿੰਡ ਵਾਲਾ ਸੁੱਧ ਸਿੰਘ ਕੋਈ ਹੋਰ ਸਿੰਘ ਸੀ ਇਹ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਾਂਗੇ। ਇਕ ਸੁੱਧ ਸਿੰਘ ਬਗਲੀਕਲਾਂ (ਲੁਧਿਆਣਾ) ਦਾ ਵੀ ਸੀ "ਸੰਤ ਖਾਲਸਾ" ਦੇ ਕਵੀ ਹਰਨਾਮ ਸਿੰਘ ਦਾ ਪਿਤਾ। ਪ੍ਰੰਤੂ ਸਤਿਗੁਰੂ ਜੀ ਦੇ ਸੂਬਿਆਂ ਬਾਰੇ ਨਾਮਧਾਰੀ ਇਤਿਹਾਸਕਾਰਾਂ ਨੇ ਜਿਸ ਸੁੱਧ ਸਿੰਘ ਦਾ ਜ਼ਿਕਰ ਕੀਤਾ ਹੈ ਉਹ ਮਢੌਰ ਵਾਲਾ ਹੀ ਹੈ। ਚੱਕਰਵਰਤੀ ਜੀ ਤਾਂ ਪਹਿਲੇ ਪੰਜ ਨਾਮ ਅਭਿਲਾਖੀਆਂ ਵਿਚ ਵੀ ਸੁੱਧ ਸਿੰਘ ਮਢੌਰ ਨੂੰ ਹੀ ਗਿਣਦੇ ਹਨ। ਆਲਿਮ ਜੀ ਪਿੰਡ ਦੁਰਗਾਪੁਰ ਵਾਲਾ ਲਿਖਦੇ ਹਨ ਕਿਉਂਕਿ ਸਰਕਾਰੀ ਰੀਕਾਰਡ ਵਿਚ ਹੀ ਇਹ ਦੁਬਿਧਾ ਪੈਦਾ ਕੀਤੀ ਗਈ ਹੈ। ਜਸਵਿੰਦਰ ਸਿੰਘ ਹਿਸਟੋਰੀਅਨ ਵੀ, ਸਤਿਗੁਰੂ ਬਿਲਾਸ ਭਾਗ ਪਹਿਲਾ ਦੀ ਸੰਪਾਦਨਾ ਸਮੇਂ ਪੰਥ ਸਾਜਣ ਸਮੇਂ, ਪਹਿਲੇ ਪੰਜ ਸਿੱਖਾਂ ਵਿਚ ਦੁਰਗਾਪੁਰ ਵਾਲਾ ਸੁੱਧ ਸਿੰਘ ਫੁੱਟ ਨੋਟ ਟਿੱਪਣੀ ਵਿਚ ਲਿਖਦੇ ਹਨ।[7] ਉਂਝ ਕੂਕਾਜ਼ ਆਫ ਨੋਟ ਵਾਲੀ ਟਿੱਪਣੀ ਦੀ ਪੁਸ਼ਟੀ ਸੰਤ ਬਾਹੋਵਾਲ ਦੀ ਲਿਖਤ ਵਿਚੋਂ ਵੀ ਹੁੰਦੀ ਹੈ : "ਲਾਭ ਸਿੰਘ ਸੂਰਮੇ ਨੇ ਸੁੱਧ ਸਿੰਘ ਥੀਂ ਸੁਣਿਆ ਸੀ ਜੋ ਸ੍ਰੀ ਹਜ਼ਰੋਂ ਮੇਂ ਗੁਰੂ ਬਾਲਕ ਸਿੰਘ ਜੀ ਸੰਤ ਅਵਤਾਰ ਹੈ। ਜਿਸਨੂੰ ਭਜਨ ਦਿੰਦੇ ਹੈਂ ਤਿਸਕੋ ਸ਼ਾਂਤ ਆਇ ਜਾਂਦੀ ਹੈ।"[8] ਸੁੱਧ ਸਿੰਘ ਨੂੰ ਆਪ ਸ਼ਾਂਤ ਆਈ ਤਾਂ ਹੀ ਉਹ ਭਾਈ ਲਾਭ ਸਿੰਘ ਨੂੰ ਦੱਸ ਰਹੇ ਹਨ। ਇਸ ਤੋਂ ਸਿੱਧ ਹੋਇਆ ਕਿ ਪਹਿਲੇ ਪੰਜ ਨਾਮਧਾਰੀ ਸਿੰਘਾਂ ਵਾਲਾ ਸੁੱਧ ਸਿੰਘ ਅਤੇ ਬਾਦ ਵਿਚ ਸਤਿਗੁਰੂ ਜੀ ਦੁਆਰਾ ਥਾਪਿਆ ਸੂਬਾ ਸੁੱਧ ਸਿੰਘ ਇਕੋ ਵਿਅਕਤੀ ਹੈ।

ਹੁਣ ਸਰਕਾਰੀ ਰੀਕਾਰਡ ਵਿਚ ਭਾਵੇਂ ਪੂਰੀ ਸਚਾਈ ਨਹੀਂ, ਪਰ ਮਿਲਦੀ ਅਰਧ ਸਚਾਈ ਵਿਚੋਂ ਵੀ ਸੂਬਾ ਜੀ ਦੇ ਮੁੱਢਲੇ ਜੀਵਨ ਦੇ ਕੁਝ ਹੋਰ ਵੇਰਵੇ ਜ਼ਰੂਰ ਉਪਲਬਧ ਹੋ ਜਾਂਦੇ ਹਨ। ਸਰਕਾਰੀ ਰੀਕਾਰਡ ਵਿਚ ਮਿਸਟਰ ਕਿਨਚੈਂਟ ਦੇ ਹਵਾਲੇ ਨਾਲ ਲਿਖਿਆ ਹੈ ਕਿ ਸੁੱਧ ਸਿੰਘ ਭੈਣੀ (ਸਾਹਿਬ) ਰਹਿੰਦਾ ਹੈ ਅਤੇ ਇਕ ਅਧਿਕਾਰਤ ਪਰਚਾਰਕ ਹੈ (ਨਾਮਧਾਰੀ ਜਾਂ ਕੂਕਾ



Namdhari Elibrary NamdhariElibrary@gmail.com

ਪੰਥ ਦਾ)।[9] ੧੮੬੭ ਈ. ਦੀ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਤੇ ਸੂਬਾ ਸੁੱਧ ਸਿੰਘ ਦਾ ਸਤਿਗੁਰੂ ਜੀ ਦੇ ਨਾਲ ਜਾਣ ਵਾਲਿਆਂ ਸੂਬਿਆਂ ਵਿਚ ਵੀ ਜ਼ਿਕਰ ਹੈ ਤੇ ਇਸੇ ਸਾਲ ਅੰਮ੍ਰਿਤਸਰ ਦੀ ਦੀਵਾਲੀ ਤੇ ਜਾਣ ਵਾਲੇ ਸੂਬਿਆਂ ਵਿਚ ਸਰਕਾਰੀ ਰੀਕਾਰਡ ਵਿਚ ਇਕ ਥਾਂ ਤੇ ਸੁੱਧ ਸਿੰਘ ਦਾ ਨਾਮ ਪਹਿਲੇ ਨੰਬਰ ਤੇ ਆਉਂਦਾ ਹੈ।[10] ਪ੍ਰੰਤੂ ਇਸੇ ਸਮੇਂ ਅਧਿਕਾਰੀਆਂ ਵਲੋਂ ਦਿੱਤੀ ੨੨ ਪ੍ਰਮੁੱਖ ਸੂਬਿਆਂ ਦੀ ਸੂਚੀ ਵਿਚ ਆਪ ਦਾ ਨਾਮ ਨਹੀਂ।[11] ਟੀ. ਏ. ਓ. ਕੂਨਰ, ਕਾਰਜਕਾਰੀ ਪੁਲੀਸ ਕਪਤਾਨ ਹੁਸ਼ਿਆਰਪੁਰ ਦੀ ਰੀਪੋਰਟ, ਆਪ ਬਾਰੇ ਇਉਂ ਬੋਲਦੀ ਹੈ, ਜਿਹੜੀ ਰੀਪੋਰਟ ਉਪਰੋਕਤ ਅਧਿਕਾਰੀ ਨੇ ੨੨ ਨਵੰਬਰ ੧੮੭੧ ਈ. ਨੂੰ ਕਾਰਜਕਾਰੀ ਆਈ. ਜੀ. ਪੁਲਿਸ ਪੰਜਾਬ ਦੇ ਨਾਮ ਭੇਜੀ ਹੈ :

"(੨੦) ਸੁੱਧ ਸਿੰਘ ਪੁੱਤਰ ਜਗਤ ਸਿੰਘ, ਜੱਟ, ਦੁਰਗਾਪੁਰ (ਜਲੰਧਰ), ਸੂਬਾ, ਚੌਥੇ ਅਨਿਯਮਤ ਰਸਾਲੇ ਵਿਚ ਸੁਆਰ ਦੇ ਤੌਰ ਤੇ ਨੌਕਰੀ ਕੀਤੀ, ਹੁਣ ਕਿਤੇ ਨੌਕਰੀ ਨਹੀਂ ਕਰਦਾ, ਬਹੁਤ ਕੱਟੜ ਸੁਭਾਉ ਦਾ ਅਤੇ ਕਿਤੇ ਵੀ ਗੜਬੜ ਕਰਨ ਦੇ ਸਮਰੱਥ ਹੈ।"[12]

ਕੂਨਰ ਵਾਲੀ ਰੀਪੋਰਟ ਇਹ ਤੇ ਸਪੱਸ਼ਟ ਕਰਦੀ ਹੈ ਕਿ ਉਹ ਪੂਰਵ ਸੈਨਿਕ ਰਿਹਾ ਹੈ ਸਿੱਖ ਰਾਜ ਵੇਲੇ। ਤਾਂ ਹੀ ਸਤਿਗੁਰੂ ਜੀ ਵਾਲੇ ਸਮੇਂ ਗੁਰੂ ਬਾਲਕ ਸਿੰਘ ਨਾਲ ਮੇਲ ਹੁੰਦਾ ਹੈ। ਪਰ ਪਿੰਡ ਦੁਰਗਾਪੁਰ (ਜਲੰਧਰ) ਤੇ ਪਿਤਾ ਦਾ ਨਾਮ ਜਗਤ ਸਿੰਘ ਇਹ ਦੋਵੇਂ ਤੱਥ ਦਰੁਸਤ ਨਹੀਂ। ਸਰਕਾਰੀ ਰੀਕਾਰਡ ਵਿਚ ਹੋਰ ਸੂਬਿਆਂ ਦੇ ਪਤੇ ਟਿਕਾਣੇ ਵੀ ਗਲਤ ਦਿੱਤੇ ਹਨ। ਸੂਬਾ ਸਾਹਿਬ ਸਿੰਘ ਅਤੇ ਸੂਬਾ ਲੱਖਾ ਸਿੰਘ ਜਿਹੇ ਅਤੀ ਵਿਖਿਆਤ ਸੂਬਿਆਂ ਦੇ ਪਤੇ ਟਿਕਾਣੇ ਵੀ ਹੋਰ ਬਹੁਤ ਸੂਬਿਆਂ ਜਿਉਂ ਕੂਨਰ ਦੀ ਰੀਪੋਰਟ ਵਿਚ ਗਲਤ ਦਰਜ ਹਨ। ਇਸ ਲਈ ਦੁਰਗਾਪੁਰ ਪਿੰਡ ਵਾਲੀ ਗੱਲ ਨਹੀਂ ਬਣਦੀ। ਫਿਰ ਇਹ ਤਾਂ ਪੁਲਿਸ ਕਪਤਾਨ ਹੁਸ਼ਿਆਰਪੁਰ ਮੁੱਖੀ ਕੂਕਿਆਂ ਦੀ ਲਿਸਟ ਬਣਾ ਕੇ ਭੇਜ ਰਿਹਾ ਹੈ। ਇਸ ਵਿਚ ਸੁਣੇ ਸੁਣਾਏ ਤੱਥ ਕਈ ਵੇਰ ਆਪਣੇ ਟੀਚੇ ਤੇ ਪੁੱਜਦਿਆਂ ਰੰਗ ਰੂਪ ਵਟਾ ਜਾਂਦੇ ਹਨ। ਕੁਝ ਕੂਟਨੀਤੀ ਦੇ ਪੈਂਤੜੇ ਤੋਂ ਵੀ ਸੂਬਾ ਜੀ ਖੁਦ ਵੀ ਪਿੰਡ ਪਿਤਾ ਦੇ ਨਾਂ ਬਾਰੇ ਗਲਤ ਬਿਆਨੀ ਕਰ ਸਕਦੇ ਹਨ। ਪਰ ਇਹ ਪ੍ਰਮਾਣਿਤ ਹੁੰਦਾ ਹੈ ਕਿ ਉਹ ਜੱਟ ਭਾਈਚਾਰੇ ਵਿਚੋਂ ਆਏ। ਕਿਸਾਨ ਅਤੇ ਸੈਨਿਕ ਬੜੀ ਵੇਰ ਹਮੇਸ਼ਾ ਹੀ ਹੁੰਦੇ ਹਨ। ਅਤੇ ਸੁੱਧ ਸਿੰਘ ਸਤਿਗੁਰੂ ਜੀ ਦਾ ਫੌਜੀ ਜੀਵਨ ਦਾ ਪੁਰਾਣਾ ਸਾਥੀ ਮਾਲੂਮ ਹੁੰਦਾ ਹੈ। ਪਰਖਿਆਂ ਸੱਜਣਾਂ ਮਿੱਤਰਾਂ ਨੂੰ ਹੀ ਵਡੇਰੀਆਂ ਜ਼ਿੰਮੇਵਾਰੀਆਂ ਸਉਂਪੀਆਂ ਜਾਂਦੀਆਂ ਹਨ।

੧੮੫੭ ਈ. ਤੋਂ ੧੮੬੭ ਈ. ਤੱਕ ਤਾਂ ਸ੍ਰੀ ਭੈਣੀ ਸਾਹਿਬ ਆਪ ਦੇ ਨਿਵਾਸ ਦੇ ਅਨੇਕਾਂ ਸਬੂਤ ਮਿਲਦੇ ਹਨ। ਸੰਨ ੧੮੭੧-੭੨ ਈ. ਦੀਆਂ ਘਟਨਾਵਾਂ ਜਾਂ ਇਸ ਤੋਂ ਕੁਝ ਸਮਾਂ ਪਹਿਲਾਂ ਬਿਰਧ ਅਵਸਥਾ ਕਾਰਨ ਆਪ ਮਚੌਰ ਆਪਣੇ ਪਿੰਡ ਵਿਖੇ ਜਾ ਟਿਕੇ ਹੋਣ। ਅੰਬਾਲਾ ਜ਼ਿਲ੍ਹਾ ਵਿਚ ਆਪ ਸਭ ਤੋਂ ਪ੍ਰਮੁੱਖ ਕੂਕਾ ਆਗੂ ਸਨ ਜੋ ਮੈਨ ਦੁਆਬ ਦੇ ਇਲਾਕੇ ਵਿਚ ਸਿੱਖੀ ਪਰਚਾਰ ਕਰਦੇ ਸਨ ਅਤੇ ਸਰਕਾਰ ਅੰਗਰੇਜ਼ ਵਿਰੁੱਧ ਉੱਠਣ ਵਾਲੇ ਕੂਕਾ ਵਿਦਰੋਹ ਵਿਚ ਭਾਗ ਲੈਣ ਲਈ ਲੋਕਾਂ ਨੂੰ ਉਤਸ਼ਾਹਿਤ ਵੀ ਕਰਦੇ ਸਨ। ਪੰਜਾਬ ਸਰਕਾਰ ਦੇ ਸਕੱਤਰ ਨੇ ਭਾਰਤ ਸਰਕਾਰ ਦੇ ਸਕੱਤਰ ਨੂੰ ਜਿਹੜਾ ਪਤਰ ੨ ਫਰਵਰੀ ੧੮੬੭ ਨੂੰ ਭੇਜਿਆ ਉਸ ਵਿਚ ਲਿਖਿਆ ਕਿ "੧੮੬੩ ਈ. ਵਿਚ ਮਾਹਲਪੁਰ (ਗੁਰਦਸਪੁਰ) ਵਿਚ ਇਕ ਕੂਕਾ ਇਕੱਠ ਸੀ, (ਗੁਰੂ) ਰਾਮ ਸਿੰਘ ਇੱਥੇ ਨਹੀਂ ਪੁੱਜੇ। ਪਰ ਉਹਨਾਂ ਦੀ ਪ੍ਰਤੀਨਿਧਤਾ ਦੋ ਗੁਰਭਾਈਆਂ-ਸੁੱਧ ਸਿੰਘ ਅਤੇ ਕਾਹਨ ਸਿੰਘ ਨੇ ਕੀਤੀ। ਪਹਿਲਾ ਭੈਣੀ (ਸਾਹਿਬ) ਦਾ ਸੀ ਅਤੇ ਦੂਜਾ ਮਲੋਟ ਜ਼ਿਲ੍ਹਾ ਗੁਰਦਾਸਪੁਰ ਦਾ। (ਮਾਲੂਮ ਹੁੰਦਾ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਦਾ ਕੁਝ ਭਾਗ ਉਦੋਂ ਗੁਰਦਾਸਪੁਰ ਵਿਚ ਸ਼ਾਮਲ ਸੀ)"[13] ਗੁਰਭਾਈਇਸ ਲਈ ਲਿਖੇ ਹਨ ਕਿ ਦੋਹਾਂ ਲਹੌਰ ਦਰਬਾਰ ਦੇ ਪੂਰਬ ਸੈਨਿਕਾਂ ਨੇ ਗੁਰੂ ਬਾਲਕ ਸਿੰਘ ਜੀ ਤੋਂ ਦੀਖਿਆ ਲਈ ਸੀ। ਇਸੇ ਰੀਪੋਰਟ ਵਿਚ ਦਰਜ ਹੈ ਕਿ ਜਦੋਂ ਕੂਕਿਆਂ ਨੇ ਪੁਰਾਣੀਆਂ ਮਨਾਉਂਤਾਂ ਮੜ੍ਹੀਆਂ, ਕਬਰਾਂ, ਸਮਾਧਾਂ ਆਦਿ ਢਾਹੁਣੀਆਂ ਸ਼ੁਰੂ ਕੀਤੀਆਂ ਕਿਉਂ ਜੁ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਖਾਲਸਾ ਇਉਂ ਹੀ ਕਰਦਾ ਸੀ, ਬਕੌਲ ਭਾਈ ਸੰਤੋਖ ਸਿੰਘ ਕਰਤਾ "ਸ੍ਰੀ ਗੁਰੂ ਪਰਤਾਪ ਸੂਰਜ ਗਰੰਥ"-

"ਪੀਰਨ ਔਰ ਫਕੀਰਨ ਤੇ ਕੋਈ ਕਾਜ ਨਾ ਸਉਰਤ ਹੈ ਜਗ ਮਾਂਹੀਂ।

ਹੋਤ ਹੈ ਕਾਮ ਬਿਲੰਬ ਬਿਨਾਂ ਜਬ ਸਿਖਨ ਪਹਿ ਅਰਦਾਸ ਕਰਾਂਹੀਂ।"

ਤਾਂ ਹੁਸ਼ਿਆਰਪੁਰ ਜ਼ਿਲ੍ਹੇ ਵਿਚ (ਸੂਬਾ) ਸੁੱਧ ਸਿੰਘ ਦੀ ਅਗੁਆਈ ਹੇਠ ੧੩ ਕੂਕੇ ਦਾਖਲ ਹੋਏ ਅਤੇ ਉਹਨਾਂ ਗੁਨਹਾੜੀ ਪਿੰਡ ਦੇ ਇਕ ਮੰਦਰ ਵਿਚ ਕੁਝ ਹਿੰਦੂ ਮੂਰਤੀਆਂ ਤੋੜ ਦਿੱਤੀਆਂ।[14]

ਸੂਬਾ ਸੁੱਧ ਸਿੰਘ ਅਤੇ ਕਾਹਨ ਸਿੰਘ ਦੇ ਜ਼ਿੰਮੇ ਅੰਬਾਲਾ ਜ਼ਿਲ੍ਹਾ ਵਿਚ ਪੰਥਕ ਪਰਚਾਰ ਕਰਨਾ ਸੀ। ਪ੍ਰੰਤੂ ਕੈਪਟਨ ਹੈਰਿਸ ਦੀ ਰੀਪੋਰਟ ਹੈ ਕਿ ਜ਼ਿਲ੍ਹਿਆਂ ਵਿਚ ਭੇਜੇ ਜਾਣ ਵਾਲੇ ਸੂਬਿਆਂ ਦੀ ਅਦਲਾ ਬਦਲੀ ਹੁੰਦੀ ਰਹਿੰਦੀ ਸੀ।[15] ਸੂਬਾ ਸੁਧ ਸਿੰਘ ਦਾ ਭੈਣੀ ਸਾਹਿਬ ਨਿਵਾਸ ੧੮੫੭ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਜਦੋਂ ਕਿ ਉਸਨੂੰ ਸੂਬਾ ੧੮੬੫ ਈ. ਵਿਚ ਬਣਾਇਆ ਗਿਆ ਸੀ। ਸ੍ਰੀ ਭੈਣੀ ਸਾਹਿਬ ਨਿਵਾਸ ਦੇ ਵੇਰਵਿਆਂ ਲਈ ਅਸੀਂ ਨਾਮਧਾਰੀ ਇਤਿਹਾਸਕ ਗਰੰਥ ਸਤਿਗੁਰੂ ਬਿਲਾਸ ਕ੍ਰਿਤ



Namdhari Elibrary NamdhariElibrary@gmail.com

ਭਾਈ ਸੰਤੋਖ ਸਿੰਘ ਬਾਹੋਵਾਲ ਤੇ ਹੀ ਨਿਰਭਰ ਹਾਂ। ਸੁੱਧ ਸਿੰਘ ਨੂੰ ਬਾਹੋਵਾਲ ਜੀ ਵੀ ਦੁਰਗਾਪੁਰ ਦਾ ਲਿਖਦੇ ਹਨ ਹੋ ਸਕਦਾ ਹੈ ੧੮੭੧-੭੨ ਈ. ਦੀਆਂ ਦੁਖਦਾਈ ਘਟਨਾਵਾਂ ਬਾਅਦ ਸੂਬਾ ਜੀ ਨੇ ਮਚੌਰ ਨੂੰ ਆਪਣਾ ਨਿਵਾਸ ਬਣਾ ਲਿਆ ਹੋਵੇ ਪਹਿਲਾਂ ਦੁਰਗਾਪੁਰ ਰਹਿੰਦੇ ਰਹੇ ਹੋਣ। ਡੇਰਾ ਅਬਾਦ ਹੋਣ ਦਾ ਵਰਣਨ ਬਾਹੋਵਾਲ ਜੀ ਇਉਂ ਕਰਦੇ ਹਨ:

"ਪਹਿਲੇ ਗੁਲਾਬ ਸਿੰਘ ਗੋਂਦਾ ਆਇਆ ਸੀ ਜਸ ਸੁਣ ਕੇ। ਭਜਨ ਲੈ ਕੇ ਏਥੇ ਈ ਰਹਿਣ ਲੱਗਾ। ਹਟੀ ਵਿਚ ਕਰ ਦਿੱਤਾ। ਸੁੱਧ ਸਿੰਘ ਦੁਰਗਾਪੁਰ ਦਾ ਆਇਆ, ਰਾਗ ਭੀ ਜਾਣਦਾ ਸੀ। ਆਸਾ ਦੀ ਵਾਰ ਲਾਵਣੀ ਸ਼ੁਰੂ ਕੀਤੀ।"[16] ਡੇਰੇ ਵਿਚ ਆਏ ਸਿੰਘਾਂ ਦੇ ਪਰਸ਼ਾਦੇ ਲਈ ਆਟਾ ਮਾਈ ਜੱਸਾਂ ਸਤਿਗੁਰੂ ਜੀ ਦੇ ਮਹਿਲ ਪੀਂਹਦੇ ਸਨ। "ਇਕ ਦਿਨ ਸ੍ਰੀ ਸਤਿਗੁਰੂ ਜੀ ਜੱਸਾਂ ਨਾਲ ਪਿਸਾਵਣ ਲੱਗੇ। ਫੇਰ ਸੁੱਧ ਸਿੰਘ ਭੀ ਆਇ ਲੱਗਾ, ਸਤਿਗੁਰੂ ਜੀ ਹਟਾਇ ਦਿੱਤੇ।"[17]

ਸੁੱਧ ਸਿੰਘ ਆਪਣੇ ਪਹਿਲੇ ਜੀਵਨ ਵਿਚ ਗ੍ਰਿਹਸਤੀ ਨਹੀਂ ਸੀ। ਉਸਦੇ ਦੈਨਿਕ ਜੀਵਨ ਦਾ ਅਤੇ ਸਤਿਗੁਰੂ ਜੀ ਦੁਆਰਾ ਉਸ ਦਾ ਮਾਨ ਸਨਮਾਨ ਕੀਤੇ ਜਾਣ ਦਾ ਵਰਣਨ ਵੀ ਬਾਹੋਵਾਲ ਜੀ ਦੇ ਗ੍ਰੰਥ ਵਿਚ ਮਿਲਦਾ ਹੈ : "ਸੁੱਧ ਸਿੰਘ ਦੁਰਗਾਪੁਰੀਆ ਮਹੰਤ ਸੀ। ਜਿੱਥਿ ਉਸਨੇ ਜਾਣਾ, ਗੜਵਾ, ਡੋਰੀ, ਪਊਏ, ਪੁਸਤਕ, ਕਛਹਿਰੇ ਹਮੇਸ਼ਾਂ ਕੋਲ ਰੱਖਣੇ। ਜਿੱਥਿ ਇਕੰਤ ਦੇਖਣਾ ਉੱਥੇ ਹੀ ਇਸ਼ਨਾਨ ਕਰਕੇ ਨਿਤਨੇਮ ਕਰਨਾ, ਬਾਣੀ ਪੜ੍ਹਨੀ। ਸੂਖਮ ਪ੍ਰਸ਼ਾਦ ਛੱਕ ਕੇ ਛਿਨ ਭਰ ਟੇਡੇ ਹੋਇ ਕੇ ਫੇਰ ਦੀਵਾਨ ਲਾਵਣਾ। ਸੁੱਧ ਸਿੰਘ ਰਾਗ ਵੀ ਕਰ ਲੈਂਦਾ ਸੀ। ਇਕ ਦਿਨ ਸੁੱਧ ਸਿੰਘ ਨੇ ਸ਼ਰਦਾਈ ਬਣਾਈ। ਗੁਰੂ ਜੀ ਨੂੰ ਛਕਾਵਣ ਲੱਗੇ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਤੁਸੀਂ ਬਿਹੰਗਮ ਸਾਧ ਹੋ ਮੈਂ ਗ੍ਰਿਸਤੀ ਹਾਂ, ਤੁਹਾਨੂੰ ਸੰਤਾਂ ਨੂੰ ਛਕਾ ਕੇ ਮੈਨੂੰ ਛਕਣਾ ਚਾਹੀਏ।"[18]

ਅਪ੍ਰੈਲ ੧੮੬੧ ਈ. ਜਦੋਂ ਸ੍ਰੀ ਸਤਿਗੁਰੂ ਜੀ ਹਰਿਦੁਆਰ, ਅੱਧ-ਕੁੰਭੀ ਕੇ ਮੇਲੇ ਤੇ ਪੰਥਕ ਪਰਚਾਰ ਵਾਸਤੇ ਗਏ ਤਾਂ ਭਾਈ ਸੁੱਧ ਸਿੰਘ ਸਾਰੇ ਸੰਗ ਦਾ ਖਜ਼ਾਨਚੀ ਸੀ। ਸਤਿਗੁਰੂ ਜੀ ਨੇ ਇਸ ਯਾਤਰਾ ਸਮੇਂ, ਕਈ ਮਨ ਮੱਤੀਆਂ ਨੂੰ ਸੋਧਾ ਲਾਉਣ ਲਈ, ਸੁੱਧ ਸਿੰਘ ਨੂੰ ਆਪਣਾ ਸਲੋਤਰ ਵੀ ਸੰਭਲਾ ਦਿੱਤਾ ਸੀ, ਜਿਸਨੂੰ ਆਪ 'ਕਾਮੜਾ' ਕਹਿੰਦੇ ਸਨ। ਉਸ ਨੂੰ ਕਿਹਾ "ਜਦ ਮੈਂ ਮੰਗਾਂ ਤਾਂ ਤੂੰ ਮੈਨੂੰ ਦੇ ਦੇਵੀਂ।"[19] ਕਦੇ ਕਦੇ ਆਪਣੀ ਮੌਜ ਵਿਚ ਆ ਕੇ ਸੁੱਧ ਸਿੰਘ ਨਾਲ ਬਹੁਤ ਖੇਡਾਂ ਕਰਦੇ। ਇਕ ਦਿਨ ਰੋਗ ਗ੍ਰਸਤ ਹੋਏ ਸੁੱਧ ਸਿੰਘ ਦੀ ਗੰਗਾ ਦੇ ਇਸੇ ਦੌਰੇ ਤੇ ਰੱਛਿਆ ਵੀ ਕੀਤੀ। ਕਈਆਂ ਨੂੰ ਜਿਹੜੇ, ਬਚਨ ਮੰਨ ਕੇ ਆਚਰਣ ਨਾ ਕਰਦੇ, ਸੁੱਧ ਸਿੰਘ ਵੀ ਆਪ ਦੇ ਹੁਕਮ ਤੇ ਸੋਧਾ ਲਾ ਦਿੰਦਾ ਸੀ। ਗੁਰੂ ਸਾਹਿਬ ਦੇ ਨਾਂ ਤੇ ਸਿੱਖ ਕਹਾਉਣ ਵਾਲੇ ਜਦੋਂ ਮਨ ਮਤ ਕਰਦੇ ਸਨ ਤਾਂ ਆਪ ਪਸੰਦ ਨਹੀਂ ਸਨ ਕਰਦੇ। ਸੁੱਧ ਸਿੰਘ, ਬ੍ਰਹਮਾ ਸਿੰਘ, ਸਾਹਿਬ ਸਿੰਘ ਅਵਿਵਾਹਤ ਸੂਬਿਆਂ ਨੂੰ ਹਜ਼ੂਰ ਨੇ ਇਕ ਦਿਨ ਸਿੰਘਣੀਆਂ ਲਿਆ ਕੇ ਦੇਣ ਦਾ ਬਚਨ ਵੀ ਕੀਤਾ ਸੀ। ਗੁਰੂ ਸਿੱਖਾਂ ਵਿਚਾਲੇ ਅਜੇਹੇ ਰੌਚਕ ਪਰਸੰਗਾਂ ਦੀ 'ਸਤਿਗੁਰੂ ਬਿਲਾਸ' ਵਿਚ ਕਾਫੀ ਸੰਖਿਆ ਮਿਲਦੀ ਹੈ। ਸੂਬਿਆਂ ਤੇ ਹੋਰ ਮਹੱਤਵਪੂਰਨ ਵਿਅਕਤੀਆਂ ਨੂੰ ਰਸਦ ਵੰਡਣ ਦੀ ਜ਼ਿੰਮੇਵਾਰੀ ਵੀ ਸੂਬਾ ਸੁੱਧ ਸਿੰਘ ਹੋਰਾਂ ਨੂੰ ਸਉਂਪੀ ਗਈ ਸੀ।[20]

ਮਾਰਚ ੧੮੬੭ ਈ. ਦਾ ਅਨੰਦਪੁਰ ਸਾਹਿਬ ਦਾ, ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਸੰਗਤ ਦੁਆਰਾ ਮਨਾਇਆ ਗਿਆ ਪਹਿਲਾ ਹੋਲਾ ਮਹੱਲਾ ਕਈ ਪੱਖਾਂ ਤੋਂ ਅਤੀ ਮਹੱਤਵਪੂਰਨ ਸੀ। ਬੀਬੀਆਂ ਨੂੰ ਮਰਯਾਦਾ ਧਾਰਨ ਕਰਵਾਉਣ, ਗੁਰਮਤ ਅਨੰਦ ਕਾਰਜ ਦੀ ਰੀਤੀ ਅਰੰਭ ਕਰਨ ਸਦਕਾ ਅਤੇ ਤੇਜੀ ਨਾਲ ਫੈਲ ਰਹੇ ਕੂਕਾ ਪੰਥ ਦੇ ਰਾਜਨੀਤਕ ਮਨੋਰਥਾਂ ਪ੍ਰਤੀ ਆਮ ਜਨਤਾ ਦੇ ਆਕਰਸ਼ਿਤ ਹੋਣ ਤੋਂ ਡਰ ਕੇ, ੧੮੬੩ ਈ. ਦੇ ਦਰਮਿਆਨ ਜਿਹੇ ਹੀ ਸਰਕਾਰ ਨੇ ਸਤਿਗੁਰੂ ਜੀ ਤੇ ਭੈਣੀ ਸਾਹਿਬ ਤੋਂ ਬਾਹਰ ਜਾਣ ਤੇ ਸੂਬਿਆਂ ਸਮੇਤ ਰੋਕ ਲਾ ਦਿੱਤੀ ਸੀ। ਇਹ ਰੋਕ ਤਕਰੀਬਨ ਸਾਢੇ ਤਿੰਨ ਸਾਲ ਤੱਕ ੧੮੬੬ ਈ. ਤਕ ਰਹੀ। ਹੁਣ ਸ੍ਰੀ ਸਤਿਗੁਰੂ ਜੀ ਨੇ ਇਸ ਰੋਕ ਨੂੰ ਤੋੜ ਕੇ ਅਨੰਦਪੁਰ ਸਾਹਿਬ ਹੋਲੇ ਦੇ ਪੁਰਬ ਤੇ ਜਾਣ ਦੇ ਆਪਣੇ ਇਰਾਦੇ ਦੀ ਸੂਚਨਾ ਸਰਕਾਰ ਨੂੰ ਲਾਹੌਰ ਭੇਜ ਦਿੱਤੀ ਸੀ। ਇਸ ਲਈ ਨਿਧਾਨ ਸਿੰਘ ਆਲਿਮ ਇਸ ਨੂੰ ਪਹਿਲੇ ਸਤਿਆਗ੍ਰਹਿ ਦੀ ਸੰਗਿਆ ਦਿੰਦਾ ਹੈ। ਬਾਦ ਵਿਚ ਮਜਬੂਰੀ ਵਿਚ ਅਤੇ ਨੱਕ ਨਮੂਜ ਰੱਖਣ ਲਈ ਸਰਕਾਰ ਨੇ ਵੀ ਹੋਲੇ ਤੇ ਜਾਣ ਦੀ ਆਪ ਨੂੰ ਮਨਜ਼ੂਰੀ ਦੇ ਦਿੱਤੀ। ਇਸ ਹੋਲੇ ਦੀ ਤਿਆਰੀ ਤੋਂ ਪਹਿਲਾਂ, ਪ੍ਰਬੰਧਾਂ ਦਾ ਜਾਇਜ਼ਾ ਲੈਣ ਅਤੇ ਸਮੁੱਚੇ ਮਾਹੌਲ ਵਿਚ ਦੋਸਤ ਦੁਸ਼ਮਣ ਦੀ ਪਹਿਚਾਣ ਲਈ, ਸਤਿਗੁਰੂ ਜੀ ਨੇ ਤਿੰਨ ਪ੍ਰਮੁੱਖ ਸੂਬੇ ਬਾਬਾ ਲੱਖਾ ਸਿੰਘ, ਸੁੱਧ ਸਿੰਘ ਅਤੇ ਬਾਬਾ ਕਾਨ੍ਹ ਸਿੰਘ ਭੇਜੇ ਸਨ। ਅਧਿਕਾਰੀਆਂ ਦੀ ਹਾਜ਼ਰੀ ਵਿਚ ਗੁਰਧਾਮਾਂ ਦੇ ਪੁਜਾਰੀਆਂ ਨਾਲ ਵਿਚਾਰ ਚਰਚਾ ਤੋਂ ਬਾਦ ਸੂਬਿਆਂ ਨੇ ਪੁਜਾਰੀਆਂ ਨੂੰ ਨਿਰੁੱਤਰ ਕਰ ਦਿੱਤਾ ਕਿ ਉਹ ਕਿਸੇ ਤਰ੍ਹਾਂ ਵੀ ਕੂਕਿਆਂ ਨੂੰ ਜੋ ਸਿੱਖ ਪੰਥ ਦਾ ਹੀ ਇਕ ਮਹੱਤਵਪੂਰਨ ਭਾਗ ਹਨ, ਦਰਸ਼ਨ ਦੀਦਾਰਿਆਂ ਤੋਂ ਰੋਕ ਨਹੀਂ ਸਕਦੇ। ਸਤਿਗੁਰੂ ਜੀ ਸੰਗਤ ਦੇ ਵਿਸ਼ਾਲ ਇਕੱਠ ਸਮੇਤ ਸਰਕਾਰੀ ਅੰਕੜੇ ਵੀ ਘੱਟੋ ਘੱਟ ਅੱਠ ਹਜ਼ਾਰ ਦੇ ਹਨ, ਨਾਮਧਾਰੀ ਇਤਿਹਾਸਕ ਸ੍ਰੋਤ ਵੀਹ ਪੰਝੀ ਹਜ਼ਾਰ ਤਕ ਲਿਖਦੇ ਹਨ, ਜਦੋਂ ਇਸ ਹੋਲੇ ਸਮੇਂ ਤਖਤ ਕੇਸਗੜ੍ਹ ਸਾਹਿਬ ਦੇ ਦਰਸ਼ਨਾਂ ਨੂੰ ਜਾਂਦੇ ਹਨ ਤਾਂ ਉਸ ਅਲੌਕਿਕ ਸਮੇਂ ਦਾ ਵਰਣਨ ਸਾਡਾ ਕਿੱਸਾਕਾਰ ਇਉਂ


Namdhari Elibrary NamdhariElibrary@gmail.com

ਕਰਦਾ ਹੈ :

"ਮੁੜਕੇ ਕਿਲਾ ਅਨੰਦਪੁਰ ਦੇਖਣੇ ਨੂੰ,
ਗੁਰੂ ਬਾਰ੍ਹਵੇਂ ਜਾਮੇ ਨੂੰ ਧਾਰ ਚੱਲੇ
ਸਜ ਧਜ ਕੇ ਸੰਗਤਾਂ ਨਾਲ ਸਤਿਗੁਰ,
ਉਤੇ ਘੋੜਿਆਂ ਹੋਇ ਅਸਵਾਰ ਚੱਲੇ
ਭੀੜ ਭਾੜ ਭਾਰੀ ਸੰਗਤ ਪੈਦਲਾਂ ਦੀ,
ਘੋੜ ਚੜ੍ਹੇ ਭੀ ਕਈ ਹਜਾਰ ਚੱਲੇ
ਸੋਢੀ ਸਾਹਿਬ ਮਹੰਤ ਅਨੰਦਪੁਰ ਦੇ,
ਡਿਪਟੀ ਸਾਹਿਬ ਨੂੰ ਦੇਵਣੇ ਤਾਰ ਚੱਲੇ
ਕੂਕੇ ਚਲੇ ਆਉਂਦੇ ਕਿਲਾ ਲੁੱਟਣੇ ਨੂੰ,
ਬਾਗ਼ੀ ਲੋਕ ਚਲੇਂਣ ਹਥਿਆਰ ਚੱਲੇ
ਡਿਪਟੀ ਸਾਹਿਬ ਅੰਬਾਲੇ ਤੋਂ ਫੌਜ ਲੈ ਕੇ,
ਬੰਦੋਬਸਤ ਦੇ ਲੀਏ ਸਰਕਾਰ ਚੱਲੇ
ਲੈ ਕੇ ਫੌਜਾਂ ਦੇ ਜਥੇ ਅਨੰਦਪੁਰ ਨੂੰ,
ਪੁਲਸ ਫੌਜ ਦੇ ਸਿਪਾਹ ਸਲਾਰ ਚੱਲੇ
ਪਹੁੰਚੇ ਮੇਲੇ ਤੇ ਗੁਰੂ ਹਰਨਾਮ ਸਿੰਘਾ,
ਰੋਪੜ ਪਿੰਡ ਨੂੰ ਬਖਸ਼ ਦੀਦਾਰ ਚੱਲੇ।"[21]

੨੭ ਮਾਰਚ ੧੮੬੭ ਦੇ ਥੋਰਨਟਨ, ਸਕੱਤਰ ਪੰਜਾਬ ਸਰਕਾਰ ਨੇ ਫੋਰਸਾਈਥ ਕਮਿਸ਼ਨਰ ਜਲੰਧਰ ਡਿਵੀਜ਼ਨ ਨੂੰ, ਇਸ ਹੋਲੇ ਮਹੱਲੇ ਸਬੰਧੀ ਲਿਖੇ ਪੱਤਰ ਵਿਚ ਕਿਹਾ ਹੈ :

"੩. (ਗੁਰੂ) ਰਾਮ ਸਿੰਘ ਅਤੇ ਉਸਦੀਆਂ ਸੰਗਤਾਂ ਦੇ ਪੁਰ ਅਮਨ ਤੌਰ ਤਰੀਕੇ ਪਰਸੰਸਾਯੋਗ ਹਨ, ਪਰ ਫਿਰ ਵੀ ਇਹ ਲਹਿਰ ਅਜੇਹੀ ਹੈ, ਜਿਸ ਬਾਰੇ ਲਾਟ ਪੰਜਾਬ ਟਿੱਪਣੀ ਕਰਦੇ ਹਨ, ਕਿ ਇਸ ਤੇ ਬੜੇ ਧਿਆਨ ਪੂਰਵਕ ਨਿਗਾਹ ਰੱਖੀ ਜਾਏਗੀ।"[22] ਇਸੇ ਰੀਪੋਰਟ ਵਿਚ ਕਰਨਲ ਮੈਕ ਐਂਡਰੀਊ, ਡਿਪਟੀ ਇੰਸਪੈਕਟਰ ਜਨਰਲ, ਪੰਜਾਬ ਪੁਲੀਸ, ਲਾਹੌਰ ਸਰਕਲ ਵਲੋਂ ਸਰਕਾਰੀ ਤੌਰ ਤੇ ਕੀਤੀਆਂ ਪੇਸ਼ਬੰਦੀਆਂ ਦੇ ਵੇਰਵੇ ਵੀ ਹਨ ਤੇ ਮੈਕ ਐਂਡਰੀਊ ਦੀ ਰੀਪੋਰਟ ਇਹ ਪ੍ਰਭਾਵ ਜਮਾਉਣ ਦੀ ਵੀ ਅਸਫਲ ਕੋਸ਼ਿਸ਼ ਕਰਦੀ ਹੈ ਕਿ ਗੁਰੂ ਰਾਮ ਸਿੰਘ ਸਰਕਾਰੀ ਆਗਿਆ ਨਾਲ ਹੀ ਅਨੰਦਪੁਰ ਹੋਲੇ ਮਹੱਲੇ ਤੇ ਕੇਸਗੜ੍ਹ ਸਾਹਿਬ ਪਹੁੰਚਦੇ ਹਨ। ਇਸ ਰੀਪੋਰਟ ਵਿਚ ਸੂਬਾ ਸੁੱਧ ਸਿੰਘ ਦੇ ਕੂਕਿਆਂ ਦੇ ਵਿਸ਼ਾਲ ਇਕੱਠ ਦੀ ਅਗਵਾਈ ਕਰਨ ਦਾ ਹਵਾਲਾ ਵੀ ਮੈਕਐਂਡਰੀਊ ਦਿੰਦਾ ਹੈ : "੧੯ ਮਾਰਚ ਦੀ ਸਵੇਰ ਨੂੰ (ਤਖਤ ਸ੍ਰੀ ਕੇਸਗੜ੍ਹ ਦੇ ਦਰਸ਼ਨਾਂ ਲਈ) ਗੁਰੂ ਰਾਮ ਸਿੰਘ ਆਪਣੇ ਦਰਬਾਰ ਸਮੇਤ ਪੁੱਜਦੇ ਹਨ। ਉਹਨਾਂ ਦੇ ਪਿੱਛੇ ੨੦ ਘੋੜ ਸਵਾਰ ਅਤੇ ੨੫੦੦ ਪੈਦਲ ਲੋਕ ਸਨ। ਜਦੋਂ ਉਹ ਸਾਡੇ ਕੈਂਪ ਦੇ ਸਾਹਵਿਉਂ ਲੰਘਣ ਲੱਗੇ, ਮੈਂ ਬਾਹਰ ਆ ਕੇ (ਸੂਬਾ) ਸੁੱਧ ਸਿੰਘ ਨੂੰ, ਜੋ ਉਹਨਾਂ ਦੇ ਮੁੱਖੀ ਮਹੰਤਾਂ ਵਿਚੋਂ ਇਕ ਸੀ ਅਤੇ ਘੋੜੇ ਤੇ ਚੜ੍ਹ ਕੇ ਜਲੂਸ ਦੀ ਅਗੁਆਈ ਕਰ ਰਿਹਾ ਸੀ, ਇਸ਼ਾਰਾ ਕੀਤਾ ਕਿ ਉਹ ਘੋੜੇ ਤੋਂ ਹੇਠਾਂ ਆ ਕੇ ਸ੍ਰੀ ਪਰਕਿੰਨਜ਼, ਡਿਪਟੀ ਕਮਿਸ਼ਨਰ ਨੂੰ ਦੁਆ ਸਲਾਮ ਕਰ ਲਵੇ। ਇਸ ਤੇ (ਗੁਰੂ) ਰਾਮ ਸਿੰਘ ਤੇ ਮੁੱਖੀ ਸਿੰਘ ਘੋੜਿਆਂ ਤੋਂ ਉਤਰੇ ਅਤੇ ਸ੍ਰੀ ਪਰਕਿੰਨਜ਼ ਨੂੰ ਮਿਲੇ, ਜਿਸਨੇ ਗੁਰੂ ਰਾਮ ਸਿੰਘ ਨੂੰ ਆਪਣੇ ਤੰਬੂ ਵਿਚ ਪ੍ਰਵੇਸ਼ ਕਰਵਾਇਆ, ਜਿੱਥੇ ਦੋਹਾਂ ਦੀ ਲੰਮੀ ਬਾਤਚੀਤ ਹੋਈ, ਸੰਗਤਾਂ ਬਾਹਰ ਖੜੀਆਂ ਸਨ।... ਦਰਸ਼ਨਾਂ ਲਈ ਅਗਲੀ ਸਵੇਰ ਮਿਥੀ ਗਈ।..ਸ਼ਾਮ ਨੂੰ ਮੈਕਐਂਡਰੀਉ ਸਤਿਗੁਰੂ ਜੀ ਦੇ ਡੇਰੇ ਗਿਆ ਜਿੱਥੇ ਉਹ ੫੦੦੦ ਸਿੰਘਾਂ ਦੇ ਇਕੱਠ ਵਿਚ ਬਿਰਾਜਮਾਨ ਸਨ।"[23]

ਇੰਸਪੈਕਟਰ ਫਜ਼ਲ ਹੁਸੈਨ ਆਪਣੀ ਰੀਪੋਰਟ ਵਿਚ ੮੦੦੦ ਦੀ ਸੰਖਿਆ ਦੱਸਦਾ ਹੈ। ਉਹ ਕਹਿੰਦਾ ਹੈ ਕਿ ਗੁਰੂ ਸਾਹਿਬ ਤੋਂ ਤਾਂ ਸਰਕਾਰ ਨੂੰ ਕੋਈ ਖ਼ਤਰਾ ਨਹੀਂ ਪਰ ਉਹਨਾਂ ਦੇ ਸੂਬਿਆਂ ਦੇ ਇਰਾਦੇ ਭਲੇ ਨਹੀਂ। ਕੂਕਾ ਲਹਿਰ ਦੇ ਰਾਜਸੀ ਨਿਸ਼ਾਨਿਆਂ, ਸੁਤੰਤਰ ਖਾਲਸਾ ਰਾਜ ਦੀ ਪੁਨਰ ਸਥਾਪਨਾ ਦਾ ਕਾਰਜ ਸਤਿਗੁਰੂ ਜੀ ਦੇ ਸੁੱਧ ਸਿੰਘ ਜਿਹੇ ਸੂਬਿਆਂ ਦੇ ਏਜੰਡੇ ਵਿਚ ਹੀ ਸ਼ਾਮਲ ਸੀ।

ਅਕਤੂਬਰ, ੧੮੬੭ ਈ. ਦੀ ਅੰਮ੍ਰਿਤਸਰ ਦੀ ਦੀਵਾਲੀ ਤੇ ਸੰਗਤਾਂ ਦੇ ਭਾਰੀ ਇਕੱਠ ਸਮੇਤ ਪਹੁੰਚਣਾ, ਸੰਤ ਨਿਧਾਨ ਸਿੰਘ ਆਲਮ ਦੇ ਮੁਤਾਬਿਕ, ਕੂਕਿਆਂ ਦਾ ਦੂਜਾ ਸਤਿਆਗ੍ਰਹਿ ਸੀ। ਅਨੰਦਪੁਰ ਹੋਲਾ ਮਹੱਲਾ, ਕੂਕਾ ਪੰਥ ਦੀ ਵਿਲੱਖਣਤਾ, ਰਾਜਸੀ ਨਿਸ਼ਾਨਿਆਂ ਪ੍ਰਤੀ ਜ਼ਿਆਦਾ ਸਪੱਸ਼ਟ ਹੁੰਦਾ ਹੈ ਜਿਥੇ ਮੀਹਾਂ ਸਿੰਘ ਲੂਲੋ ਜਿਹੇ ਮਸਤਾਨੇ ਸ਼ਰੇਆਮ ਹੋਕੇ ਦਿੰਦੇ ਸਨ : "ਆਪਣੀ ਸਫ ਸਮੇਟ ਲੈ ਅਬ ਗੁਰੂ ਆਇ ਗਿਆ ਹੈ। ਸੱਚਾ ਗੁਰੂ ਆ ਪ੍ਰਗਟ ਹੋਇਆ ਹੈ। ਤੁਸੀਂ ਕਿੱਥੇ ਏਥੇ ਆ ਗਏ ਹੋ ਨੰਦਨੋ? ਆਇਕੇ ਏਥੇ ਬੁੱਚੜਖਾਨੇ ਲਾਇ ਦਿਤੇ ਹੈ ਪੰਜਾਬ ਮੇਂ। ਧਰਤੀ ਕਾ ਮਾਲਕ ਧਰਤੀ ਪਰ ਆਇ ਗਿਆ ਹੈ। ਹੁਣ ਥੋੜੇ ਚਿਰ ਤਕ ਤੁਹਾਡੀ ਸਫ ਚੁਕੀ ਜਾਣੀ ਹੈ ਔਰ ਤੁਸੀਂ ਚਲੇ ਜਾਓ ਜਿਧਰੋਂ ਆਏ ਹੋ।"[24] ਅੰਮ੍ਰਿਤਸਰ ਦੀ ਉਪਰੋਕਤ ਦੀਵਾਲੀ ਪੁਜਾਰੀਆਂ ਨਾਲ ਹੋਏ ਸੰਵਾਦ ਕਾਰਨ, ਕੂਕਿਆਂ ਦੀ ਸੱਚੇ ਸਿੱਖਾਂ ਵਜੋਂ ਪਹਿਚਾਨ ਸਥਾਪਿਤ ਕਰਦੀ ਹੈ। ਇਸ ਯਾਤਰਾ ਦੀ ਇਤਿਹਾਸਕ ਮਹੱਤਤਾ ਨੂੰ ਡਾ. ਅਮਰ ਭਾਰਤੀ ਇਉਂ ਨੋਟ ਕਰਦੇ ਹਨ : "ਸ੍ਰੀ ਅੰਮ੍ਰਿਤਸਰ ਦੀ ਯਾਤਰਾ ਸਤਿਗੁਰੂ ਰਾਮ ਸਿੰਘ ਜੀ ਦੀਆਂ ਸਰਗਰਮੀਆਂ ਵਿਚੋਂ ਇਕ ਪ੍ਰਮੁੱਖ ਪਰਸੰਗ ਉਪਰ ਚਾਨਣਾ ਪਾਉਂਦੀ ਹੈ। ਇਸ ਪਰਸੰਗ ਤੋਂ ਪਤਾ ਲੱਗਦਾ ਹੈ ਕਿ ਉਸ ਵੇਲੇ ਤਕ ਸਤਿਗੁਰੂ ਰਾਮ ਸਿੰਘ ਜੀ ਦੀ ਮਹਿਮਾ ਦਾ ਕਿੰਨਾ ਵੱਡਾ ਪਸਾਰ ਹੋ ਚੁੱਕਾ ਸੀ। ਅਪਾਰ ਸੰਗਤ ਉਸ ਵੇਲੇ ਆਪ ਦੇ ਦਰਸ਼ਨਾਂ ਲਈ ਉਮਡੀ ਹੋਈ ਸੀ। ਸਤਿਗੁਰਾਂ ਦੇ ਮਨ ਵਿਚ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਤੀ ਕੈਸੀ ਬੇਮਿਸਾਲ ਸ਼ਰਧਾ ਭਗਤੀ ਸੀ। ਦੂਜੇ



Namdhari Elibrary NamdhariElibrary@gmail.com

ਧਾਰਮ ਪੁਜਾਰੀਆਂ ਦੇ ਇਕ ਵਰਗ ਦੇ ਮਨ ਵਿਚ ਤੰਗ ਨਜ਼ਰੀ ਸੀ, ਤੇ ਪੁਜਾਰੀਆਂ ਦੇ ਇਕ ਦੂਜੇ ਵਰਗ ਦੇ ਮਨ ਵਿਚ ਸਤਿਗੁਰਾਂ ਦੇ ਪ੍ਰਤੀ ਆਜਜ਼ੀ ਅਤੇ ਸ਼ਰਧਾ ਦਾ ਭਾਵ ਵੀ ਸੀ।"੨੫ ਦੀਵਾਲੀ ਦੇ ਇਸ ਇਤਿਹਾਸਕ ਇਕੱਠ ਵਿਚ ਸ਼ਾਮਲ ਸੂਬਿਆਂ ਵਿਚ ਸੁਧ ਸਿੰਘ ਦਾ ਨਾਮ ਸਰਕਾਰੀ ਰੀਕਾਰਡ ਵਿਚ ਨੰਬਰ ਇਕ ਤੇ ਆਉਂਦਾ ਹੈ ਅਤੇ ਇਸ ਤੋਂ ਪਹਿਲਾਂ ਜਦੋਂ ਦੁਸਹਿਰੇ ਦੇ ਮੇਲੇ ਸਮੇਂ ਨਾਮਧਾਰੀ ਸਿੰਘਾਂ ਦਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ੩੦੦੦ ਦਾ ਇਕੱਠ ਰੀਕਾਰਡ ਦੱਸਦਾ ਹੈ ਸੂਬਾ ਸੁੱਧ ਸਿੰਘ ਜੀ, ਕਾਹਨ ਸਿੰਘ, ਲੱਖਾ ਸਿੰਘ, ਸਾਹਿਬ ਸਿੰਘ, ਜਵਾਹਰ ਸਿੰਘ, ਖਜ਼ਾਨਾ ਸਿੰਘ ਅਤੇ ਨਰਾਇਣ ਸਿੰਘ ਆਦਿ ਪ੍ਰਮੁੱਖ ਸੂਬਿਆਂ ਸਮੇਤ ਭੈਣੀ ਸਾਹਿਬ ਹਾਜ਼ਰ ਸਨ, ਜੋ ਕੈਪਟਨ ਮੈਨਜ਼ੀਜ ਪੁਲੀਸ ਕਪਤਾਨ ਅੰਮ੍ਰਿਤਸਰ ਦੇ ਸੂਹੀਏ ਸਿਪਾਹੀ ਦੀ ਇਤਲਾਹ ਵਿਚ ਦਰਜ ਸੀ ਜਿਸਨੂੰ ਅੰਮ੍ਰਿਤਸਰ ਦੀਵਾਲੀ ਤੇ ਪੁੱਜਣ ਵਾਲੇ ਕੂਕਿਆਂ ਦੀ ਸੰਭਾਵਿਤ ਗਿਣਤੀ ਦਾ ਪਤਾ ਲਾਉਣ ਭੈਣੀ ਸਾਹਿਬ ਭੇਜਿਆ ਸੀ। ਜਿਸਨੇ ਇਹ ਵੀ ਦੱਸਿਆ ਸੀ ਕਿ ਸਰਦਾਰ ਮੰਗਲ ਸਿੰਘ ਬਿਸ਼ਨਪੁਰਾ ਵੀ ਪੰਜ ਸਵਾਰਾਂ ਸਮੇਤ ਦਰਸ਼ਨਾਂ ਨੂੰ ਆਇਆ ਸੀ।26

੨੦ ਜਨਵਰੀ ੧੮੬੮ ਦੀ ਪੰਜਾਬ ਪੁਲੀਸ ਦੇ ਆਈ. ਜੀ. ਦੀ ਸਕੱਤਰ, ਪੰਜਾਬ ਸਰਕਾਰ ਨੂੰ ਭੇਜੀ ਚਿੱਠੀ ਵਿਚ ਲਿਖਿਆ ਹੈ : "ਸਾਹਿਬ ਸਿੰਘ, ਸੁੱਧ ਸਿੰਘ, ਨਿਹੰਗ ਸਿੰਘ (ਕਾਹਨ ਸਿੰਘ), ਬ੍ਰਹਮਾ ਸਿੰਘ ਅਤੇ ਲੱਖਾ ਸਿੰਘ ਸਾਰੇ ਹੀ, ਘੱਟ ਵਧ ਗੜਬੜ ਪਸੰਦ ਹਨ ਅਤੇ ਵਿਧੀ ਦੁਆਰਾ ਸਥਾਪਿਤ ਸੱਤਾ ਦੀ ਲਗਾਮ ਤੋਂ ਬੇਮੁਹਾਰੇ ਹਨ।27 ਹੁਣ ਬੰਦਾ ਇਹਨਾਂ ਫਰੰਗੀ ਹਾਕਮਾਂ ਨੂੰ ਪੁੱਛੇ ਕਿ ਛਲ ਕਪਟ ਅਤੇ ਧੋਖਾ ਧੜੀ ਦੁਆਰਾ ਖਾਲਸਾ ਦਰਬਾਰ ਦੇ ਤਬਲੇ ਮੂਧੇ ਮਾਰ ਕੇ, ਕਿਹੜੀ ਵਿਧੀ ਨਾਲ ਤੁਸਾਂ ਆਪਣਾ ਰਾਜ ਕਾਇਮ ਕੀਤਾ ਸੀ, ਜਿਸਨੂੰ ਹੁਣ ਸੁੱਧ ਸਿੰਘ ਜਿਹੇ ਕੂਕੇ ਸੂਬਿਆਂ ਤੋਂ ਖਤਰਾ ਉਤਪੰਨ ਹੋ ਗਿਆ ਸੀ। ਪਾਪੀਆਂ ਨੂੰ ਆਪਣੀ ਕਰਤੂਤ ਦਾ ਪਾਲਾ ਹੀ ਨਹੀਂ ਟਿਕਣ ਦਿੰਦਾ-'ਉਹਨਾਂ ਸੋ ਸੁਆਰ ਦਾ ਡਰ ਨਹੀਂ ਜਿੰਨਾ ਆਪਣੀ ਕਰਤੂਤ ਦਾ ਹੁੰਦਾ ਹੈ'-ਇਸ ਲਈ ਵਿਦੇਸ਼ੀ ਸਰਕਾਰ ਸਤਿਗੁਰੂ ਜੀ ਦੇ ਪ੍ਰਭਾ ਮੰਡਲ ਗਿਰਦੇ ਜੁੜਦੀਆਂ ਵਿਸ਼ਾਲ ਸੰਗਤਾਂ ਅਤੇ ਕੂਕਾ ਸੂਬਿਆਂ ਦੀ ਕਾਰਜ ਕੁਸ਼ਲਤਾ ਅਤੇ ਉਹਨਾਂ ਦੀ ਪਰਚਾਰਕ ਸਮਰੱਥਾ ਨੂੰ ਵੇਖ ਵੇਖ ਦਿਨੇ ਹੀ ਬੁੜਾ ਬੁੜਾ ਉਠਦੀ ਸੀ।

ਅੰਮ੍ਰਿਤਸਰ, ਰਾਇਕੋਟ ਦੇ ਬੁਚੜਬੱਧ ਸਾਕਿਆਂ ਦੇ ਵਿਚਕਾਰਲੇ ਸਮੇਂ ਵਿਚ ੫ ਜੁਲਾਈ ੧੮੭੧ ਈ. ਨੂੰ ਬਾਗਾਂਵਾਲਾ (ਮੋਰਿੰਡਾ) ਦੇ ਬੁਚੜਖਾਨੇ ਤੇ ਹਮਲਾ ਕਰਨ ਲਈ "ਅਤਰ ਸਿੰਘ ਹਜ਼ੂਰੀਆ ਕਰਤਾਰਗੜ੍ਹ ਦਾ, ਦੂਆ ਅਤਰ ਸਿੰਘ ਕੋਠੇ ਕਾ, ਨਿੰਦਕ ਕਾਨ੍ਹਾ ਕਮਾਲਪੁਰ ਦਾ, ਧੌਂਕਲ ਸਿੰਘ ਰਾਇਪੁਰ ਕਾ ਧੀਮਣ ਸਿੰਘ ਦੁਘਰੀ ਕਾ। ਏਤਨੇ ਸਰੀਰ ਤੁਰੇ। ਰਾਤ ਲੱਲੀ ਜਾਇ ਰਹੇ। ਅੱਗੇ ਸੇਹ ਜਾਇ ਰਹੇ। ਓਥੋਂ ਅੱਗੇ ਭੜੀ ਜਾਇ ਰਹੇ।...ਆਸੇ ਪਾਸੇ ਹੋਇਕੇ ਚੁੰਨ੍ਹੀ ਜਾਇ ਰਹੇ।

"ਅੱਗੇ ਬਾਬਾ ਸੁੱਧ ਸਿੰਘ ਸੀ। ਓਸਨੇ ਕਹਿਆ ਏਹ ਕੰਮ ਥੁਆਡੇ ਕਰਨ ਦਾ ਨਹੀਂ, ਤੁਸੀਂ ਨਾ ਜਾਓ। ਸਿੰਘ ਸੁਣ ਕੇ ਗੁੱਸੇ ਹੋਏ ਕੇ ਤੂੰ ਕਿਉਂ ਰੋਕਦਾ ਹੈ ਸਾਨੂੰ ਜਾਂਦਿਆਂ ਨੂੰ। ਅਸੀਂ ਤਾਂ ਸ਼ਿਮਲੇ ਜਾਣਾ ਹੈ।"28

ਬਾਬਾ ਸੁੱਧ ਸਿੰਘ ਦੀ ਪੇਸ਼ੀਨਗੋਈ ਠੀਕ ਨਿਕਲੀ। ਇਹ ਸਿੰਘ ਬੁੱਚੜਖਾਨੇ ਦੇ ਰਾਹ ਵਿਚ ਹੀ ਚੌਂਕੀਦਾਰ ਕਰੀਮਬਖਸ਼ ਨਾਲ ਉਲਝ ਗਏ ਅਤੇ ਉਸਨੂੰ ਝਟਕਾ ਕੇ ਅੱਗੇ ਨਿਕਲ ਗਏ। ਪਕੜੇ ਜਾਣ ਤੇ ਕੁਝ ਸਿੰਘਾਂ ਨੂੰ ਕੁਝ ਕੁਝ ਸਜ਼ਾਵਾਂ ਭੁਗਤਣੀਆਂ ਪਈਆਂ। ਸੋ ਮਾਲੂਮ ਹੋਇਆ ਕਿ ਮਲੇਰਕੋਟਲਾ ਸਾਕਾ ਤੋਂ ਪਹਿਲੋਂ ਹੀ ਸੂਬਾ ਸੁੱਧ ਸਿੰਘ ਨੇ ਚੁੰਨ੍ਹੀ ਵਿਖੇ ਆ ਡੇਰਾ ਲਾਇਆ ਸੀ। ਇਸ ਤੋਂ ਬਾਅਦ ਉਹ ਮਦੌਰ ਚਲੇ ਗਏ। ਬਿਹੰਗਮ ਸਨ, ਗੁਰਬਾਣੀ, ਗੁਰਮਤਿ ਸੰਗੀਤ ਦੇ ਗਿਆਤਾ ਸਨ। ਭਜਨ ਬਾਣੀ ਦੇ ਰਸੀਏ ਸੱਚ ਸੋਧ ਦੇ ਧਾਰਨੀ, ਆਪਣਾ ਅਸਬਾਬ ਚੁੱਕ ਕੇ ਤੁਰਨ ਤੋਂ ਘਬਰਾਉਂਦੇ ਨਹੀਂ ਸਨ। ਚੁੰਨ੍ਹੀ ਤੋਂ ਬਾਦ ਹੀ ਆਪ ਨੇ ਮਦੌਰ ਵਿਖੇ ਨਿਵਾਸ ਕੀਤਾ। ਆਪਣਾ ਡੇਰਾ ਬਣਾ ਕੇ ਲੋਹ ਲੰਗਰ ਵੀ ਜਾਰੀ ਕੀਤਾ। ਜਿੱਥੇ ਸੰਗਤਾਂ ਦੀ ਗਹਿਮਾ ਗਹਿਮੀ ਰਹਿੰਦੀ ਸੀ। ਬਿਹੰਗਮ ਸਾਧੂ ਨੂੰ ਸੰਗਤਾਂ ਨਾਮ ਬਾਣੀ ਦਾ ਉਪਦੇਸ਼ ਸੁਣਨ, ਕਥਾ ਕੀਰਤਨ ਦਾ ਅਨੰਦ ਮਾਨਣ ਲਈ ਵੱਡੇ ਮਾਨ ਸਤਿਕਾਰ ਨਾਲ ਆਪਣੇ ਪਾਸ ਸ਼ੁਰੂ ਤੋਂ ਰੱਖਦੀਆਂ ਆਈਆਂ ਹਨ। ਸੋ ਜੇ ਦੁਰਗਾਪੁਰ ਜਾਂ ਸਗਰੀ ਨਿਵਾਸ, ਪੂਰਬ ਭੈਣੀ ਸਾਹਿਬ ਕਾਲ ਵਿਖੇ ਕੀਤੇ ਤਾਂ ਅੰਤ ਸਮਾਂ ਨਿਸ਼ਚੇ ਦੀ ਮਦੌਰ ਵਿਖੇ ਬਤੀਤ ਹੋਇਆ ਕਿਉਂਕਿ ਅੰਬਾਲਾ ਜ਼ਿਲ੍ਹਾ ਵਿਚ ਕੂਕਿਆਂ ਦੀ ਕਾਫੀ ਗਿਣਤੀ ਸੀ ਅਤੇ ਇਸ ਲਈ ਸੰਗਤਾਂ ਨੇ ਆਪ ਨੂੰ ਇੱਥੇ ਰਹਿਣ ਲਈ ਰਜ਼ਾਮੰਦ ਕਰ ਲਿਆ ਹੋਵੇਗਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸੂਬਾ ਸੁੱਧ ਸਿੰਘ ਦਾ ਗੁਰ ਭਾਈ ਹੋਣ ਸਦਕਾ, ਉਹਨਾਂ ਦੇ ਉਚ ਅਧਿਆਤਮਿਕ ਜੀਵਨ ਵਿਚ ਪਾਰੰਗਤ ਹੋਣ ਸਦਕਾ, ਮਿਸ਼ਨ ਅਤੇ ਪੰਥ ਪ੍ਰਤੀ ਪੂਰਨ ਸਮਰਪਣ ਭਾਵ ਸਦਕਾ, ਆਪ ਦਾ ਬਹੁਤ ਸਤਿਕਾਰ ਕਰਿਆ ਕਰਦੇ ਸਨ। ਇਹ ਸਤਿਕਾਰ ਸਤਿਗੁਰੂ ਜੀ ਦੁਆਰਾ ਸੂਬਾ ਜੀ ਨੂੰ ਭੇਜੇ ਹੁਕਮਨਾਮੇ ਦੇ ਅੱਖਰ ਅੱਖਰ ਵਿਚੋਂ ਡੁੱਲ ਡੁੱਲ ਪੈਂਦਾ ਹੈ। ਸੂਬਾ ਜੀ ਦੇ ਵਿਅਕਤੀਤਵ ਦੇ ਵੀ ਇਸ ਵਿਚੋਂ ਦਰਸ਼ਨ ਹੁੰਦੇ ਹਨ। ਕੋਈ ਪੱਤਰ ਉਹਨਾਂ ਸਤਿਗੁਰੂ ਜੀ ਦੀ ਸੇਵਾ ਵਿਚ ਭੇਜਿਆ ਸੀ। ਜਿਸ ਵਿਚ ਨਿਮਰਤਾ ਭਾਵ ਜ਼ਿਆਦਾ ਹੋਵੇ, ਸਤਿਗੁਰੂ ਜੀ ਦੀ ਮਹਿਮਾ ਦਾ ਚੋਖਾ ਬਖਾਨ ਹੋਵੇ ਜਾਂ ਬਿਰਹੋਂ



Namdhari Elibrary NamdhariElibrary@gmail.com

ਅਗਨੀ ਦੀ ਭਾਰੀ ਤਪਸ਼ ਮਹਿਸੂਸ ਕਰਦੇ ਸਨ, ਸਤਿਗੁਰੂ ਜੀ ਸੂਬਾ ਜੀ ਨੂੰ ਅੱਗੇ ਤੋਂ ਅਜੇਹਾ ਪੱਤਰ ਨਾ ਭੇਜਣ ਬਾਰੇ ਵੀ ਤਾਕੀਦ ਕਰਦੇ ਹਨ। "ਹਰਿਦਾਸਾ ਦਾ ਈ ਮੇਲਾ ਰਹਿ ਗਿਆ ਹੈ। ਦੋਹਾ ਦਾ ਤਾ ਗੁਰੂ ਕਰਾਊਗਾ ਤਾਂ ਹੋਊ।" ਤੋਂ ਮਾਲੂਮ ਹੁੰਦਾ ਹੈ ਕਿ ਸੂਬਾ ਜੀ ਖੁਦ ਰੰਗੂਨ ਦਰਸ਼ਨਾਂ ਨੂੰ ਨਹੀਂ ਗਏ। ਕਿਸੇ ਸਿੰਘ ਹੱਥ ਉਹਨਾਂ ਦੀ ਅਰਦਾਸ ਦੇ ਪ੍ਰਤੀ ਹੁਕਮਨਾਮਾ ਦੇ ਰਹੇ ਹਨ। "ਏਸ ਦੇਸ ਮੈ ਤਾ ਤੁਸਾ ਦਾ ਈ ਸਰੀਰ ਰਹਿ ਗਿਆ ਹੈ ਇਹ ਸ੍ਰੀ ਸਤਿਗੁਰੂ ਜੀ ਵਲੋਂ ਸੂਬਾ ਜੀ ਪ੍ਰਤੀ ਆਪ ਦੇ ਡੂੰਘ ਪ੍ਰੇਮ ਅਤੇ ਲਗਾਉ ਦੀ ਪ੍ਰਤੀਕ ਹੈ। ਹੁਕਮਨਾਮਾ ੨੫ ਦਾ ਸੰਪੂਰਨ ਪਾਠ ਇਉਂ ਹੈ—

"੧ਓ ਸਤਿਗੁਰੂ ਪ੍ਰਸਾਦਿ।"

"ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਉਜਲ ਦੀਦਾਰ ਨਿਰਮਲ ਬੁਧ, ਪਰਉਪਕਾਰੀ ਧਰਮ ਕੇ ਰਛਕ, ਬਾਣੀ, ਕਾ ਰੂਪ, ਸਤਿ ਸੰਤੋਖ ਕੀ ਮੂਰਤਿ, ਸਰਬ ਗੁਣਾ ਸੁਪੰਨ, ਸਰਬ ਉਪਮਾ ਜੋਗ ਭਾਈ ਸੁਧ ਸਿੰਘ ਜੀ ਤੇ ਹੋਰ ਸੰਬੂਹ ਸੰਗਤ ਖਾਲਸੇ ਜੀ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਹੱਥ ਜੋੜਕੇ ਪ੍ਰਮਾਨ ਕਰਨੀ।

"ਹੋਰ ਜੀ ਏਥੇ ਸਾਡੇ ਪਾਸ ਸੁਖ ਅਨੰਦ ਹੈ, ਆਪਦੀ ਸੁਖ ਗੁਰੂ ਸਾਹਿਬ ਜੀ ਪਾਸੋਂ ਹਮੇਸ਼ਾ ਮੰਗਦੇ ਹਾਂ। ਹੋਰ ਜੀ ਮਤਲਬੁ ਏਹੁ ਹੈ ਸਾਰੀ ਸੰਗਤਿ ਕੋ ਹੁਕਮੁ ਦੇਣਾ ਜੋ ਸਾਰੀ ਸੰਗਤਿ ਭੋਗ ਪੁਆਉਣ। ਜੇ ਮੇਹਰਮਾਨੀ ਕਰਨ ਸਾਡੇ ਨਮਿਤ ਪਾਉਣ, ਜਿਉ ਪਾਉਣ ਤਿਮੇ ਪਾਉਣ। ਸਾਰੇ ਈ ਬਾਣੀ ਕੰਠ ਕਰਨਿ, ਪਰ ਜਨਾਨੇ ਮਰਦਾਨੇ ਕੁੜੀ ਮੁੰਡੇ ਤੇ ਲਾ ਕੇ ਕੁੜੀਆਂ ਮੁੰਡਿਆਂ ਨੂੰ ਅਖਰੁ ਪੜਾਇ ਦੇਣੇ ਅਰ ਭਜਨ ਕਰਦੇ ਰਹਿਣਾ, ਛੱਡ ਨ ਦੇਣਾ ਕਿਤੇ। ਆਖਣ ਓ ਕਿਤੇ ਚਲੇ ਗਏ, ਹੁਣ ਕੀ ਕਰਨਾ ਹੈ ਭਜਨ, ਭਜਨੁ ਦਸਣਿ ਵਾਲੇ ਕਿਤੇ ਗਏ। ਭਾਈ ਦੋਹਾ ਦਾ ਤਾ ਮੇਲ ਐਸਾ ਈ ਹੈ। ਕਿਸੇ ਦੇਸ ਮੈ ਕਿਸੇ ਗਾਓਂ ਇਸਥਿਰ ਨਹੀ ਰਹਿੰਦੀਆਂ। ਭਜਨ ਬਾਣੀ ਤਾ ਜੀ ਦੇ ਸਦਾ ਈ ਅੰਗ ਸੰਗ ਰਹਿੰਦਾ ਹੈ। ਔਖੀ ਵੇਲੇ ਨਾਮ ਹੀ ਇਸ ਜੀ ਦੀ ਸਹਾਇਤਾ ਕਰਦਾ ਹੈ।

"ਭਾਈ ਸੁਧ ਸਿੰਘ ਜੀ ਤੁਸੀਂ ਅੱਗੇ ਵਰਗੀ ਹਰਿਦਾਸ ਨਾ ਲਿਖਿਓ। ਤੁਸੀਂ ਤਾਂ ਸਾਧ ਹੋ ਜੀ, ਮੈ ਤਾਂ ਤੁਸਾ ਨੂੰ ਸੰਤ ਜਾਣਦਾ ਹਾਂ। ਕਿਤੇ ਆਪ ਜਾਣਾ, ਕਿਸੇ ਨੂੰ ਆਪਣੇਂ ਪਾਸ ਬੁਲਾ ਕੇ ਏਹੁ ਸੁਣਾਉਣਾ। ਜੋ ਮੰਨੇਗਾ ਉਸਨੂੰ ਬਹੁਤ ਭਲਾ ਹੋਊਗਾ, ਸਤਿ ਕਰਕੇ ਮੰਨਣਾ, ਗੁਰੂ ਜੀ ਦਾ ਹੁਕਮੁ ਹੈ ਭਜਹੁ ਗੋਬਿੰਦ ਭੂਲਿ ਮਤ ਜਾਹੁ। ਮਾਨਸ ਜਨਮ ਕਾ ਏਹੀ ਲਾਹੁ।

"ਹੋਰ ਜੀ ਜਦ ਕੋਈ ਆਵੇ ਸਾਡੀ ਬਲ ਤਦ ਹੀ ਆਪਣੀ ਸੁਖ ਅਨੰਦ ਦੀ ਖਵਰ ਲਿਖਦੇ ਰਹਿਣਾ। ਹੁਣ ਤਾਂ ਹਰਿਦਾਸਾ ਦਾ ਈ ਮੇਲਾ ਰਹਿ ਗਿਆ ਹੈ। ਦੋਹਾ ਦਾ ਤਾ ਗੁਰੂ ਕਰਾਊਗਾ ਤਾ ਹੋਊ। ਹੋਰ ਜੀ ਸਾਰੀ ਸੰਗਤਿ ਨੂੰ ਨਾਮ ਜਪਾਉਣਾ। ਏਸ ਦੇਸ ਮੈਂ ਤਾਂ ਤੁਸਾਂ ਦਾ ਈ ਸਰੀਰ ਰਹਿ ਗਿਆ ਹੈ। ਬਾਣੀ ਸਭਦੇ ਕੰਠ ਕਰਨ ਨੂੰ ਬਹੁਤ ਆਖਣਾ ਅਰੁ ਐਮ੍ਰਿਤ ਵੇਲੇ ਸਨਾਨ ਨੂੰ। ਬੜਾ ਮਹਾਤਮਾ ਹੈ ਅੰਮ੍ਰਿਤ ਵੇਲੇ ਨਾਮ ਜਪਣ ਦਾ। ਅਰੁ ਜਥਾ ਸਕਤਿ ਸੇਵਾ ਭੀ ਕਰਨੀ ਅੰਨ ਬਸਤ੍ਰ ਦੀ, ਦਾਨ ਦੀ। ਏ ਧਨ ਘਟਦਾ ਨਹੀਂ ਵੱਧਦਾ ਹੀ ਜਾਂਦਾ ਹੈ। ਥੋੜਾ ਲਿਖਾ ਹੈ ਬੁਹਤਾ ਕਰਕੇ ਜਾਣਨਾ। ਨਾਮ ਤਾਮ ਲਿਖੇ ਤੇ ਕਾਗਤੁ ਬਧ ਜਾਂਦਾ ਹੈ। ਖਾਲਸਾ ਅਨੰਤ ਹੈ।

"ਹੋਰ ਭਾਈ ਗੁਪਾਲ ਸਿੰਘ ਜੀ ਨੂੰ ਤੇ ਜੁਆਲਾ ਸਿੰਘ ਨੂੰ ਮੁਣਸਾ ਸਿੰਘ ਨੂੰ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਹੋਰ ਜੀ ਤੁਸੀ ਕੋਈ ਆਪਣੇ ਹਥ ਦੀ ਅਰਦਾਸ ਆਪਣੇ ਵਿਹਾਰ ਦਾ ਹਵਾਲ ਸਾਨੂੰ ਜਰੂਰ ਲਿਖਕੇ ਭੇਜਣਾ। ਮਰਜੀ ਪ੍ਰਮੇਸਰ ਦੀ ਹਜਾਰਾ ਕੋਹਾ ਦਾ ਪਾੜਾ ਪੈ ਗਿਆ ਜਿਉਂਦਿਆ ਦਾ। ਹੁਣ ਤਾਂ ਚਿੱਠੀ ਚਪਠੀ ਦਾ ਈ-ਮੇਲ ਰਹਿ ਗਇਆ ਹੈ, ਦੋਹਾ ਦਾ ਗੁਰੂ ਮਿਲਾਊਂਗਾ ਤਾ ਮਿਲਾਗੇ। ਸਤਿ ਸ੍ਰੀ ਅਕਾਲ।"[29]

ਮਢੌਰ ਵਿਚ ਈਸਰ ਸਿੰਘ ਤੇ ਮਾਨ ਸਿੰਘ ਨਾਮ ਦੇ ਵੀ ਨਾਮਧਾਰੀ ਸਿੱਖ ਸਨ ਜਿਹਨਾ ਦਾ ੩੦ ਨੰਬਰ ਹੁਕਮਨਾਮੇ ਵਿਚ ਜ਼ਿਕਰ ਹੈ ਮੈਨ ਦੁਆਬ ਦੇ ਹੋਰ ਸਿੰਘਾਂ ਦੇ ਨਾਲ ਨਾਲ। ਇਸ ਲਈ ਸਤਿਗੁਰੂ ਜੀ ਬਾਬਾ ਜੀ ਵਾਲੇ ਹੁਕਮਨਾਮੇ ਵਿਚ 'ਨਾਮਦਾਮ ਲਿਖਣ" ਤੇ ਕਾਗਜ਼ ਵਧਣ ਦੀ ਗੱਲ ਕਰਕੇ ਅਨੰਤ ਖਾਲਸੇ ਦੀ ਪ੍ਰਤੀਨਿਧਤਾ ਸੂਬਾ ਸੁੱਧ ਸਿੰਘ ਹੋਰਾਂ ਦੇ ਜ਼ਿੰਮੇ ਲਾ ਦਿੰਦੇ ਹਨ। ਭਾਈ ਨਰਾਇਣ ਸਿੰਘ, ਫਲੌਰ ਵਿਚ ਰਹਿਣ ਵਾਲੇ ਫਾਰਸੀ ਦੇ ਵਿਦਵਾਨ ਨੂੰ ਦਰਸ਼ਨਾਂ ਬਾਦ ਦੇਣ ਵਾਲੇ ਹੁਕਮਨਾਮੇ ਵਿਚ ਵੀ ਜਾਂਦੀ ਵਾਰ, ਮਢੌਰ ਜਾ ਕੇ ਬਾਬਾ ਸੁਧ ਸਿੰਘ ਪਾਸੋਂ ਲੰਘ ਜਾਣ ਬਾਰੇ ਹੁਕਮ ਦਿੰਦੇ ਹਨ ਕਿਉਂ ਜੁ ਉਹ ਰਾਹ ਤੋਂ ਜ਼ਿਆਦਾ ਪਾਸੇ ਨਹੀਂ। ਹਜ਼ੂਰ ਦੀ ਤਾਰ ਉਸ ਦੇ ਅੰਦਰ ਵੀ ਖੜਕਦੀ ਹੋਏਗੀ।

"ਸੁਧਿ ਸਿੰਘ ਕੋ ਵੀ ਮਿਲਦੇ ਜਾਣਾ, ਰਸਤੇ ਵਿਚ ਈ ਹੈ। ਥੋੜਾ ਈ ਲਾਂਭ ਹੈ ਰਸਤੇ ਤੇ।"[30]

ਸੰਨ ੧੯੮੦ ਈ. ਵਿਚ ਰੰਗੂਨ ਵਿਚ ਗੁਰੂ ਦਰਸ਼ਨਾਂ ਦਾ ਮਾਨੋ ਪ੍ਰਵਾਹ ਹੀ ਚੱਲ ਪਿਆ ਸੀ। ਮਾਝੇ ਦੇ ਕੁਝ ਸਿੰਘ ਅਤੇ ਲਾਲ ਸਿੰਘ ਲਤਾਲੀਆ, ਭਾਈ ਈਸ਼ਰ ਸਿੰਘ ਚੰਨ੍ਹੀ ਸਮੇਤ ਜਾਂਦਾ ਹੈ। ਇਸ ਦੌਰਾਨ ਸੂਬਾ ਸੁੱਧ ਸਿੰਘ ਜੀ ਨੇ ਕਿਸੇ ਬੀਬੀ ਨਾਲ ਅਨੰਦ ਪੜ੍ਹਾ ਲਿਆ ਸੀ। ਜਦੋਂ ਭਾਈ ਈਸ਼ਰ ਸਿੰਘ ਰੰਗੂਨ ਜਾਣ ਤੋਂ ਪਹਿਲਾਂ ਸੂਬਾ ਜੀ ਪਾਸ ਮਢੌਰ ਗਿਆ ਤਾਂ ਉਸ ਗੱਲਬਾਤ ਨੂੰ ਪੁਰਾਤਨ ਇਤਿਹਾਸ ਲੇਖਕ ਨੇ ਇਉਂ ਕਾਨੀ ਬੰਦ ਕੀਤਾ ਹੈ। "ਈਸ਼ਰ ਸਿੰਘ ਸੁੱਧ ਸਿੰਘ ਦੇ ਕੋਲ ਭੀ ਗਿਆ ਸਢੌਰੇ (ਬਾਬਾ ਜੀ ਮਢੌਰ ਤੋਂ ਇੱਥੇ ਆਏ ਹੋਣ ਕੁਝ ਸਮੇਂ



Namdhari Elibrary NamdhariElibrary@gmail.com

ਲਈ) ਬਾਬੇ ਸੁੱਧ ਸਿੰਘ ਨੇ ਕਿਹਾ ਕਿ ਮੇਰੀ ਅਰਜ਼ ਕਰਕੇ ਕਹੇਣਾ ਜੇਹੜਾ ਕੰਮ ਕਿਸੇ ਨਹੀਂ ਕੀਤਾ ਸੋ ਕੰਮ ਮੈਂ ਕੀਤਾ ਹੈ। ਤੂੰ ਬਖਸ਼ਿੰਦ ਹੈਂ।[31]

ਇਸ ਦੇ ਜੁਆਬ ਵਿਚ ਸਤਿਗੁਰੂ ਜੀ ਬਾਬਾ ਜੀ ਅਤੇ ਗੁਆਂਢ ਦੇ ਹੋਰ ਸਿੰਘਾਂ ਦੇ ਨਾਮ ਜਿਹੜਾ ਹੁਕਮਨਾਮਾ ਭੇਜਦੇ ਹਨ ਉਸ ਵਿਚ ਇਸ ਕਿਰਿਆ ਲਈ ਬਾਬਾ ਜੀ ਦੇ ਮਨ ਵਿਚ ਕੋਈ ਹੀਨ ਭਾਵਨਾ ਨਹੀਂ ਪੈਦਾ ਹੋਣ ਦਿੰਦੇ ਸਗੋਂ ਕੋਟ ਵਾਲੇ ਨਾਂਗੇ ਦੀ ਮਿਸਾਲ ਨਾਲ ਗੱਲ ਨੂੰ ਵਿਅੰਗ ਦੀ ਪਾਣ ਦਿੰਦੇ ਹਨ। ਮਖੌਲ ਵੀ ਹਾਣੀਆਂ ਨਾਲ ਹੀ ਕੀਤੇ ਜਾ ਸੱਕਦੇ ਹਨ। ਇਸ ਸਤਿਗੁਰੂ ਜੀ ਹੀ ਸਨ। ਜਿਹੜੇ ਇਹਨਾਂ ਹਲਤਾਂ ਵਿਚ "ਸੂਲੀਆਂ ਤੇ ਮੁਸਕਰਾਉਣ ਵਾਲੀ" ਅਦਾ ਨੂੰ ਰੂਪਮਾਨ ਕਰ ਰਹੇ ਹਨ। ਇਹ ਅਰਦਾਸ ਭਾਈ ਸ਼ਾਮ ਸਿੰਘ ਸਿਰਹਾਲੀ ਤੇ ਬਘੇਲ ਸਿੰਘ ਨਾਰਲੀ ਦੇ ਹੱਥ ੨੧ ਅਪ੍ਰੈਲ ੧੮੮੦ਈ. ਨੂੰ ਲਿਖ ਕੇ ਭੇਜੀ ਹੈ, ਉਸ ਦਿਨ ਲਿਖੇ ਹੋਰ ਬਹੁਤ ਸਾਰੇ ਹੁਕਮਨਾਮਿਆਂ ਜਿਉਂ । ਜਾਪਦਾ ਹੈ ਬਾਬਾ ਜੀ ਨੇ ਅਨੰਦ ਫੂਲਾ ਸਿੰਘ ਨਾਮੀ ਕਿਸੇ ਸਿਖ ਦੀ ਪੁਤਰੀ ਨਾਲ ਕਰਾਇਆ ਹੈ। ਇਸ ਲਈ ਸਤਿਗੁਰੂ ਜੀ ਉਸ ਬੀਬੀ ਨੂੰ ਵਿਦਿਆ ਪੜ੍ਹਾਉਣ ਦੀ ਹਦਾਇਤ ਕਰਦੇ ਹਨ ਤਾਂ ਕਿ ਵਿਦਿਆ ਦੇ ਸਿਰ ਤੇ ਉਹ ਆਪਣਾ ਬਾਬਾ ਜੀ ਤੋਂ ਬਾਦ ਵਾਲਾ ਸਮਾਂ ਰਤਾ ਠੀਕ ਢੰਗ ਨਾਲ ਬਿਤਾ ਸਕੇ। ਲਿਖਦੇ ਹਨ :

"ਅਰੁ ਤੂ ਫੂਲਾ ਸਿੰਘ ਦੀ ਧੀ ਨੂੰ ਅਛੀ ਤਰਾ ਅਖਰ ਭੜਾਇ ਦੇਈ। ਹਛਾ ਹੋਆ ਵਿਆਹੁ ਕਰ ਲਿਆ। ਭੋਗ ਬਾਸਨਾ ਰਹਿੰਦੀ ਤਾਂ ਬਹੁਤ ਬੁਰੀ ਥੀ, ਨਾਲੇ ਨਾਗਾ ਕੋਟ ਬਾਲਾ ਆਧਾ ਹੁੰਦਾ ਸੀ ਅਖੇ ਛੜਾ ਤਾਂ ਪ੍ਰੇਤ ਹੁੰਦਾ ਹੈ। ਕਬੀਲਦਾਰ ਚਤੁਰਭੁਜ ਹੋਈ ਜਾਂਦਾ ਹੈ। ਪਰ ਜੀ ਕਬੀਲਦਾਰੀ ਦਾ ਫਿਕਰੁ ਬਹੁਤ ਹੋਇ ਜਾਂਦਾ ਹੈ। ਹਛਾ ਅਗੇ ਤੂ ਕਲਾ ਭਜਨ ਬਾਣੀ ਕਰਦਾ ਸੀ, ਜੇ ਲੜਕੇ ਬਾਲੇ ਹੋ ਗਏ ਦੋ ਚਾਰ ਸਾਧ ਦੇ, ਬਹੁਤ ਭਜਨੁ ਬਾਣੀ ਕਰਨਗੇ। ਬਖਸਣੇ ਤਾਂ ਸਾਰੇ ਗੁਰੂ ਮਹਾਰਾਜ ਨੇ ਹੈ, ਛੜੇ ਤੇ ਕਬੀਲਦਾਰ ਬੀ। ਗੁਰੂ ਗੁਰੂ ਜਪੋ ਤੜਕੇ ਹੋ ਕੇ।

"ਏਹ ਹਰਿਦਾਸ ਦੇਣੀ ਭਾਈ ਅਤਰ ਸਿੰਘ ਨੂੰ ਕੋਟ ਕਛੂਏ। ਚਿਠੀ ਲਿਖੀ ਚੇਤ ਸੁਦੀ ੧੧, ਸਾਲ ੧੯੩੭ (ਬਿਕ੍ਰਮੀ)।"[32]

ਇਹ ਅਤਰ ਸਿੰਘ 'ਐਡਜੂਟੈਂਟ ਸੀ, ਪਿਤਾ ਦੇਵਾ ਸਿੰਘ ਸੀ। ਪਿੰਡ ਕੋਟ ਕਛੂਆ, ਥਾਣਾ ਜ਼ਿਲ੍ਹਾ, ਅੰਬਾਲਾ ਦਾ ਵਾਹੀਵਾਨ ਸੀ। ਇਹ ਉਚੇ ਲੰਮੇ ਕਦ ਵਾਲਾ ੫੫ ਕੁ ਸਾਲਾਂ ਦੀ ਉਮਰ, ਗੁਰਮੁਖੀ ਪੜ੍ਹ ਲਿਖ ਸਕਦਾ ਸੀ। ਜ਼ਿਲ੍ਹਾ ਸੁਲਤਾਨਪੁਰ ਵਿਚ, ਅਵਧ ਪੁਲੀਸ ਵਿਚ ਇੰਸਪੈਕਟਰ ਰਿਹਾ ਸੀ। ਪੈਨਸ਼ਨ ਮਿਲਦੀ ਹੈ ਤੇ ਇਕ ਜਗੀਰ ਵੀ ਮਿਲੀ ਹੈ, (ਅੰਬਾਲੇ ਦੇ ਆਮ ਸਿੱਖ ਸਰਦਾਰਾਂ ਜਿਉਂ)। ਨਾਮਧਾਰੀ ਪੰਥ ਵਿਚ ਉਸਦਾ ਚੰਗਾ ਅਸਰ ਰਸੂਖ ਹੈ, ਸਿੰਘ ਉਸ ਪਾਸ ਆਉਂਦੇ ਜਾਂਦੇ ਹਨ। ਉਸ ਬਾਰੇ ਰਿਪੋਰਟ ਵਿਚ ਇਹ ਵੀ ਦਰਜ ਹੈ ਕਿ ਬਹੁਤ ਬੁੱਧੀਮਾਨ ਪ੍ਰੰਤੂ ਹਮਲਾਵਰ ਨਹੀਂ।[33]

ਇਹ ਅਤਰ ਸਿੰਘ ਬਾਬਾ ਸੁੱਧ ਸਿੰਘ ਹੋਰਾਂ ਦਾ ਪ੍ਰਮ ਭਗਤ ਸੀ। ਆਪਣੀ ਪੈਨਸ਼ਨ ਬਾਬਾ ਜੀ ਦੇ ਡੇਰੇ ਚੱਲਦੇ ਲੰਗਰ ਵਿਚ ਪਾ ਦਿੰਦਾ ਸੀ। ਸੂਬਾ ਜੀ ਦੇ ਮਨ ਵਿਚ ਵੀ ਕੁਝ ਇਸ ਤਰ੍ਹਾਂ ਦੀ ਹੋ ਗਈ ਕਿ ਪਰਦੇਸ ਗਵਨ ਬਾਅਦ ਗੁਰੂ ਹਰੀ ਸਿੰਘ ਜੀ ਤੇ ਇਤਕਾਦ ਕਾਇਮ ਨਾ ਹੋ ਸਕਿਆ। ਇਸ ਲਈ ਬਾਹੋਵਾਲ ਜੀ ਦੀ ਰਚਨਾ ਵਿਚ ਇਸ ਦਾ ਭੈਣੀ ਸਾਹਿਬ ਜਾਣ ਦਾ ਵੇਰਵਾ ਨਹੀਂ ਮਿਲਦਾ ਹਾਲਾਂਕਿ ਗੁਰੂ ਹਰੀ ਸਿੰਘ ਜੀ ਨੇ ੧੮੮੭ ਈ. ਵਿਚ ਜਦੋਂ ਮੈਨ ਦੁਆਬ ਦਾ ਪਹਿਲਾ ਦੌਰਾ ਕੀਤਾ ਤਾਂ ਬਾਬਾ ਜੀ ਦੇ ਅਦਬ ਨੂੰ ਮੁਖ ਰੱਖਦਿਆਂ ਆਪ ਦੇ ਡੇਰੇ ਵਿਖੇ ਗਏ। ਗੁਰੂ ਹਰੀ ਸਿੰਘ ਜੀ ਦਾ ਢੰਗ ਨਾਲ ਸੁਆਗਤ ਸਤਿਕਾਰ ਨਾ ਕਰਨਾ ਬਾਬਾ ਜੀ ਦੁਆਰਾ ਸੰਗਤ ਨੇ ਪਸੰਦ ਨਾ ਕੀਤਾ ਤੇ ਗੁਰੂ ਹਰੀ ਸਿੰਘ ਤਾਂ ਵੈਸੇ ਹੀ ਖਿਮਾਂ ਦੀ ਮੂਰਤੀ ਸਨ। ਬਾਬਾ ਜੀ ਦੇ ਗੁਜ਼ਰ ਜਾਣ ਬਾਦ ਜਦੋਂ ਉਪਰੋਕਤ ਅਤਰ ਸਿੰਘ, ਭੈਣੀ ਸਾਹਿਬ ਪਹੁੰਚਿਆ ਤੇ ਗੁਰੂ ਹਰੀ ਸਿੰਘ ਜੀ ਨੇ ਉਸਨੂੰ ਅਹਿਸਾਸ ਕਰਾਇਆ ਕਿ ਅੱਜ ਵਾਲੀ ਤੇਰੀ ਭੇਟਾ ਹੀ ਸਤਿਗੁਰੂ ਰਾਮ ਸਿੰਘ ਦੇ ਲੰਗਰ ਵਿਚ ਪਹੁੰਚੀ ਹੈ। ਸਿੱਖ ਨੂੰ ਪਹਿਰੇ ਦੇ ਮਾਲਕ ਨਾਲ ਜੁੜੇ ਰਹਿਣ ਦੀ, ਇਹ ਸਿੱਖਿਆ ਦਿੰਦੀ ਸਾਖੀ, ਸਤਿਗੁਰੂ ਪਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਦਰਜ ਹੈ:

"ਦੂਸਰੀ ਗੱਲ ਹੈ, ਲੰਗਰ ਦੀ ਸੇਵਾ, ਜਿਹੜਾ ਤੁਹਾਡਾ ਪਦਾਰਥ ਬਚਦਾ ਹੈ, ਪੁੰਨ ਕਰਨ ਵਾਸਤੇ ਉਹ ਸਤਿਗੁਰਾਂ ਦੇ ਲੰਗਰ ਦੀ ਚੀਜ਼ ਹੈ। ਬਾਬੇ ਸੁੱਧ ਸਿੰਘ ਹੋਰੀ ਸਨ, ਉਹ ਮਢੌਰ ਰਹਿੰਦੇ ਸਨ, ਸਤਿਗੁਰਾਂ ਦੇ ਉਹ ਸੂਬੇ ਸਨ। ਸਤਿਗੁਰਾਂ ਦੇ ਨਾਲ ਉਹ ਇਕ ਨਹੀਂ ਸਨ ਆਏ। ਇਕ ਸਿੱਖ ਅਤਰ ਸਿੰਘ ਸੀ, ਉਸ ਨੂੰ ਪੈਨਸ਼ਨ ਆਉਂਦੀ ਸੀ। ਉਹ ਸਾਰੀ ਉਨ੍ਹਾਂ ਨੂੰ ਦੇਂਦਾ ਰਿਹਾ, ਸਾਰੀ ਉਮਰ, ਬਾਬੇ ਹੋਰੀਂ ਚਲੇ ਗਏ-ਉਥੋਂ, ਜਾਂ ਚੜ੍ਹ ਗਏ। ਭੈਣੀ ਸਾਹਿਬ ਜਾ ਕੇ ਉਨ੍ਹੇ ਦੋ ਰੁਪਏ ਦਿੱਤੇ। ਗੁਰੂ ਹਰੀ ਸਿੰਘ ਜੀ ਫੜਕੇ ਰੁਪਈਏ ਦੋ, ਆਖਿਆ, "ਭਾਈ ਅਤਰ ਸਿਹਾਂ ਸਤਿਗੁਰੂ ਰਾਮ ਸਿੰਘ ਜੀ ਦੇ ਲੰਗਰ 'ਚ ਤੇਰੇ ਆਹ ਦੋ ਰੁਪਏ ਪਏ ਹਨ।" ਲੰਗਰ ਦੀ ਚੀਜ਼ ਤੁਹਾਡੀ ਅਮਾਨਤ ਹੈ, ਸਤਿਗੁਰਾਂ ਦਾ ਲੰਗਰ ਹੈ, ਉਹਨਾਂ ਨੇ ਲੰਗਰ ਚਲਾਇਆ ਹੈ। ਉਨ੍ਹਾਂ ਦਾ ਹੁਕਮ ਹੈ, "ਭਾਈ ਜਿਹੜਾ ਲੰਗਰ 'ਚ ਪਾਵੇਗਾ ਮੇਰੇ ਮੂੰਹ 'ਚ ਪਾਵੇਗਾ।" ਉਹਨਾਂ ਨੇ ਹੁਕਮ ਦਿੱਤਾ ਹੈ। ਤੁਹਾਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ। ਘਰ ਘਰ ਵੀ ਸਤਿਗੁਰਾਂ ਦਾ ਲੰਗਰ ਹੈ। ਘਰ ਆਇਆ ਵੀ ਤੁਹਾਡੇ ਭੁੱਖਾ ਨਹੀਂ ਜਾਣਾ


Namdhari Elibrary NamdhariElibrary@gmail.com

ਚਾਹੀਦਾ। ਪਰ ਜਿਹੜੇ ਪੈਸੇ ਤੁਸੀਂ ਕੱਢਦੇ ਹੋ, ਦਸਵੰਧ ਦੇ, ਕਿਸੇ ਤਰ੍ਹਾਂ ਦੇ, ਉਹ ਤੁਹਾਡਾ ਫਰਜ਼ ਹੈ ਕਿ ਉਹ ਲੰਗਰ 'ਚ ਜਾਣ।"[34]

ਸੂਬਾ ਸੁਧ ਸਿੰਘ ਦੁਆਬੇ ਵਿਚ ਜੰਮਿਆ ਜਾਂ ਮਾਝੇ ਵਿਚ ਇਹ ਤਾਂ ਅਜੇ ਖੋਜ ਕਾਰਜ ਵੀ ਉਡੀਕ ਵਿਚ ਹੈ ਪ੍ਰੰਤੂ ਉਸ ਦਾ ਪ੍ਰਭਾ-ਮੰਡਲ ਸਤਿਗੁਰੂ ਜੀ ਦੀ ਸ਼ਰਣ ਵਿਚ ਆਉਣ ਨਾਲ ਜ਼ਰੂਰ ਵਿਸ਼ਾਲ ਹੋਇਆ। ਦੁਰਗਾਪੁਰ ਪਿੰਡ ਉਹਦੇ ਨਾਂ ਨਾਲ ਜੁੜਨ ਦਾ ਇਕ ਕਾਰਨ ਇਹ ਵੀ ਹੈ ਕਿ ੧੮੮੧ ਈ. ਦੀ ਲਿਸਟ ਵਿਚ ਭਾਈ ਲਾਭ ਸਿੰਘ ਰਾਗੀ ਨੂੰ ਵੀ ਦੁਰਗਾਪੁਰ ਰਹਿੰਦਾ ਲਿਖਿਆ ਹੈ। ਦੋਵੇਂ ਗੁਰੂ ਭਾਈ, ਦੋਵੇਂ ਰਾਗੀ ਤੇ ਦੋਵੇਂ ਇਕੋ ਸਮੇਂ ਸ੍ਰੀ ਭੈਣੀ ਸਾਹਿਬ ਦੇ ਗੁਰੂ ਦਰਬਾਰ ਵਿਚ ਹਾਜ਼ਰ ਹੋਏ।

ਸਤਿਗੁਰੂ ਜੀ ਦੇ ਵਿਸ਼ੇਸ਼ ਕਿਰਪਾ ਪਾਤਰ ਹੋਣ ਸਦਕਾ ਸੰਗਤਾਂ ਵਿਚ ਬੜੀ ਮਾਨਤਾ ਸੀ। ਪ੍ਰੰਤੂ ਮਨੁੱਖ ਤਾਂ ਮਨੁੱਖ ਹੀ ਹੁੰਦਾ ਹੈ। ਊਚ ਨੀਚ ਕਿਸ ਤੋਂ ਨਹੀਂ ਹੋਈ। ਜੇ ਕਿਤੇ ਬਾਬਾ ਜੀ ਵਿਚ ਕੁਝ ਵਿਚਲਨ ਆਈ ਤਾਂ ਫਿਰ ਵੀ ਉਹਨਾਂ ਦਾ ਸ਼ੁਮਾਰ ਸਾਡੇ ਇਤਿਹਾਸ ਦੇ ਅਮਰ ਪਾਤਰਾਂ ਵਿਚ ਹੋਣਾ ਲਾਜ਼ਮੀ ਹੈ। ਗੁਰੂ ਬਾਲਕ ਸਿੰਘ ਜੀ ਨਾਲ ਮੇਲ ਦਾ ਸਮਾਂ ਵੀ ਗਿਣੀਏ ਤਾਂ ਉਹਨਾਂ ਦੇ ੬੦-੬੫ ਵਰ੍ਹੇ ਇਸ ਸ਼ਾਨਾਂ ਮੱਤੇ ਨਾਮਧਾਰੀ ਇਤਿਹਾਸ ਨੂੰ ਸਮਰਪਿਤ ਹਨ। ਉਹ ਬਹੁਪੱਖੀ ਪ੍ਰਤਿਭਾ ਦੇ ਸੁਆਮੀ ਸਨ। ਵਿਦਵਾਨ ਹੋਣ ਦੇ ਨਾਲ, ਉਗਰ ਪਰਚਾਰਕ, ਰਾਗੀ, ਸੰਗਠਨ ਕਰਤਾ ਅਤੇ ਨਾਮ ਬਾਣੀ ਦੇ ਰਸੀਏ ਸਨ। ਜਿਹਨਾਂ ਨੇ ਮੈਣ ਦੁਆਬ ਵਿਚ ਬਹੁਤ ਸਾਰੇ ਪ੍ਰਭਾਵਸ਼ਾਲੀ ਲੋਕਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਲਿਆਂਦਾ। ਕੂਕਾ ਅੰਦੋਲਨ ਨੂੰ ਹੁਣ ਜਦੋਂ ਆਜ਼ਾਦੀ ਲਹਿਰ ਦਾ ਭਾਗ ਮੰਨ ਲਿਆ ਗਿਆ ਹੈ ਤਾਂ ਮਚੌਰ (ਅੰਬਾਲਾ) ਵਿਖੇ ਹਰਿਆਣਾ ਸਰਕਾਰ ਨੂੰ ਇਸ ਮਹਾਂਪੁਰਖ ਦੀ ਢੁੱਕਵੀਂ ਯਾਦਗਾਰ ਬਣਾ ਕੇ ਇਹਨਾਂ ਆਜ਼ਾਦੀ ਘੁਲਾਟੀਆਂ ਦੀ ਯਾਦ ਚਿਰ ਸਥਾਈ ਬਨਾਉਣੀ ਚਾਹੀਦੀ ਹੈ।

**ਫੁੱਟ ਨੋਟ**


੧. ਸਤਿਜੁਗ ਦਾ ਬਸੰਤ ਅੰਕ, ਸ੍ਰੀ ਭੈਣੀ ਸਾਹਿਬ, ੨੨ ਮਾਘ,੧੯੮੬ ਬਿ: - ਸਫਾ ੧੧੭
੨. ਮਾਲਵੇਂਦ੍ - ਸੰਤ ਇੰਦਰ ਸਿੰਘ ਚਕਰਵਰਤੀ - ਸਫਾ ੬੨-੬੪
੩. ਜੁਗ ਪਲਟਾਊ ਸਤਿਗੁਰੂ - ਸੰਤ ਨਿਧਾਨ ਸਿੰਘ ਆਲਿਮ, ਸਫਾ ੩੩
੪. ਉਹੀ, ਸਫਾ ੮੯
੫. ਨਾਮਧਾਰੀ ਇਤਿਹਾਸ - ਨਾਹਰ ਸਿੰਘ ਐਮ.ਏ. ਸਫਾ ੨੧੯
੬. ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ ੬-੭
੭. ਸਤਿਗੁਰੂ ਬਿਲਾਸ ਭਾਗ ਪਹਿਲਾ, ਸੰਤ ਸੰਤੋਖ ਸਿੰਘ ਬਾਹੋਵਾਲ, ਸਫਾ ੧੪੮
੮. ਉਹੀ ਸਫਾ ੧੪੮
੯. ਗੌਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ ਸੈ. (ਨਾਹਰ ਸਿੰਘ ਕ੍ਰਿਪਾਲ ਸਿੰਘ) ਸਫਾ ੩੯
੧੦. ਉਹੀ ਸਫਾ ੭੮
੧੧. ਉਹ ਸਫਾ ੮੧-੮੩
੧੨. ਉਹੀ, ਸਫਾ ੧੬੨-੬੩
੧੩. ਉਹੀ ਸਫਾ ੩੪-੩੫
੧੪. ਉਹੀ ਸਫਾ ੩੭
੧੫. ਉਹੀ ਸਫਾ ੬੭
੧੬. ਸਤਿਗੁਰੂ ਬਿਲਾਸ ਭਾਗ ਪਹਿਲਾ ਸਫਾ ੧੫੩
੧੭. ਸਤਿਗੁਰੂ ਬਿਲਾਸ ਭਾਗ ਪਹਿਲਾ ਸਫਾ ੧੫੩
੧੮. ਉਹੀ - ਸਫਾ ੧੬੦
੧੯. ਉਹੀ - ਸਫਾ ੧੬੯
੨੦. ਉਹੀ - ਸਫਾ ੩੪੮
੨੧. ਸੰਤ ਖਾਲਸਾ - ਹਰਨਾਮ ਸਿੰਘ ਬਗਲੀ ਵਾਲਾ (ਦੂਜੀ ਛਾਪ), ਸਫਾ ੨੧
੨੨. ਗੌਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ - ਸਫਾ ੫੪
੨੩. ਉਹੀ - ਸਫਾ ੫੫-੫੬
੨੪. ਸਤਿਗੁਰੂ ਬਿਲਾਸ ਭਾਗ ਪਹਿਲਾ - ਸਫਾ ੨੫੪
੨੫. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ - ਸੰਤ ਧਿਆਨ ਸਿੰਘ ਕਾਦਰਾਬਾਦੀ - ਸਫਾ ੬
੨੬. ਗੌਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ - ਸਫਾ ੭੧
੨੭. ਉਹੀ - ਸਫਾ ੭੯-੮੦
੨੮. ਸਤਿਗੁਰੂ ਬਿਲਾਸ ਭਾਗ ਪਹਿਲਾ - ਸਫਾ ੪੩੪
੨੯. ਹੁਕਮਨਾਮੇ (ਸ੍ਰੀ ਸਤਿਗੁਰੂ ਰਾਮ ਸਿੰਘ) ਸਫਾ ੨੮੧-੮੬
੩੦. ਉਹੀ, ਸਫਾ ੩੮੪
੩੧. ਸਤਿਗੁਰੂ ਬਿਲਾਸ ਭਾਗ ਦੂਜਾ - ਸਫਾ ੧੧੯
੩੨. ਹੁਕਮਨਾਮੇ (ਸਤਿਗੁਰੂ ਰਾਮ ਸਿੰਘ) - ਸਫਾ ੪੬੬-੬੮
੩੩. ਕੂਕਾਜ਼ ਆਫ ਨੋਟ ਇਨ ਦਾ ਪੰਜਾਬ - ਸਫਾ ੧੦-੧੧
੩੪. 'ਲਾਲ ਏਹਿ ਰਤਨ' ਭਾਗ ਤੀਜਾ - ਸਫਾ ੧੯੨-੯੩



*ਪਿੰਡ ਤੇ ਡਾਕ : ਕਰੀਵਾਲਾ (ਸਿਰਸਾ)*
*੦੧੬੬੮-੨੭੪੫੬੨*

*੯-੭-੨੦੦੯*




Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਬੀ ਬੀ ਐਲ ਫੂਡਜ਼ ਪ੍ਰਾਈਵੇਟ ਲਿਮਟਡ

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫ਼ਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL
FOODS PVT LTD

**Pinoneer Manufacturer in India of**

- Automatic machines for producing Biscuits
- Automatic machines for producing Wafers

and

Makers of High quality Biscuits

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84    Fax :— +91-40--4530475*

*E-mail:amber @hd1.vsnl.net.in*

| | |
|---|---|
| Sukhwinder Kaur<br>*Managing Director*<br>*Ph.: 9391046298* | Lakhbir Singh Muchhal<br>*Director*<br>*Ph.: 9848050607* |

# ਡਾ. ਇਕਬਾਲ : ਤਸਵੀਰ ਦਾ ਦੂਜਾ ਰੁਖ਼

—ਡਾ ਨਰੇਸ਼



ਸ਼ਾਇਰੇ-ਮਸ਼ਰਿਕ ਡਾ. ਇਕਬਾਲ ਨੇ ਆਪਣੇ ਬਾਰੇ ਆਖਿਆ ਹੈ—'ਮਨ ਬ੍ਰਾਹਮਣਜ਼ਾਦਾ ਰਮਜ਼-ਆਸ਼ਨਾ-ਏ-ਰੂਮੀ-ਓ-ਤਬਰੇਜ਼' ਅਰਥਾਤ ਮੈਂ ਬ੍ਰਾਹਮਣਾਂ ਦੀ ਸੰਤਾਨ ਹਾਂ ਅਤੇ ਰੂਮੀ ਤੇ ਤਬਰੇਜ਼ ਦੇ ਭੇਤਾਂ ਤੋਂ ਵੀ ਜਾਣੂ ਹਾਂ। ਅਫਸੋਸ ਕਿ ਇਕਬਾਲ ਦੇ ਆਲੋਚਕਾਂ ਨੇ ਉਸ ਦੇ ਇਸ ਕਥਨ 'ਤੇ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਇਕਬਾਲ ਦਾ ਆਪਣੇ ਆਪ ਨੂੰ ਬ੍ਰਾਹਮਣ-ਪੁੱਤਰ ਆਖਣਾ ਸਿਰਫ ਇਕ ਇਤਿਹਾਸਿਕ ਤੱਥ ਨੂੰ ਸਵੀਕਾਰਨਾ ਹੀ ਨਹੀਂ ਹੈ ਸਗੋਂ ਇਸ਼ਾਰਾ ਹੈ ਕਿ ਮੈਂ ਜਿਸ ਤਰ੍ਹਾਂ ਰੂਮੀ ਅਤੇ ਤਬਰੇਜ਼ ਦੇ ਇਸਲਾਮੀ ਫਲਸਫੇ ਤੋਂ ਜਾਣੂ ਹਾਂ, ਉਸੇ ਤਰ੍ਹਾਂ ਹਿੰਦੂ-ਦਰਸ਼ਨ ਤੋਂ ਵੀ ਵਾਕਿਫ ਹਾਂ। ਇਸ ਤੋਂ ਵੀ ਵੱਧ ਅਫਸੋਸ ਇਸ ਗੱਲ ਦਾ ਹੈ ਕਿ ਸਮਾਜਿਕ-ਰਾਜਨੀਤਿਕ ਮਜਬੂਰੀਆਂ ਨੇ ਇਕਬਾਲ ਜਿਹੇ ਵਿਸ਼ਵ-ਕਵੀ ਨੂੰ ਮੁਸਲਮਾਨ ਸ਼ਾਇਰ ਜਾਂ ਸ਼ਾਇਰੇ-ਇਸਲਾਮ ਬਣਾ ਛੱਡਿਆ ਹੈ।

ਇਸ ਬਾਰੇ ਸੰਦੇਹ ਨਹੀਂ ਕਿ ਸ਼ੁਰੂ-ਸ਼ੁਰੂ ਵਿਚ ਇਕਬਾਲ ਨੂੰ ਜੋ ਸ੍ਰੋਤੇ ਪ੍ਰਾਪਤ ਹੋਏ, ਉਹ ਅੰਜੁਮਨ ਹਿਮਾਇਤੇ-ਇਸਲਾਮ ਦੇ ਝੰਡੇ ਹੇਠਾਂ ਇਕੱਤਰ ਹੋਣ ਵਾਲੇ ਮੁਸਲਮਾਨ ਹੀ ਸਨ, ਪਰ ਉਸ ਦੇ ਜੀਵਨ ਦਾ ਇਹ ਦੌਰ ਤਾਂ ਬੜਾ ਸੰਖੇਪ ਜਿਹਾ ਦੌਰ ਹੈ। ਇਸ ਸੰਖੇਪ ਦੌਰ ਵਿਚ ਵੀ ਇਕਬਾਲ ਦੀ ਖੁੱਲ੍ਹੀ-ਡੁੱਲ੍ਹੀ ਸੋਚ ਭਾਰਤ ਦੀ ਗੰਗਾ-ਜਮਨੀ ਸੰਸਕ੍ਰਿਤੀ ਦੀ ਪ੍ਰਸੰਸਕ ਸਿੱਧ ਹੁੰਦੀ ਹੈ। ਉਸ ਦੀ ਕਵਿਤਾ ਕਿਸੇ ਇਕ ਧਰਮ ਜਾਂ ਸੰਪ੍ਰਦਾਇ ਤਕ ਸੀਮਿਤ ਕਿੱਥੇ ਹੁੰਦੀ ਹੈ। ਉਹ ਆਪਣੇ ਪ੍ਰਥਮ ਕਵਿਤਾ-ਸੰਗ੍ਰਹਿ 'ਬਾਂਗੇ-ਦਰਾ' ਵਿਚ ਗਾਇਤ੍ਰੀ ਮੰਤਰ ਦਾ ਭਾਵਾਨੁਵਾਦ ਕਰਦਾ ਹੈ, ਰਾਮ ਨੂੰ 'ਇਮਾਮੇ-ਹਿੰਦ' ਅਤੇ ਗੁਰੂ ਨਾਨਕ ਨੂੰ 'ਮਰਦੇ-ਕਾਮਿਲ' ਐਲਾਨਦਾ ਹੈ ਅਤੇ ਆਪਣੇ ਸਮਕਾਲੀ ਅਧਿਆਤਮਵਾਦੀ ਸਵਾਮੀ ਰਾਮ ਤੀਰਥ ਨੂੰ 'ਗੌਹਰੇ-ਨਾਯਾਬ' ਆਖਦਾ ਹੈ। ਉਹ ਆਪਣੇ ਨੂੰ ਹਜ਼ਰਤ ਬਿਲਾਲ ਜਾਂ ਹਜ਼ਰਤ ਸਿੱਦੀਕ ਦੀ ਉਸਤਤਿ ਤਕ ਕਦੋਂ ਸੀਮਿਤ ਰੱਖਦਾ ਹੈ।

ਮੈਂ ਸਮਝਦਾ ਹਾਂ ਕਿ ਇਕਬਾਲ ਕੋਲ ਇਕ ਦ੍ਰਿਸ਼ਟੀ-ਸ਼ਕਤੀ ਸੀ, ਜਿਸ ਦੀ ਮਦਦ ਨਾਲ ਉਹ ਮਨੁੱਖ ਨੂੰ ਅਧਿਆਤਮ ਦੇ ਉਸ ਸਿਖਰ 'ਤੇ ਲੈ ਜਾਣਾ ਚਾਹੁੰਦਾ ਸੀ, ਜਿਥੇ ਉਸਦੀ ਕਿਸਮਤ ਲਿਖਣ ਤੋਂ ਪਹਿਲਾਂ ਪਰਮਾਤਮਾ ਉਸ ਤੋਂ ਪੁੱਛੇ ਕਿ "ਬਤਾ ਤੇਰੀ ਰਜ਼ਾ ਕਿਆ ਹੈ?" ਇਸ ਦ੍ਰਿਸ਼ਟੀ-ਸ਼ਕਤੀ ਵਿਚ ਉਸ ਦੀ ਸੂਫੀਆਂ ਤੋਂ ਪ੍ਰਾਪਤ ਖ਼ੁਦੀ ਦੀ ਪਰਿਕਲਪਨਾ ਕੇਂਦਰੀ ਬਿੰਦੂ ਸੀ, ਜਿਸ ਨੂੰ ਇਕਬਾਲ ਨੇ ਮਾਨਵੀ ਸੁਤੰਤਰਤਾ-ਸੰਘਰਸ਼ ਨਾਲ ਜੋੜ ਕੇ, ਉਸ ਦੇ ਅਰਥ ਸੌੜੇ ਕਰ ਦਿੱਤੇ ਸਨ। ਨਤੀਜੇ ਵਜੋਂ ਉਸ ਦਾ 'ਮਰਦੇ-ਮੋਮਿਨ' (ਧਾਰਮਿਕ ਮਨੁੱਖ) 'ਮਰਦੇ-ਕਾਮਿਲ' (ਸੰਪੂਰਨ ਮਨੁੱਖ) ਬਣਨ ਦੀ ਥਾਂ 'ਤੇ 'ਮਰਦੇ-ਮੁਸਲਮਾਨ' ਬਣ ਗਿਆ ਅਤੇ ਇਕਬਾਲ ਆਪ 'ਸ਼ਾਇਰੇ-ਮਸ਼ਰਿਕ ਤੋਂ 'ਸ਼ਾਇਰੇ-ਇਸਲਾਮ' ਬਣ ਗਿਆ ਜਾਂ ਬਣਾ ਦਿੱਤਾ ਗਿਆ। ਹੋਂਦ ਵਿਚ ਆਉਣ ਤੋਂ ਮਗਰੋਂ ਪਾਕਿਸਤਾਨ ਨੂੰ ਆਪਣੇ ਇਕ ਗਾਂਧੀ ਦੀ ਲੋੜ ਸੀ ਅਤੇ ਉਨ੍ਹਾਂ ਕੋਲ ਇਕਬਾਲ ਤੋਂ ਵੱਡੀ ਹੋਰ ਕੋਈ ਸ਼ਖ਼ਸੀਅਤ ਹੈ ਹੀ ਨਹੀਂ ਸੀ। ਸਿੱਟੇ ਵਜੋਂ ਉਸ ਨੂੰ 'ਪਾਕਿਸਤਾਨ ਦੇ ਬਾਨੀ' ਅਤੇ 'ਸ਼ਾਇਰੇ-ਮਿੱਲਤ' ਦੇ ਤੌਰ 'ਤੇ ਪੇਸ਼ ਕਰਕੇ ਏਨੇ ਜ਼ੋਰ-ਸ਼ੋਰ ਨਾਲ ਉਸ ਦੇ ਇਸਲਾਮੀ ਸ਼ਾਇਰ ਹੋਣ ਦਾ ਐਲਾਨ ਕੀਤਾ ਗਿਆ ਕਿ ਜੇਕਰ ਕਿਧਰੇ ਇਕਬਾਲ ਆਪ ਜ਼ਿੰਦਾ ਹੁੰਦਾ ਤਾਂ ਉਸ ਨੇ ਆਪਣੇ ਇਨ੍ਹਾਂ ਅਖੌਤੀ ਸ਼ਰਧਾਲੂਆਂ ਦੀ ਖੁੰਭ ਠੱਪ ਦਿੱਤੀ ਹੋਣੀ ਸੀ ਤੇ ਜਾਂ ਇਨ੍ਹਾਂ ਹੱਥੋਂ ਦੁਖੀ ਹੋ ਕੇ ਆਤਮ-ਹੱਤਿਆ ਕਰ ਲਈ ਹੋਣੀ ਸੀ।

ਇਕਬਾਲ ਨੂੰ ਗਲਤ ਸਮਝਣ ਅਤੇ ਗਲਤ ਢੰਗ ਨਾਲ ਪੇਸ਼ ਕਰਨ ਵਾਲਿਆਂ ਨੇ ਇਸਲਾਮ ਨੂੰ ਵੀ ਕਿੱਥੇ ਸਮਝਿਆ ਹੈ। ਇਕਬਾਲ ਦੀ ਕਵਿਤਾ ਵਿਚ ਇਸਲਾਮ ਦੀ ਜੋ ਵੈਸ਼ਵਿਕ ਸਗੋਂ ਬ੍ਰਹਮਾਂਡਿਕ ਪਰਿਕਲਪਨਾ ਮੌਜੂਦ ਹੈ, ਉਸ ਵਿਚ ਰੰਗ, ਨਸਲ ਅਤੇ ਦੇਸ਼ਕਾਲ ਦੀਆਂ ਹਦਬੰਦੀਆਂ ਮੌਜੂਦ ਨਹੀਂ ਹਨ। ਕੁਰਆਨ ਦਾ ਰੱਬ 'ਰੱਬਿਲ-ਆਲਮੀਨ' ਹੈ, 'ਰੱਬਿਲ-ਮੁਸਲਮੀਨ' ਨਹੀਂ ਹੈ। 'ਮਨ ਉਰਫ਼ਾ ਨਫ਼ਸਾ ਫ਼ਕਦ ਉਰਫ਼ਾ ਅੱਲਾ' (ਆਤਮ-ਗਿਆਨ ਹੀ ਬ੍ਰਹਮ-ਗਿਆਨ ਹੈ) ਹੀ ਤਾਂ ਹੈ ਜੋ ਇਕਬਾਲ ਦੀ ਕਵਿਤਾ ਵਿਚ ਆਤਮ-ਪਰਿਚੈ ਰਾਹੀਂ ਬ੍ਰਹਮ-ਗਿਆਨ ਦਾ ਪਹਿਲਾ ਕਦਮ ਬਣ ਕੇ ਪੇਸ਼ ਹੁੰਦਾ ਹੈ। ਇਹੋ ਵੇਦਾਂਤ ਹੈ, ਜੋ ਅਧਿਆਤਮਿਕ ਉਨਤੀ ਦੇ ਸਿਖਰ 'ਤੇ ਪੁੱਜ ਕੇ ਸਾਧਕ ਨੂੰ 'ਅਹਮ ਬ੍ਰਹਮਾਸਮੀ' ਦੀ ਘੋਸ਼ਣਾ ਕਰਨ ਦੀ ਸ਼ਕਤੀ ਪ੍ਰਧਾਨ ਕਰਦਾ ਹੈ। ਇਕਬਾਲ ਦੀ ਖ਼ੁਦੀ ਦਾ ਫਲਸਫਾ ਉਹ ਆਤਮ-ਗਿਆਨ ਹੈ, ਜੋ ਜਦੋਂ ਵਿਚਾਰ ਤੋਂ ਕਰਮ ਵਿਚ ਢਲਦਾ ਹੈ ਤਾਂ ਉਸ ਦੇ ਸੰਗੀਤ ਵਿਚੋਂ ਅਮਰਤਾ ਦਾ ਸੁਰਾਗ ਮਿਲਦਾ ਹੈ ਅਤੇ ਉਸ ਦੀ ਊਰਜਾ ਤੋਂ ਉਮਤਾਂ ਦੇ ਚਿਰਾਗ ਰੌਸ਼ਨ ਹੁੰਦੇ ਹਨ। ਇਹ ਆਤਮ-ਗਿਆਨ ਹਿੰਦੂ-ਮੁਸਲਮਾਨ ਦੇ ਵਿਤਕਰੇ ਤੋਂ ਬਹੁਤ ਉੱਪਰ ਹੈ। ਵਿਅਕਤੀ ਭਾਵੇਂ ਕਿਸੇ ਧਰਮ, ਕਿਸੇ ਸੰਪ੍ਰਦਾਇ ਨਾਲ ਸੰਬੰਧਿਤ ਹੋਵੇ,



Namdhari Elibrary NamdhariElibrary@gmail.com

ਜਦੋਂ ਉਹ ਆਪਣਾ ਆਪ ਪਛਾਣ ਲੈਂਦਾ ਹੈ ਤਾਂ ਉਹ ਸੀਮਾ-ਮੁਕਤ ਹੋ ਕੇ ਆਪਣੇ ਅੰਦਰ ਪਿਆ ਰੱਬੀ ਨੂਰ ਵੇਖ ਲੈਂਦਾ ਹੈ ਅਤੇ ਉਸ ਦੀ ਖ਼ੁਦੀ ਉਸ ਨੂੰ ਸੀਮਾਹੀਨ ਬਣਾ ਕੇ ਸ੍ਰਿਸ਼ਟੀ ਦਾ ਸਰਬ ਸ੍ਰੇਸ਼ਠ ਪ੍ਰਾਣੀ ਬਣਾ ਦਿੰਦੀ ਹੈ।

ਸੱਚ ਦੋ ਪ੍ਰਕਾਰ ਦਾ ਹੁੰਦਾ ਹੈ—ਕਾਲ-ਸੱਚ ਅਤੇ ਸਦੀਵੀ ਸੱਚ। ਕਾਲ-ਸੱਚ ਸਮੇਂ ਦੇ ਨਾਲ-ਨਾਲ ਬਦਲਦਾ ਰਹਿੰਦਾ ਹੈ। ਉਦਾਹਰਣ ਲਈ ਫਲਾਣਾ ਬੰਦਾ ਫਲਾਣੇ ਦੇਸ਼ ਦਾ ਰਾਜਾ ਹੈ, ਇਹ ਕਾਲ-ਸੱਚ ਹੈ ਕਿਉਂਕਿ ਉਸ ਦੇ ਤਖ਼ਤ ਉਪਰ ਬੈਠਣ ਤੋਂ ਪਹਿਲਾਂ ਕੋਈ ਹੋਰ ਬੰਦਾ ਉਥੇ ਰਾਜ ਕਰਦਾ ਸੀ ਅਤੇ ਉਸ ਤੋਂ ਮਗਰੋਂ ਵੀ ਕੋਈ ਹੋਰ ਬੰਦਾ ਉਥੋਂ ਦਾ ਰਾਜਾ ਹੋਵੇਗਾ। ਪਰ ਮੌਤ ਇਕ ਸਦੀਵੀ ਸੱਚ ਹੈ। ਜੋ ਵੀ ਪੈਦਾ ਹੋਇਆ ਹੈ, ਉਸਨੇ ਨਿਸ਼ਚੇ ਹੀ ਇਕ ਦਿਨ ਮਰਨਾ ਹੈ। ਉਰਦੂ ਕਵਿਤਾ ਨੂੰ ਵਿਚਾਰ ਦੀ ਰੋਸ਼ਨੀ ਅਤੇ ਦਰਸ਼ਨ ਦੀ ਗੰਭੀਰਤਾ ਪ੍ਰਦਾਨ ਕਰਨ ਵਾਲੇ ਸ਼ਾਇਰ ਇਕਬਾਲ ਦੀ ਕਵਿਤਾ ਵਿਚ ਇਹ ਦੋਵੇਂ ਸੱਚ ਨਾਲ-ਨਾਲ ਤੁਰਦੇ ਹਨ।

ਇਕਬਾਲ ਦੀ ਸ਼ਾਇਰੀ, ਵਿਸ਼ੇਸ਼ ਤੌਰ 'ਤੇ ਉਸਦੀ ਮੁੱਢਲੀ ਸ਼ਾਇਰੀ (੧੯੦੫ ਤੱਕ) ਵਿਚ ਦੇਸ਼-ਭਗਤੀ ਦੀ ਜੋ ਭਾਵਨਾ ਡੁਲ੍ਹ-ਡੁਲ੍ਹ ਪੈਂਦੀ ਹੈ, ਉਹ ਉਸ ਦੇ ਕਾਲ-ਸੱਚ ਪ੍ਰਤੀ ਮੋਹ ਦਾ ਹੀ ਸਿੱਟਾ ਹੈ। ਯੋਰਪ-ਪ੍ਰਵਾਸ (੧੯੦੫-੧੯੦੮) ਦੌਰਾਨ ਇਕਬਾਲ ਦੀ ਚੇਤਨਾ ਇਕ ਭੂਗੋਲਿਕ ਦਾਇਰੇ ਵਿਚੋਂ ਨਿਕਲ ਕੇ ਦੂਜੇ ਭੂਗੋਲਿਕ ਦਾਇਰੇ ਅਰਥਾਤ 'ਲਾ-ਵਤਨੀਯਤ' ਵਿਚ ਜਾ ਵੜਦੀ ਹੈ। ਭਾਵ ਇਕ ਕਾਲ-ਸੱਚ ਦੂਜੇ ਕਾਲ-ਸੱਚ ਦੀ ਥਾਂ ਲੈ ਲੈਂਦਾ ਹੈ। ਇਸ ਦਾਇਰਾ-ਤਬਦੀਲੀ ਦੌਰਾਨ ਇਕਬਾਲ ਦੀ ਵਿਸ਼ਵ-ਦ੍ਰਿਸ਼ਟੀ ਧਰਮ ਅਤੇ ਸੰਪ੍ਰਦਾਇ ਦੇ ਮੋਹ ਵਿਚ ਪੈ ਜਾਂਦੀ ਹੈ ਅਤੇ 'ਹਜਾਜ਼ੀਅਤ' ਦੇ ਰਾਹ ਤੋਂ ਦੀ ਹੋ ਕੇ 'ਉਕਾਬੀਅਤ' (ਗਿਲਝਵਾਦ) ਵੱਲ ਤੁਰ ਪੈਂਦੀ ਹੈ। ਇਸ ਮੋੜ ਉਤੇ ਇਕਬਾਲ ਨੇ ਮੁਸਲਿਮ ਤੇ ਗ਼ੈਰ-ਮੁਸਲਿਮ ਜਾਂ ਇਸਲਾਮ ਤੇ ਗ਼ੈਰ-ਇਸਲਾਮ ਦੇ ਵਿਤਕਰੇ ਤੋਂ ਉਤਾਂਹ ਉਠ ਕੇ ਸ੍ਰਿਸ਼ਟੀ ਅਤੇ ਮਾਨਵਤਾ ਦੀ ਜਿਸ ਪਰਿਕਲਪਨਾ ਨੂੰ ਆਪਣੀ ਮਾਰਗ-ਦਰਸ਼ਕ ਬਣਾਉਣਾ ਸੀ, ਉਹ ਉਸ ਤੋਂ ਨਹੀਂ ਹੋ ਸਕਿਆ। ਅਲਬੱਤਾ ਆਪਣੀ ਸ਼ਾਇਰੀ ਦੇ ਅੰਤਮ ਦੌਰ ਵਿਚ (੧੯੦੮-੧੯੩੮) ਇਕਬਾਲ ਜਦੋਂ ਸੰਪੂਰਨਤਾ ਅਤੇ ਸਦੀਵੀ ਸੱਚ ਕੇ ਰਲਾਅ ਨਾਲ ਖ਼ੁਦੀ ਨੂੰ ਮਾਨਵ-ਧਰਮ ਅਤੇ ਕਰਮਸ਼ੀਲਤਾ ਦਾ ਸਿਧਾਂਤ ਅਤੇ ਸੰਘਰਸ਼ ਨੂੰ ਜੀਵਨ-ਸ਼ੈਲੀ ਬਣਾ ਕੇ ਪਾਠਕ ਨੂੰ ਪਰਮਾਤਮਾ ਨਾਲ ਸੰਵਾਦ ਰਚਾਉਣ ਲਈ ਤਿਆਰ ਕਰਦਾ ਹੈ ਤਾਂ ਉਸਦਾ ਖ਼ੁਦੀ ਅਤੇ ਗ਼ਮ ਦਾ ਫਲਸਫਾ ਸਦੀਵੀ ਸੱਚਾਂ ਦੀਆਂ ਘੁੰਡੀਆਂ ਖੋਲ੍ਹਣ ਲੱਗਦਾ ਹੈ। ਇਕਬਾਲ ਅੰਦਰ ਚਿੰਤਨ ਦਾ ਇਹ ਵਿਕਾਸ ਉਸਦੇ ਯੋਰਪ ਪ੍ਰਵਾਸ ਦੌਰਾਨ ਹੀ ਸ਼ੁਰੂ ਹੋ ਗਿਆ ਸੀ, ਜੋ 'ਬਾਲੇ-ਜਿਬਰੀਲ', 'ਜ਼ਰਬੇ-ਕਲੀਮ' ਅਤੇ 'ਜਾਵੇਦਨਾਮਾ' ਤੱਕ ਆਉਂਦਿਆਂ-ਆਉਂਦਿਆਂ ਉਸ ਦੀ ਕਵਿਤਾ ਨੂੰ ਦਾਰਸ਼ਨਿਕਤਾ ਨਾਲ ਗੜੁੱਚ ਕਰਕੇ ਉਸਨੂੰ ਅਵਾਮੀ-ਸ਼ਾਇਰ ਤੋਂ ਬੁੱਧੀਜੀਵੀ ਸ਼ਾਇਰ ਬਣਾ ਦਿੰਦਾ ਹੈ।

ਇਕਬਾਲ ਦੀ ਕਵਿਤਾ-ਯਾਤਰਾ 'ਬਾਂਗੇ-ਦਰਾ' ਵਿਚਲੀਆਂ ਕਵਿਤਾਵਾਂ ਤੋਂ ਸ਼ੁਰੂ ਹੁੰਦੀ ਹੈ। ਇਹ ਉਹ ਦੌਰ ਹੈ, ਜਿਸ ਵਿਚ ਕਦੀ ਉਹ ਮਿਰਜ਼ਾ ਦਾਗ਼ ਦੇ ਰੰਗ ਵਿਚ ਗ਼ਜ਼ਲਾਂ ਲਿਖਦਾ ਹੈ ਅਤੇ ਕਦੀ ਅਕਬਰ ਇਲਾਹਾਬਾਦੀ ਦੇ ਰੰਗ ਵਿਚ ਹਾਸ-ਵਿਅੰਗਾਤਮਕ ਕਵਿਤਾਵਾਂ ਲਿਖਦਾ ਹੈ। ਇਹ ਉਹ ਦੌਰ ਹੈ, ਜਿਸ ਵਿਚ ਕਵੀ ਆਪਣੇ ਖਲੋਣ ਲਈ ਥਾਂ ਲੱਭ ਰਿਹਾ ਹੁੰਦਾ ਹੈ। ਜਦੋਂ ਉਹ ਦਾਗ਼ ਅਤੇ ਅਕਬਰ ਤੋਂ ਪ੍ਰਭਾਵ-ਮੁਕਤ ਹੋ ਕੇ ਕਵਿਤਾਵਾਂ ਲਿਖਦਾ ਹੈ ਤਾਂ ਇਹ ਕਵਿਤਾਵਾਂ ਬਾਲਾਂ ਲਈ ਹੁੰਦੀਆਂ ਹਨ ਜਾਂ ਦੇਸ਼-ਭਗਤੀ ਦੀ ਭਾਵਨਾ ਨਾਲ ਭਾਰਤ ਦਾ ਗੁਣਗਾਣ ਕਰਨ ਵਾਲੀਆਂ ਕਵਿਤਾਵਾਂ ਹੁੰਦੀਆਂ ਹਨ। ਇਥੇ ਆ ਕੇ ਇਕ ਸ਼ਾਇਰ ਦੇ ਤੌਰ 'ਤੇ ਉਸ ਦੀ ਵੱਖਰੀ ਪਛਾਣ ਬਣਨ ਲੱਗਦੀ ਹੈ ਪਰ ਯੋਰਪ ਜਾ ਕੇ ਉਸ ਦੀ ਸੋਚ ਸੰਪ੍ਰਦਾਇਕ ਹੋ ਜਾਂਦੀ ਹੈ ਅਤੇ ਦਰਸ਼ਨ ਉਸਦੀ ਸੋਚ ਉੱਪਰ ਭਾਰੂ ਹੋ ਜਾਂਦਾ ਹੈ। 'ਅਸਰਾਰੇ-ਖ਼ੁਦੀ', 'ਰਮੂਜ਼ੇ-ਬੇਖ਼ੁਦੀ' ਅਤੇ 'ਪਯਾਮੇ-ਮਸ਼ਰਿਕ' ਦਾ ਸ਼ਾਇਰ ਆਪਣੀ ਵਿਸ਼ਾ-ਵਸਤੂ ਰਾਹੀਂ ਵੀ ਆਪਣੀ ਵੱਖਰੀ ਪਛਾਣ ਬਣਾਉਂਦਾ ਹੈ ਅਤੇ ਆਪਣੀ ਸ਼ੈਲੀ ਰਾਹੀਂ ਵੀ। ਯੋਰਪ ਤੋਂ ਵਾਪਸ ਆ ਕੇ ਇਕਬਾਲ ਦੀ ਸ਼ਾਇਰੀ ਸਮੂਹਿਕ ਵੈਸ਼ਵਿਕ ਜੀਵਨ-ਚੇਤਨਾ ਦੇ ਨਾਲ ਨਵੇਂ ਦਿਸਹੱਦੇ ਅਤੇ ਨਵੀਆਂ ਸੰਭਾਵਨਾਵਾਂ ਤਲਾਸ਼ ਕਰਨ ਲੱਗਦੀ ਹੈ ਅਤੇ ਇਕਬਾਲ ਆਪਣੇ ਪਾਠਕਾਂ ਅੰਦਰ ਜੀਵਨ-ਜਾਚ ਅਤੇ ਕਰਮਸ਼ੀਲਤਾ ਦਾ ਜਜ਼ਬਾ ਜਗਾ ਕੇ ਇਕ ਹਕੀਮ ਅਤੇ ਇਕ ਰਾਹ-ਦਿਸੇਰੇ ਦੀ ਭੂਮਿਕਾ ਅਦਾ ਕਰਨ ਲੱਗਦਾ ਹੈ।

ਇਕਬਾਲ ਦੀ ਦਾਰਸ਼ਨਿਕ ਕਵਿਤਾ ਦਾ ਧੁਰਾ ਮਾਨਵ ਹੈ, ਜਿਸ ਦੀ ਵਿਅਕਤੀਗਤ ਹੈਸੀਅਤ ਨੂੰ ਸਵੀਕਾਰ ਕਰਕੇ ਉਹ ਉਸ ਦੇ ਵਿਅਕਤਿੱਤਵ ਯਾਨੀ ਖ਼ੁਦੀ ਨੂੰ ਜੀਵਨ ਦਾ ਅਤਿ-ਉੱਤਮ ਪ੍ਰਕਾਸ਼ਨ ਸਮਝਦਾ ਹੈ। ਇਹ ਖ਼ੁਦੀ ਹੀ ਹੈ, ਜੋ ਇਕ ਵਿਸ਼ੇਸ਼ ਪੱਧਰ 'ਤੇ ਪੁੱਜ ਕੇ ਇਹ ਰੂਪ ਧਾਰਨ ਕਰ ਲੈਂਦੀ ਹੈ ਕਿ ਜੇਕਰ ਜ਼ਿੰਦਗੀ ਨੂੰ ਤਲਵਾਰ ਆਖਿਆ ਜਾਵੇ ਤਾਂ ਇਹ ਉਸ ਦੀ ਧਾਰ ਹੁੰਦੀ ਹੈ ਅਤੇ ਜੇ ਜੀਵਨ ਨੂੰ ਮਨੁੱਖੀ ਹੋਂਦ ਆਖਿਆ ਜਾਵੇ ਤਾਂ ਇਹ ਉਸਦੀ ਚੇਤਨਾ-ਸ਼ਕਤੀ ਹੁੰਦੀ ਹੈ। ਇਸ ਲਈ ਇਕਬਾਲ ਦਾ ਕੋਈ ਵੀ ਦਰਸ਼ਨ ਹੋਵੇ, ਸੰਸਕ੍ਰਿਤੀ-ਸੱਭਿਅਤਾ-ਦਰਸ਼ਨ ਹੋਵੇ, ਕਰਮਸ਼ੀਲਤਾ-ਦਰਸ਼ਨ ਹੋਵੇ ਜਾਂ ਇਸ਼ਕ ਅਤੇ ਗ਼ਮ-ਦਰਸ਼ਨ ਹੋਵੇ, ਉਸ ਦਾ ਮੁੱਖ ਬਿੰਦੂ ਖ਼ੁਦੀ ਹੀ ਹੈ। ਇਕਬਾਲ ਦੀ ਦ੍ਰਿਸ਼ਟੀ ਵਿਚ ਕਿਉਂਕਿ ਖ਼ੁਦੀ ਇਕ ਗਤੀਸ਼ੀਲ ਉਤਾਂਹਮੁਖੀ ਸ਼ਕਤੀ ਹੈ, ਇਸ ਲਈ ਇਹ ਬਿਹਤਰ


Namdhari Elibrary NamdhariElibrary@gmail.com

ਤੋਂ ਬਿਹਤਰ ਰੂਪ ਵਿਚ ਪ੍ਰਗਟ ਹੋਣਾ ਲੋਚਦੀ ਰਹਿੰਦੀ ਹੈ। ਲੋੜ ਕੇਵਲ ਵਿਅਕਤੀ ਦੇ ਆਪਾ ਪਛਾਨਣ ਦੀ ਹੈ। ਆਪਾ ਪਛਾਣ ਕੇ ਜੇ ਵਿਅਕਤੀ ਉਸਦੇ ਨਿਖਾਰ ਅਤੇ ਉਸਦੀ ਸੰਪੂਰਨਤਾ 'ਤੇ ਕੇਂਦਰਿਤ ਹੋ ਜਾਂਦਾ ਹੈ ਤਾਂ ਇਹ ਉਸ ਨੂੰ ਉਸ ਉਚਾਈ 'ਤੇ ਲੈ ਜਾਂਦੀ ਹੈ, ਜਿਥੇ ਕੁਦਰਤ ਨੇ ਉਸ ਤੋਂ ਦੁਨੀਆ ਨੂੰ ਰਾਹ ਵਿਖਾਉਣ ਦਾ ਕੰਮ ਲੈਣਾ ਹੁੰਦਾ ਹੈ।



ਖ਼ੁਦੀ ਦੇ ਪੜਾਅ-ਦਰ-ਪੜਾਅ ਵਿਕਾਸ ਲਈ ਇਕਬਾਲ ਜੋ ਸਿੱਧਾ ਰਾਹ ਚੁਣਦਾ ਹੈ, ਉਹ ਇਸਲਾਮ ਦਾ ਰਾਹ ਹੈ। ਮੈਂ ਸਮਝਦਾ ਹਾਂ ਇਹੋ ਇਕਬਾਲ ਦੀ ਸਭ ਤੋਂ ਵੱਡੀ ਉਲਝਣ ਹੈ, ਜਿਸ ਦੇ ਕਾਰਨ ਉਸ ਦਾ ਸੰਦੇਸ਼ ਪ੍ਰਗਤੀਸ਼ੀਲਤਾ ਅਤੇ ਪ੍ਰਤੀਕ੍ਰਿਆਵਾਦਿਤਾ ਦੇ ਸੁਭਾਵਕ ਵਿਰੋਧਾਭਾਸ ਦਾ ਸ਼ਿਕਾਰ ਹੋ ਜਾਂਦਾ ਹੈ। ਰਚਨਾ ਨੂੰ ਰਚਨਾਕਾਰ ਦੇ ਬਰਾਬਰ ਖਲ੍ਹਾਰ ਦੇਣ ਦੇ ਬਾਵਜੂਦ ਇਕਬਾਲ ਨੂੰ ਪਰੰਪਰਾ ਦਾ ਮੋਹ ਘੇਰੀ ਰੱਖਦਾ ਹੈ ਅਤੇ ਉਹ ਬੀਤੇ ਦੇ ਮੋਹ ਵਿਚ ਡੁੱਬਿਆ ਰਹਿੰਦਾ ਹੈ। ਇਹੋ ਕਾਰਨ ਹੈ ਕਿ ਉਹ ਸੰਸਾਰ ਦੀਆਂ ਸਾਰੀਆਂ ਮੁਸ਼ਕਿਲਾਂ ਅਤੇ ਮੁਸੀਬਤਾਂ ਦਾ ਹੱਲ ਇਸਲਾਮ ਵਿਚੋਂ ਤਲਾਸ਼ ਕਰਦਾ ਹੈ, ਜਦੋਂ ਕਿ ਉਸ ਦਾ ਯੋਰਪ ਰਹਿੰਦੇ ਦਾ ਸਮਾਜਿਕ-ਰਾਜਨੀਤਿਕ ਅਨੁਭਵ ਅਤੇ ਪੱਛਮੀ ਸਾਹਿਤ ਦਾ ਡੂੰਘਾ ਅਧਿਐਨ ਉਸਨੂੰ ਕਦੀ ਕਮਿਊਨਿਜ਼ਮ ਵੱਲ ਖਿੱਚ ਲੈਂਦਾ ਹੈ ਅਤੇ ਕਦੀ ਫਾਸ਼ਿਜ਼ਮ ਜਿਹੇ ਗਿਲਝਵਾਦ ਵੱਲ ਲੈ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਉਹ ਸੰਸਾਰ ਦੇ ਕਲਿਆਣ ਅਤੇ ਉੱਨਤੀ ਲਈ ਮਾਨਵ-ਸੰਘਰਸ਼ ਨੂੰ ਕਿਸਮਤ ਦੇ ਕੱਦ ਦਾ ਬਣਾ ਲੈਂਦਾ ਹੈ ਤਾਂ ਉਸ ਸਮੇਂ ਵੀ ਉਸ ਦੇ ਆਪਣੇ ਦਿਮਾਗ ਵਿਚ ਪੁਰਾਤਨ ਵਿਧਾਨ ਨੂੰ ਨਵੇਂ ਵਿਧਾਨ ਦਾ ਰੂਪ ਦੇਣ ਲਈ ਕੋਈ ਸਪੱਸ਼ਟ ਅਤੇ ਅੰਤਿਮ ਰੂਪ ਰੇਖਾ ਨਹੀਂ ਹੁੰਦੀ।

ਖ਼ੁਦੀ ਦੀ ਚੜ੍ਹਤ ਅਤੇ ਸੰਪੂਰਨਤਾ ਲਈ ਇਕਬਾਲ ਇਸ਼ਕ ਨੂੰ ਹਥਿਆਰ ਬਣਾਉਂਦਾ ਹੈ। ਉਸ ਦੀ ਕਵਿਤਾ ਵਿਚ ਇਸ਼ਕ ਕੋਈ ਜ਼ਾਤੀ ਜਜ਼ਬਾ ਨਹੀਂ ਹੈ ਸਗੋਂ ਸਮੂਹ ਸਿਰਜਣਾ ਅਤੇ ਉੱਨਤੀ ਲਈ ਇਕ ਇਕ ਇਲਾਹੀ ਸ਼ਕਤੀ ਹੈ, ਜੋ ਮਨੁੱਖ ਦੀ ਹਉਮੈ ਨੂੰ ਮਾਰ ਕੇ ਉਸ ਨੂੰ ਟੁੱਟੇ ਹੋਏ ਤਾਰੇ ਤੋਂ ਪੂਰਾ ਚੰਨ ਬਣਨ ਵੱਲ ਤੋਰਦੀ ਹੈ ਪਰ ਇੱਥੇ ਵੀ ਉਸ ਦੀ ਇਸ਼ਕ ਦੀ ਪਰਿਕਲਪਨਾ ਜਿਸ ਰੂਪ ਵਿਚ ਕ੍ਰਿਆਸ਼ੀਲ ਹੁੰਦੀ ਹੈ, ਉਹ ਰੂਪ ਬ੍ਰਹਮਾਂਡਿਕ ਹੋਣ ਦੀ ਥਾਂ 'ਤੇ ਭੂਗੋਲਿਕ ਹੋ ਜਾਂਦਾ ਹੈ। ਇਕਬਾਲ ਦੇ ਅਨੁਸਾਰ ਮਾਨਵ ਜੀਵਨ ਦੀ ਸੁੱਖ-ਸਮਰਿੱਧੀ ਲਈ ਜਿਸ ਸ਼ਕਤੀ ਦੀ ਲੋੜ ਹੁੰਦੀ ਹੈ, ਉਹ ਸ਼ਕਤੀ ਇਸ਼ਕ ਤੋਂ ਹੀ ਪ੍ਰਾਪਤ ਹੁੰਦੀ ਹੈ। ਉਹ ਇਸ ਸ਼ਕਤੀ ਨੂੰ ਭਾਰਤ ਦੀ ਗੁਲਾਮੀ ਤੋਂ ਮੁਕਤੀ ਦੇ ਨਾਲ ਜੋੜ ਲੈਂਦਾ ਹੈ ਅਤੇ ਇਸ ਦੇ ਵੈਸ਼ਵਿਕ ਰੂਪ ਨੂੰ ਇਕ ਭੂਗੋਲਿਕ ਦਾਇਰੇ ਵਿਚ ਬੰਦ ਕਰ ਲੈਂਦਾ ਹੈ। ਦੂਜੇ ਸ਼ਬਦਾਂ ਵਿਚ, ਉਹ ਪਰਾਭੌਤਿਕ ਹੁੰਦਾ-ਹੁੰਦਾ ਭੌਤਿਕ ਹੋ ਜਾਂਦਾ ਹੈ ਹਾਲਾਂਕਿ ਉਸਦਾ ਫਲਸਫਾ ਇਹ ਹੈ ਕਿ ਜਿਥੇ-ਜਿਥੇ ਵੀ ਦੁਨੀਆ ਵਿਚ ਮਨੁੱਖ ਨੇ ਮਨੁੱਖ ਨੂੰ ਗੁਲਾਮ ਬਣਾਇਆ ਹੋਇਆ ਹੈ, ਉਥੇ-ਉਥੇ ਮਨੁੱਖੀ ਜੀਵਨ ਕਰਮਸ਼ੀਲਤਾ ਤੋਂ ਸੱਖਣਾ ਪਿਆ ਹੈ।

ਇਹ ਵਿਰੋਧਾਭਾਸ ਇਕਬਾਲ ਦੀ ਕਵਿਤਾ ਵਿਚ ਹੀ ਨਹੀਂ, ਉਸਦੇ ਵਿਅਕਤਿੱਤਵ ਵਿਚ ਵੀ ਮੌਜੂਦ ਰਿਹਾ। ਮੁੱਢਲੇ ਤੌਰ 'ਤੇ ਉਹ ਸੈਕੂਲਰ ਵਿਚਾਰਧਾਰਾ ਦਾ ਧਾਰਨੀ ਹੈ। ਜਿਥੇ ਇਕ ਪਾਸੇ ਉਹ ਆਪਣੇ ਬ੍ਰਾਹਮਣਜ਼ਾਦਾ ਹੋਣ 'ਤੇ ਗੌਰਵ ਮਹਿਸੂਸ ਕਰਦਾ ਹੈ ਅਤੇ ਸੰਸਕ੍ਰਿਤ ਦੀ ਸੁਰੱਖਿਆ ਅਤੇ ਵਿਕਾਸ ਲਈ ਕਸ਼ਮੀਰੀ ਬ੍ਰਾਹਮਣਾਂ ਦੀ ਅਗਵਾਈ ਕਰਦਾ ਹੈ, ਉਥੇ ਉਹ ਦੂਜੇ ਪਾਸੇ ਪੰਜਾਬੀ ਮੁਸਲਮਾਨਾਂ ਦੀ ਰਾਹਨੁਮਾਈ ਵੀ ਕਰਦਾ ਹੈ। ਇਕਬਾਲ ਪ੍ਰੋਫੈਸਰ ਵੀ ਹੈ, ਬੈਰਿਸਟਰ ਵੀ। ਉਹ ਮੁਸਲਿਮ ਲੀਗ ਦੀ ਪ੍ਰਾਦੇਸ਼ਿਕ ਇਕਾਈ ਦਾ ਪ੍ਰਧਾਨ ਵੀ ਹੈ ਅਤੇ ਐਮ. ਐਲ. ਏ. ਵੀ। ਉਹ ਵੇਦਾਂਤੀ ਵੀ ਹੈ ਅਤੇ ਸੂਫ਼ੀ ਵੀ। ਉਹ "ਧਰਤੀ ਕੇ ਵਾਸੀਓਂ ਕੀ ਮੁਕਤੀ ਪ੍ਰੀਤ ਮੇਂ ਹੈ" ਦਾ ਸਿਧਾਂਤ ਵੀ ਦਿੰਦਾ ਹੈ ਅਤੇ ਉਹੋ ੧੯੩੦ ਵਿਚ ਇਲਾਹਾਬਾਦ ਵਿਖੇ ਹੋਈ ਮੁਸਲਿਮ ਲੀਗ ਦੀ ਕਾਨਫਰੰਸ ਵਿਚ ਪਾਕਿਸਤਾਨ ਦੇ ਵਿਚਾਰ ਦਾ ਬੀਜ ਵੀ ਬੀਜਦਾ ਹੈ। ਇਹ ਉਹੋ ਇਕਬਾਲ ਹੈ ਜੋ ਆਪਣੀਆਂ ਰਾਸ਼ਟਰਵਾਦੀ ਕਵਿਤਾਵਾਂ ਵਿਚ ਦੇਸ਼ ਭਗਤੀ ਦਾ ਪ੍ਰਾਣ ਭਰਦਾ ਹੈ, ਪ੍ਰਕ੍ਰਿਤੀ-ਚਿਤ੍ਰਣ ਵਿਚ ਆਪਣੀ ਆਤਮਾ ਭਰਦਾ ਹੈ, ਨਿਘਾਰਮੁਖੀ ਮੁਸਲਿਮ ਸਮਾਜ ਦੀ ਮਾੜੀ ਹਾਲਤ ਬਾਰੇ ਪਰੇਸ਼ਾਨ ਹੈ ਅਤੇ ਮਾਨਵੀ ਕਦਰਾਂ-ਕੀਮਤਾਂ ਦੇ ਨਿਘਾਰ 'ਤੇ ਖ਼ੂਨ ਦੇ ਹੰਝੂ ਰੋਂਦਾ ਹੈ।

ਇਸ ਵਿਰੋਧਾਭਾਸ ਦੇ ਬਾਵਜੂਦ ਉਸ ਦੀ ਕਵਿਤਾ ਵਿਚੋਂ 'ਸੰਪੂਰਨ ਮਾਨਵ' ਦੀ ਪਰਿਕਲਪਨਾ ਦਾ ਉਦੈ ਹੁੰਦਾ ਹੈ। ਉਸਦਾ ਇਹ ਸੰਪੂਰਨ ਮਾਨਵ ਸ਼ੁੱਧ-ਹਿਰਦੇ ਮਾਨਵ ਹੈ, ਜੋ ਮੂਲ ਰੂਪ ਵਿਚ ਕਲੰਦਰ ਹੈ, ਜੋ ਰੰਗ, ਜ਼ਾਤ, ਨਸਲ ਆਦਿ ਦੇ ਵਿਤਕਰੇ ਤੋਂ ਉੱਪਰ ਉਠ ਕੇ ਆਪਣੀ ਖ਼ੁਦੀ ਦਾ ਦਾਮਨ ਫੜ ਕੇ ਕਰਮ ਭੂਮੀ ਵਿਚ ਉਤਰਦਾ ਹੈ ਅਤੇ ਦਿਲ ਵਿਚ ਕੌਮ ਦਾ ਦਰਦ ਭਰ ਕੇ ਆਪਣਾ ਆਪਾ ਜਿਹਾਦ ਦੇ ਲੇਖੇ ਲਾਉਂਦਾ ਹੈ। ਇਕਬਾਲ ਦੀ ਇਹ ਪਰਿਕਲਪਨਾ ਉਸ ਦੇ ਪਾਠਕਾਂ ਨੂੰ ਕਰਮਸ਼ੀਲਤਾ ਦਾ ਸੰਦੇਸ਼ ਦਿੰਦੀ ਹੈ ਅਤੇ ਮਾਨਵ-ਸਮਾਜ ਦੀ ਉੱਨਤੀ ਲਈ ਨਵੇਂ ਪਾਸਾਰ ਲੱਭਣ ਦੀ ਪ੍ਰੇਰਣਾ ਦਿੰਦੀ ਹੈ।

*੧੬੯, ਸੈਕਟਰ-੧੭,*
*ਪੰਚਕੂਲਾ-੧੩੪੧੦੯*



Namdhari Elibrary NamdhariElibrary@gmail.com

# ਚੋਣਵੇਂ ਪੰਜਾਬੀ ਸ਼ਿਅਰ



*ਅਮਰੀਕ ਸਿੰਘ ਅਮਨ*

* ਸ਼ਬਦਾਂ ਦੇ ਮੱਥੇ ਨੇ ਜ਼ਖਮੀ, ਅਰਥ ਨੇ ਲਹੂ ਲੁਹਾਣ,
ਹੁਣ ਤੂੰ ਜ਼ਖਮੀ ਸ਼ਬਦਾਂ ਵਿਚੋਂ ਆਪਣੇ ਅਰਥ ਉਲੀਕ।

ਇਹ ਤੂੰ ਕੀ ਕੁਝ ਦੇ ਗਿਆ ਮੈਨੂੰ ਇਕ ਵਿਦਾ ਦੇ ਬਾਅਦ,
ਅੰਦਰੋਂ ਸਭ ਕੁਝ ਟੁੱਟਾ ਟੁੱਟਾ, ਬਾਹਰੋਂ ਸਭ ਕੁਝ ਠੀਕ।

* ਜ਼ਿੰਦਗੀ ਤੇ ਮੌਤ ਵਿਚ ਹੀ, ਇਕ ਪਲ ਦਾ ਫਾਸਲਾ।
ਤੁਰ ਰਿਹਾ ਹੈ ਫਿਰ ਵੀ ਇਸ ਵਿਚ ਜ਼ਿੰਦਗੀ ਦਾ ਕਾਫਲਾ।

*ਮਹੇਸ਼ ਪਾਲ 'ਫ਼ਾਜ਼ਿਲ'*

* ਨੇਰ ਸੀ ਇਕ ਜ਼ੁਲਮ ਸੀ ਤੇ ਕਹਿਰ ਸੀ।
ਪੌਣ ਦੇ ਸਾਹਾਂ 'ਚ ਭਰਿਆ ਜ਼ਹਿਰ ਸੀ।

* ਦਿਲ ਨੂੰ ਪੱਥਰ ਬਣਾ ਦੇ ਇਕ ਵਾਰੀ,
ਫੇਰ ਸਦਮੇ ਹਜ਼ਾਰ ਦੇ ਮੈਨੂੰ।

* ਉਸਨੇ ਵੀ ਉਸ ਵਕਤ ਹੀ ਦਿਲ ਤੋੜਿਆ,
ਲੋੜ ਸੀ ਮੈਨੂੰ ਜਦੋਂ ਧਰਵਾਸ ਦੀ।

* ਦੇਰੀ ਕਰਨਾ ਚੰਗੇ ਕੰਮ ਵਿਚ ਚੰਗਾ ਨਹੀਂ ਹੈ,
ਏਦਾਂ ਦੇ ਕੰਮ ਰਹਿੰਦੇ ਰਹਿੰਦੇ ਰਹਿ ਜਾਂਦੇ ਹਨ।

*ਪ੍ਰੋ. ਸੁਖਦੇਵ ਸਿੰਘ ਗਰੇਵਾਲ*

* ਰੁੱਖ ਵਿਚਾਰਾ ਦੇਖਦਾ ਹੀ ਰਹਿ ਗਿਆ ਹੈ,
ਲੈ ਗਈ ਹੈ ਪੌਣ ਸਭ ਪੱਤੇ ਉਡਾ ਕੇ।

* ਜਦ ਕਿ ਰਹਿਣਾ ਹੈ ਅਸੀਂ ਇਸ ਧਰਤੀ ਦੇ ਉੱਤੇ,
ਅਰਸ਼ ਨੂੰ ਦਿਲ ਨਾਲ ਲਾ ਕੇ ਕੀ ਕਰਾਂਗੇ।

* ਜ਼ਿੰਦਗੀ ਹੋ ਕੇ ਪਰਾਈ ਇਸ ਤਰ੍ਹਾਂ ਸਾਨੂੰ ਮਿਲੀ,
ਰੋਜ਼ ਹੀ ਜੀਂਦੇ ਰਹੇ ਹਾਂ, ਰੋਜ਼ ਹੀ ਮਰਦੇ ਰਹੇ।

* ਨਾਲ ਮੇਰੇ ਹੂਬਹੂ ਮਿਲ ਰਿਹੈ ਇਹ ਆਦਮੀ,
ਮੈਂ ਹੀ ਹੋਵਾਂ ਨਾ ਕਿਤੇ ਭਟਕਦਾ ਅਜਬ ਜਿਹਾ।

* ਪਿਆਰ ਸਾਡਾ ਉਸ ਹਵਾ ਮਾਰੇ ਬਿਰਖ ਜੇਹਾ ਰਿਹਾ,
ਵਕਤ ਤੋਂ ਪਹਿਲਾਂ ਹੀ ਹਰ ਇਕ ਫੁੱਲ ਜਿਸਦਾ ਝੜ ਗਿਆ।

*ਹਰਭਜਨ ਧਰਨਾ*

* ਮੇਰੀ ਮਹਿਫਲ 'ਚ ਹੁੰਦੀ ਏ ਸਦਾ ਹੀ ਗੱਲ ਰੋਟੀ ਦੀ,
ਤਿਰੀ ਮਹਿਫਿਲ 'ਚ ਨੰਗੇ ਜਿਸਮ ਤੋਂ ਨੰਗੀਆਂ ਗੱਲਾਂ।

*ਕਸ਼ਮੀਰ ਨੀਰ*

* ਮਹੀਨਾ ਤਿੰਨ ਰੁਪੇ ਸੇਠਾਂ ਦੀ ਰੀਤੀ ਸੂਦ ਸੀ ਸੌ ਨੂੰ,
ਕਿ ਰਾਤੀਂ ਨੀਂਦ ਨਾ ਪੈਂਦੀ ਦੁਖੀ ਸਨ ਕਰਜ਼ਿਆਂ ਵਾਲੇ।

* ਵਕਤ ਦੇ ਚਿੱਡ ਨਾ ਤੁਰਦਾ ਸੀ ਰਿਸ਼ਤੇਦਾਰੀਆਂ ਤੁਰੀਆਂ,
ਕਿਵੇਂ ਧੀ ਪੁੱਤ ਵਿਆਹੁੰਦੇ ਰੇੜ੍ਹੀਆਂ ਤੇ ਖੋਖਿਆਂ ਵਾਲੇ।

*ਗੁਲਸ਼ਨ ਮਿਰਜ਼ਾਪੁਰੀ*

* ਉਹ ਤਾਂ ਲਕੜਹਾਰਿਆਂ ਦੀ ਟੋਲੀ ਨਿਕਲੀ ਅੰਤ ਨੂੰ,
ਬਾਗ ਦੇ ਸੰਗ ਦੋਸਤੀ ਦਾ ਜੋ ਸੀ ਦਮ ਭਰਦੇ ਰਹੇ।

*ਇੰਦਰਜੀਤ ਹਸਨਪੁਰੀ*

* ਸੁੱਖ ਜੇ ਤੈਨੂੰ ਛੱਡ ਕੇ ਤੁਰ ਗਏ ਦੁੱਖਾਂ ਵੀ ਤੁਰ ਜਾਣਾ।
ਮਿੱਠਾ ਕਰ ਕੇ ਮੰਨ ਓ ਬੰਦਿਆ ਰੱਬ ਦਾ ਹਰ ਇਕ ਭਾਣਾ।

* ਆਸ਼ਾ ਨਾਲ ਯਰਾਨਾ ਮੇਰਾ ਨਾਲ ਨਿਰਾਸ਼ਾ ਵੈਰ।
ਏਸੇ ਲਈ ਜੀਵਨ ਵਿਚ ਮੇਰੇ ਕਦੇ ਨਾ ਥਿੱੜਕੇ ਪੈਰ।

* ਜੇ ਅੱਖਾਂ ਚਾਰ ਨਾ ਹੁੰਦੀਆਂ ਤਾਂ ਦੋਵੇਂ ਹੀ ਸੁਖੀ ਰਹਿੰਦੇ।
ਇਸ਼ਕ ਦੇ ਜਾਲ ਵਿਚ ਏਦਾਂ ਨਾ ਤੂੰ ਫਸਦੀ, ਨਾ ਮੈਂ ਫਸਦਾ।

* ਕਿਸੇ ਜੰਗਲ ਦੇ ਫੁੱਲ ਨੂੰ ਜੇ ਇਹ ਗੁਲਸ਼ਨ ਫੁੱਲ ਨਾ ਮੰਨੇ,
ਕੋਈ ਤਿਤਲੀ, ਕੋਈ ਭੌਰਾ ਤੇ ਆਖਰ ਸੱਚ ਬੋਲੇਗਾ।

* ਜਲ-ਥਲ ਕਰਕੇ ਪਾਰ 'ਹਸਨਪੁਰ' ਇਹ ਸਿਦਕਣ ਆ ਪਹੁੰਚੀ ਏ
ਪਾ ਦੇ ਝਾਂਜਰ, ਦੇ ਫੁਲਕਾਰੀ ਹੁਣ ਤੂੰ ਖੂਬ ਸ਼ਿੰਗਾਰ ਗ਼ਜ਼ਲ।

* ਉਂਜ ਤਾਂ ਕੁੱਝ ਵੀ ਜੋਰ ਨਾ ਹੁੰਦਾ ਕਾਨੇ ਦਾ
ਬਣੇ ਕਲਮ ਤਾਂ ਬਦਲੇ ਰੁਖ਼ ਜ਼ਮਾਨੇ ਦਾ।

*—ਚਰਨ ਸੀਚੇਵਾਲਵੀ*
*੪੨੮, ਗੁਰੂ ਨਾਨਕਪੁਰਾ (ਵੈਸਟ)*
*ਡਾਕ. ਚੌਗਿੱਟੀ, ਜਲੰਧਰ ੧੪੪੦੦੯*
*ਫੋਨ- ੦੧੮੧-੨੨੩੧੬੫੪*


Namdhari Elibrary NamdhariElibrary@gmail.com

## .ਗ਼ਜ਼ਲ/ *ਡਾ. ਜੀ. ਡੀ. ਚੌਧਰੀ*

•ਆਪ ਹੀ ਗਰਦਸ਼ ਅੰਦਰ ਨੇ, ਜੋ ਸਿਤਾਰੇ ਰਾਤ ਦਿਨ।
ਸਾਥ ਦੇਸਣ ਕੀ ਤੁਹਾਡਾ, ਉਹ ਵਿਚਾਰੇ ਰਾਤ ਦਿਨ।

ਕਰਮਾ ਸੰਦੜਾ ਖੇਤ ਬੀਜਣ ਤੇ ਵੱਢਣ ਦੇ ਥਾਂ ਉੱਤੇ,
ਭਾਲਦੇ ਹੋ ਵਿਧਮਾਤਾ ਦੇ ਸਹਾਰੇ ਰਾਤ ਦਿਨ।

ਜਿਨ੍ਹਾਂ ਦੇ ਸੰਵਾਦ ਦਾ ਸੁਰ, ਸੁਖ ਵੰਡੇ ਜੱਗ ਨੂੰ,
ਮਿਲਦੇ ਰਹਿੰਦੇ ਨੇ ਉਹਨਾਂ ਤਾਈਂ ਹੁੰਗਾਰੇ ਰਾਤ ਦਿਨ।

ਇਹ ਵਿਵਸਥਾ ਦਾ ਗੁਨਾਹ ਹੈ, ਹੱਥ ਦੋ, ਇਕ ਪੇਟ ਨੂੰ,
ਭਰਨ ਦੇ ਥਾਂ ਹੋ ਕੇ ਬੈਠੇ ਨੇ, ਨਿਕਾਰੇ ਰਾਤ ਦਿਨ।

ਕਿਉਂ ਤੇ ਕੀ, ਕਿੱਥੇ ਹੈ, ਓਹੀ ਜਾਣਦਾ ਹੈ ਜੇਸਨੇ,
ਗਗਨਮਏ ਇਸ ਥਾਲ ਵਿਚ, ਸਾਜੇ ਸੰਵਾਰੇ ਰਾਤ ਦਿਨ।

ਆਪਣੀ ਨਹੀਂ ਹੋਂਦ ਤੇ ਇਤਬਾਰ ਜਿਸਨੂੰ ਚੌਧਰੀ,
ਬੈਠਦਾ ਓਹੀਓ ਹੈ ਹੋਰਾਂ ਦੇ ਦੁਆਰੇ ਰਾਤ ਦਿਨ।

*ਜਗਦੇਵ ਸਿੰਘ ਚੌਕ, ਸਰਕੂਲਰ ਰੋਡ*
*ਪੰਜਾਬ ਨੈਸ਼ਨਲ ਬੈਂਕ ਵਾਲੀ ਗਲੀ*
*ਸਿਰਸਾ ਫੋਨ-੦੧੬੬੬-੨੨੩੩੮੫*

## ਪੱਥਰ ਥੀ ਰਹੇ ਹਾਂ

*ਪ੍ਰਿੰ. ਕਰਤਾਰ ਸਿੰਘ ਕਾਲੜਾ*

ਸਾਹਿਤ ਦੇ ਮਾਰੂਥਲ ਅੰਦਰ ਜੀ ਰਹੇ ਹਾਂ।
ਨਿੱਤ ਮਿਲਦੇ ਜ਼ਖ਼ਮ ਹੱਸ ਕੇ ਸੀ ਰਹੇ ਹਾਂ।
ਮੋਤੀਆਂ ਦੀ ਖਾਣ ਛੱਡ ਕੇ ਆ ਗਏ ਹਾਂ,
ਪੱਥਰਾਂ ਵਿਚ ਰਹਿ ਕੇ ਪੱਥਰ ਥੀ ਰਹੇ ਹਾਂ।
ਮੂੰਹ ਹਰ ਇੱਕ ਦਾ ਹੀ ਪੈਂਦੇ ਦੇਖਣਾ ਹੁਣ,
ਜ਼ਹਿਰ ਕਮ-ਜ਼ਰਫ਼ੀ ਦਾ ਨਿਸਦਿਨ ਪੀ ਰਹੇ ਹਾਂ।
ਆਪਣੀ ਜੀਵਨ ਜਾਚ ਭੁਲਣੀ ਪੈ ਰਹੀ ਹੈ,
ਕਦੇ 'ਕੁਝ ਹੁੰਦਾ ਸਾਂ' ਹੁਣ 'ਹੋ ਕੀ' ਰਹੇ ਹਾਂ ?
ਫ਼ਲਸਫ਼ੀ ਜੀਵਨ ਬਣਾਇਆ ਸੀ ਮਸੀਂ ਹੀ,
ਹੁਣ ਸਮਝ ਖ਼ੁਦ ਤਾਈਂ 'ਊਣੇ' ਹੀ ਰਹੇ ਹਾਂ।
ਭਿੱਜੀ ਬਿੱਲੀ ਵਾਂਗ ਜੀਵਨ ਹੋ ਗਿਆ ਹੈ,
ਉਮਰ ਭਰ ਬੇਸ਼ੱਕ ਬੜੇ ਅਣਖੀ ਰਹੇ ਹਾਂ।
ਬਾਜ਼ੀ ਜਿੱਤੀ ਅੰਤ ਵੇਲੇ ਹਰ ਗਈ ਹੈ,
ਆਏ ਸਾਂ ਖ਼ਾਲੀ 'ਤੇ ਜਾ ਖ਼ਾਲੀ ਰਹੇ ਹਾਂ।
ਇਹ ਨਿਰਿਛਤ ਗੇੜ ਜਿਹੜਾ ਪੈ ਗਿਆ ਹੈ,
'ਕਾਲੜਾ' ਜੀਵਨ 'ਚੋਂ ਹੋ ਮਨਫ਼ੀ ਗਏ ਹਾਂ।

*੨੯ ਵਾਟਰ ਵੇਲ ਬੋਲਿਵਰਡ, ਟੈਲਰਜ਼ ਹਿੱਲ*
*ਵਿਕਟੋਰੀਆ - ੩੦੩੧ (ਆਸਟ੍ਰੇਲੀਆ)*

## "ਇਹ ਗੱਭਰੂ ਪੰਜਾਬ ਦੇ"

(ਪ੍ਰੋ. ਪੂਰਨ ਸਿੰਘ ਦੀ ਆਤਮਾ ਤੋਂ ਖਿਮਾ ਮੰਗ ਕੇ)

*—ਸਵ. ਤਰਲੋਕ ਮਨਸੂਰ*

ਇਹ ਵੀ ਹਨ ਗੱਭਰੂ ਪੰਜਾਬ ਦੇ-
ਤਲੀ 'ਤੇ ਤਮਾਕੂ ਧਰ ਗੂਠੇ ਦੀ ਦਾਬ ਨਾਲ ਭੋਰਦੇ
ਮਲਦੇ ਧੱਫੇ ਜਿਹੇ ਮਾਰਦੇ....
ਫਿਰ ਚੂੰਢੀ ਕੁ ਲੈ ਕੇ ਸਗਾਤ ਇਹ
ਦਾੜ੍ਹਾਂ ਹੇਠ ਰੱਖਦੇ ਸ਼ੇਰ ਬਣ ਬੁੱਕਦੇ
ਗੱਲੀਂ ਬਾਤੀਂ, ਸਵਾ ਸਵਾ ਲੱਖ ਨੂੰ ਵੰਗਾਰਦੇ।
ਆਲ-ਪਤਾਲ ਦੀਆਂ ਬੇ-ਅਰਥ ਗੱਲਾਂ ਮਾਰਦੇ
ਨਜ਼ਰਾਂ ਹੇਠ ਕਿਸੇ ਨੂੰ ਲਿਆਵਣ-
ਇਹ ਵੀ ਟੈਅ ਨਾ ਮੰਨਣ ਕਿਸੇ ਦੀ
ਇਹ ਗੱਭਰੂ ਪੰਜਾਬ ਦੇ...।

ਮੱਥੇ ਉੱਤੇ ਹੱਥ ਦੀ ਤਿਰਛੀ ਜਿਹੀ ਓਟ ਕਰ
ਦੂਰ ਪੂਰਬ ਵੱਲ ਨੀਝਾਂ ਲਾ ਲਾ ਵੇਖਦੇ ਉਡੀਕਦੇ
ਭਈਏ ਕਿਉਂ ਨੀ ਆਏ ਅਜੇ, ਆਖਦੇ....
ਅਜੇ ਤੱਕ ਭੱਈਏ ਕਿਉਂ ਨਹੀਂ ਆਏ?
ਹੇ ਸੱਚੇ ਪਾਤਸ਼ਾਹ, ਭਈਆਂ ਨੂੰ ਘੱਲ....।
ਪੱਕ ਗਈਆਂ ਕਣਕਾਂ-ਵਾਢੀਆਂ ਦਾ ਜ਼ੋਰ ਹੈ....
ਭਈਏ ਹੀ ਵੱਢਣਗੇ ਕਣਕਾਂ, ਸਾਡੀ ਨਹੀਂ ਵਾਹ ਕੋਈ
'ਘੱਲ ਸੱਚੇ ਪਾਤਸ਼ਾਹ ਭਈਆ ਨੂੰ ਘੱਲ!'
ਕਰਦੇ ਅਰਜੋਈਆਂ ਇੰਜ ਇਹ ਗੱਭਰੂ ਪੰਜਾਬ ਦੇ।

ਲਚਰ ਗੀਤ ਲਿਖਣ ਵਾਲੇ ਸ਼ਾਇਰ ਹੀ
ਇਨ੍ਹਾਂ ਦੇ ਮਹਿਬੂਬ ਸਾਰੇ ਅਤੇ ਇਹੋ ਜਿਹੇ ਗਾਇਕ ਵੀ
ਉਨ੍ਹਾਂ ਦਿਆਂ ਗੀਤਾਂ ਉਤੇ ਤਾਲ ਦੇਂਦੇ ਝੂਮਦੇ ਨੱਚਦੇ...
ਨੰਗੀਆਂ ਅਦਾਵਾਂ ਵਾਲੀ ਘਟੀਆ ਨਚਾਰ ਉਤੇ
ਕੂਕਦੇ ਤੇ ਜਿੰਦ ਜਾਨ ਵਾਰਦੇ
'ਹਾਏ ਓਏ ਲੁੱਟ ਗਏ', ਪੁਕਾਰਦੇ ਹਿੱਕ ਉਤੇ ਹੱਥ ਧਰ ਦੱਸਦੇ,
ਇਹ ਗੱਭਰੂ ਪੰਜਾਬ ਦੇ...।

ਮੌਤ ਨੂੰ ਮਖੌਲਾਂ ਕਰਨ, ਮਰਨ ਤੋਂ ਮੂਲ ਨਹੀਂ ਡਰਦੇ
ਫਿਰ ਕਹਿੰਦੇ, ਹੇ ਸੱਚੇ ਪਾਤਸ਼ਾਹ ਆ ਆ ਵੀ
ਸਾਨੂੰ ਕਰਜੇ ਤੋਂ ਛੁਡਾ, ਨਹੀਂ ਤਾਂ ਧਰ ਕੇ ਤਲੀ ਉਤੇ ਸੀਸ ਨਹੀਂ,
ਸਲਫਾਸ ਦੀਆਂ ਗੋਲੀਆਂ, ਇਹ ਝੱਟ ਫੱਕੀ ਮਾਰਦੇ।
ਅਕਲ ਹੈਰਾਨ ਹੈ ਅਜੀਬ ਜਿਹੀ ਗੱਲ ਹੈ
ਕਿ ਅਜੇ ਵੀ ਪੰਜਾਬ ਜਿਉਂਦਾ, ਗੁਰੂਆਂ ਦੇ ਨਾਮ ਤੇ ?
ਨਹੀਂ ਤਾਂ ਵਕਤ ਦੇ ਨਿਜ਼ਾਮ ਨੇ, ਛੋਟੀ ਅਤੇ ਵੱਡੀ ਸਰਕਾਰ ਨੇ
ਇਨ੍ਹਾਂ ਦੇ ਮਾਰਨੇ ਨੂੰ ਕਸਰ ਤਾਂ ਨੀ ਛੱਡੀ ਕੋਈ ?
ਧੰਨ ਧੰਨ ਧੰਨ ਹਨ, ਇਹ ਗੱਭਰੂ ਪੰਜਾਬ ਦੇ... ?

*(ਤ੍ਰੈਮਾਸਕ "ਸੁਬਾਸਕ-35 ਚੋਂ )*
*—ਮਹਿਮਾ ਸਿੰਘ ਤੂਰ ਵਲੋਂ ਭੇਜਿਆ*



Namdhari Elibrary NamdhariElibrary@gmail.com

# ਦੋ ਗ਼ਜ਼ਲਾਂ/ ਡਾ. ਹਰਨੇਕ ਸਿੰਘ ਕੋਮਲ

(੧)

ਜੇ ਕਦੇ ਈਮਾਨ ਬਾਕੀ ਨਾ ਰਿਹਾ।
ਸਮਝ-'ਲੋ ਇਨਸਾਨ ਬਾਕੀ ਨਾ ਰਿਹਾ।

ਰਿਹਾ ਬਾਕੀ ਧਰਤ 'ਤੇ ਇਖਲਾਕ ਜੇ,
ਸਮਝ-ਲੋ ਹੈਵਾਨ ਬਾਕੀ ਨਾ ਰਿਹਾ।

ਗਰਜ਼ ਦੇ ਲਈ ਸ਼ਖ਼ਸ ਜਿਹੜਾ ਵਿਕ ਗਿਆ,
ਉਸ ਦਾ ਸਵੈਮਾਨ ਬਾਕੀ ਨਾ ਰਿਹਾ।

ਨਾਗ ਬਣ ਕੇ ਸੀ ਫੁਕਾਰੇ ਮਾਰਦਾ,
ਧਰਤ 'ਤੇ ਨਿਸ਼ਾਨ ਬਾਕੀ ਨਾ ਰਿਹਾ।

ਵਕਤ ਦੀ ਹੈ ਮਾਰ ਔਖੀ ਝੱਲਣੀ,
ਉਸ ਦਾ ਗੁਮਾਨ ਬਾਕੀ ਨਾ ਰਿਹਾ।

ਕਾਰ, ਬੰਗਲੇ, ਕੋਠੀਆਂ, ਹੀ ਰਹਿ ਗਏ,
ਨਾ ਰਿਹਾ ਇਨਸਾਨ ਬਾਕੀ ਨਾ ਰਿਹਾ।

ਚੰਦ ਰੁਤਬੇ ਪਾਸ ਉਸ ਦੇ ਰਹਿ ਗਏ,
ਉਸ ਦਾ ਈਮਾਨ ਬਾਕੀ ਨਾ ਰਿਹਾ।

(੨)

ਸ਼ੂਕਦਾ ਤੂਫ਼ਾਨ ਬਾਕੀ ਨਾ ਰਿਹਾ।
ਗ਼ਜ਼ਲ ਦੀ ਜਿੰਦਜਾਨ ਬਾਕੀ ਨਾ ਰਿਹਾ।

ਖ਼ੂਬਸੂਰਤ ਖ਼ਾਬ ਸਾਰੇ ਮਰ ਗਏ,
ਜੀਣ ਦਾ ਅਰਮਾਨ ਬਾਕੀ ਨਾ ਰਿਹਾ।

ਚਾਰ ਹੰਝੂ, ਚਾਰ ਨਗਮੇ ਰਹਿ ਗਏ,
ਜ਼ਖ਼ਮ ਦਾ ਨਿਸ਼ਾਨ ਬਾਕੀ ਨਾ ਰਿਹਾ।

ਮਹਿਕ ਫੁੱਲਾਂ ਦੀ ਅਜੇ ਵੀ ਯਾਦ ਹੈ,
ਟੁੱਟਿਆ ਗੁਲਦਾਨ ਬਾਕੀ ਨਾ ਰਿਹਾ।

ਨੀਂਹ ਕੱਚੀ ਏਸ ਦੀ ਸੀ ਦੋਸਤੋ,
ਢਹਿ ਗਿਆ ਮਕਾਨ ਬਾਕੀ ਨਾ ਰਿਹਾ।

ਸੱਚ ਦੀ ਪਹਿਚਾਣ ਬਾਕੀ ਨਾ ਰਹੀ,
ਸੱਚ ਦਾ ਸਨਮਾਨ ਬਾਕੀ ਨਾ ਰਿਹਾ।

ਜ਼ਿੰਦਗੀ ਦੇ ਅਰਥ ਹੋਵੇ ਸਮਝਦਾ,
ਅੱਜ ਉਹ ਵਿਦਵਾਨ ਬਾਕੀ ਨਾ ਰਿਹਾ।

*ਗਲੀ ਵਿਕਾਸ ਪਬਲਿਕ ਸਕੂਲ,*
*ਮਲੋਟ-੧੫੨੧੦੭ (ਪੰਜਾਬ)*
*ਫੋਨ-੦੧੬੩੭-੨੬੧੪੧੪*

# ਗ਼ਜ਼ਲ

*—ਜਸਵਿੰਦਰ ਮਹਿਰਮ*

ਮੇਰੇ ਸੰਗ ਤਾਂ ਹਮੇਸ਼ਾ ਹੀ ਅਜੇਹਾ ਹਾਦਸਾ ਹੋਇਆ।
ਜਿਨ੍ਹਾਂ ਤੋਂ ਨੇੜਤਾ ਚਾਹੀ ਉਨ੍ਹਾਂ ਤੋਂ ਫ਼ਾਸਲਾ ਹੋਇਆ।

ਉਹ ਛਿਪ ਕੇ ਬਹਿ ਗਿਆ ਕਿੱਥੇ, ਭੁਲਾ ਕੇ ਸਾਂਝ ਦੇ ਰਿਸ਼ਤੇ,
ਨਹੀਂ ਦਿਸਿਆ ਕਿਤੇ ਫਿਰਦਾ, ਨਾ ਮੁੜਕੇ ਰਾਬਤਾ ਹੋਇਆ।

ਕਰੇ ਉਹ ਖੋਖਲਾ ਦਾਅਵਾ ਮੁਹੱਬਤ ਦਾ ਕਿਵੇਂ, ਜਿਸ ਤੋਂ,
ਨਾ ਛੂਹ ਹੀ ਆਤਮਾ ਹੋਈ, ਨਾ ਦਿਲ ਵਿਚ ਦਾਖ਼ਲਾ ਹੋਇਆ।

ਮਨਾਂ ਦਾ ਬੋਝ ਵੀ ਲੱਥਾ, ਗਿਲੇ ਸ਼ਿਕਵੇ ਮਿਟੇ ਸਾਰੇ,
ਉਨ੍ਹਾਂ ਦੇ ਨਾਲ ਸ਼ੀਸ਼ੇ ਵਾਂਗ ਜਦ ਵੀ ਸਾਹਮਣਾ ਹੋਇਆ।

ਤੁਰੇ ਮਿਲ ਕੇ ਨਹੀਂ ਜਿਹੜੇ ਕਦਮ ਇੱਕ ਵੀ ਅਜੇ ਤਾਈਂ,
ਉਹ ਖ਼ੁਦ ਨੂੰ ਹਮਸਫ਼ਰ ਆਖਣ ਭਲਾ ਕੀ ਮਾਜਰਾ ਹੋਇਆ।

ਬਹਾਨੇ ਲਾਉਣ ਦੀ ਆਦਤ ਬਣੀ ਉਸਦੀ ਇਵੇਂ ਕਿਉਂਕਿ,
ਨਿਭਾਵੇ ਯਾਰੀਆਂ-ਵਾਦ੍ਹੇ ਨਾ ਉਸ ਤੋਂ ਹੌਸਲਾ ਹੋਇਆ।

ਸਵੇਰੇ ਦਾ ਘਰੋਂ ਤੁਰਿਆ ਨਾ ਮੁੜਿਆ ਰਾਤ ਵੀ ਰਾਹੀ,
ਹਨੇਰਾ ਖਾ ਗਿਆ ਉਸਨੂੰ ਜਦੋਂ ਤੱਕ ਚਾਨਣਾ ਹੋਇਆ।

ਕਹੋ ਅਪਣੀ, ਸੁਣੋ ਮੇਰੀ, ਬੁਰਾ ਆਖੋ, ਭਲਾ ਆਖੋ,
ਜੁਦਾ ਰਹਿ ਕੇ ਨਾ ਝਗੜੇ ਦਾ ਕਦੇ ਵੀ ਫ਼ੈਸਲਾ ਹੋਇਆ।

ਲਗਨ ਉਸਦੀ ਤੋਂ ਲੱਗਦਾ ਹੈ ਉਹ ਮੰਜ਼ਿਲ ਤੱਕ ਤੁਰੂ ਡਟ ਕੇ,
ਵਧੇਗਾ, ਜੋਸ਼ ਹੀ ਉਸਦਾ, ਕਠਿਨ ਜੋ ਰਾਸਤਾ ਹੋਇਆ।

ਤਿਰੇ ਮਗਰੋਂ ਮੈਂ ਕਿਸ ਦੇ ਨਾਲ ਕਰਦਾ ਦਿਲ ਦੀਆਂ ਗੱਲਾਂ,
ਗ਼ਜ਼ਲ ਮੇਰੀ ਬਣੀ 'ਮਹਿਰਮ' ਤਾਂ ਹੁਣ ਕਝ ਆਸਰਾ ਹੋਇਆ।

*—੪੨੬-8 ਸ਼ਹੀਦ ਊਧਮ ਸਿੰਘ ਨਗਰ*
*ਅਕਾਲ ਸਟੇਡੀਅਮ ਤੋਂ ਕੋਟ ਰਾਣੀ ਰੋਡ*
*ਸਤਨਾਮਪੁਰਾ- ਫਗਵਾੜਾ-੧੪੪੪੦੨*

# ਪਾਣੀ ਦਾ ਜੇ ਪੈ ਗਿਆ ਕਾਲ

*—ਚਰਨ ਸੀਚੇਵਾਲਵੀ*

ਪਾਣੀ ਦਾ ਜੇ ਪੈ ਗਿਆ ਕਾਲ।
ਸਾਡਾ ਕੀ ਹੋਵੇਗਾ ਹਾਲ!

ਕਿੱਦਾਂ ਉੱਠ ਇਸ਼ਨਾਨ ਕਰਾਂਗੇ।
ਕਿੱਦਾਂ ਉਸਦਾ ਧਿਆਨ ਧਰਾਂਗੇ।
ਕਿੱਦਾਂ ਹਊ ਉਸਦੀ ਫਿਰ ਭਾਲ।
ਪਾਣੀ ਦਾ ਜੇ ਪੈ ਗਿਆ ਕਾਲ।

ਪੂਰਾ ਕਿਵੇਂ ਹਊ ਇਹ ਘਾਟਾ।
ਕਿਵੇਂ ਗੁਨ੍ਹੰਗੀ ਸਰਘੀ ਆਟਾ।
ਕਿਵੇਂ ਰਿੱਝੂ ਮੋਠਾਂ ਦੀ ਦਾਲ।
ਪਾਣੀ ਦਾ ਜੇ ਪੈ ਗਿਆ ਕਾਲ।

ਨਾ ਚਿੜੀਆਂ ਦੀ ਚੂੰ ਚੂੰ ਸੁਣਨੀ।
ਨਾ ਕਵੀਆਂ ਨੇ ਕਵਿਤਾ ਬੁਣਨੀ।
ਨਾ ਫਿਰ ਆਉਣਾ ਕੋਈ ਖਿਆਲ।
ਪਾਣੀ ਦਾ ਜੇ.......................

ਜੇਠ ਹਾੜ ਦੀ ਲੂਅ ਜਦ ਚੱਲੀ।
ਮੱਚ ਜਾਵੇਗੀ ਫਿਰ ਤਰੱਥਲੀ।
ਖਿੜ ਖਿੜ ਹੱਸੂ ਮੌਤ ਵਿਕਰਾਲ।
ਪਾਣੀ ਦਾ ਜੇ.......................

ਪਾਣੀ ਦਾ ਇਕ ਘੁੱਟ ਨਹੀਂ ਮਿਲਣਾ।
ਪਾਣੀ ਬਿਨ ਬੁੱਲਾਂ ਨਹੀਂ ਹਿੱਲਣਾ।
ਜ਼ਿੰਦਗੀ ਜਾਪੇਗੀ ਇਕ ਗਾਲ੍ਹ।
ਪਾਣੀ ਦਾ ਜੇ.......................

ਥੱਲਿਓਂ ਪਾਣੀ ਮੁੱਕ ਜਾਣਾ ਹੈ।
ਦੁੱਧ ਥਣਾਂ 'ਚੋਂ ਸੁੱਕ ਜਾਣਾ ਹੈ।
ਵਿਲਕਣਗੇ ਭੁੱਖੇ ਫਿਰ ਬਾਲ।
ਪਾਣੀ ਦਾ ਜੇ.......................

ਕਰੀਏ ਇਹ ਦੀ ਸੁਚੱਜੀ ਵਰਤੋਂ।
ਕਰੀਏ ਸ਼ੁਰੂ ਆਪਣੇ ਘਰ ਤੋਂ।
ਵਰਤੀਏ ਇਸਨੂੰ ਸੰਜਮ ਨਾਲ।
ਪਾਣੀ ਦਾ ਜੇ.......................

ਉੱਦਮ ਕਰਕੇ ਰੁੱਖ ਲਗਾਈਏ।
ਫਿਰ ਬੱਦਲਾਂ ਨੂੰ ਘੇਰ ਲਿਆਈਏ।
ਮੀਂਹ ਨਾਲ ਹੋਵੇ ਧਰਤ ਨਿਹਾਲ।
ਪਾਣੀ ਦਾ ਜੇ.......................

ਪਾਣੀ ਦਾ ਜੇ ਪੈ ਗਿਆ ਕਾਲ।
ਸਾਡਾ ਕੀ ਹੋਵੇਗਾ ਹਾਲ!

*੪੨੮, ਗੁਰੂ ਨਾਨਕਪੁਰਾ (ਵੈਸਟ)*
*ਡਾਕ-ਚੌਗਿੱਟੀ, ਜਲੰਧਰ-੧੪੪੦੦੯*

---

## ਰੁਬਾਈਆਂ / ਨਵਰਾਹੀ ਘੁਗਿਆਣਵੀ

ਇਕ ਪਿਛੋਕੜ, ਵਿਰਸਾ ਇਕੋ, ਖ਼ੂਨ ਇਕ, ਇਕ ਬੋਲੀ।
ਫਿਰ ਵੀ ਕਿਉਂ ਇਹ ਚਹੁੰ ਕ ਸਾਲੀਂ, ਖੇਲ੍ਹਣ ਰੱਤ ਦੀ ਹੋਲੀ।
ਪਤਾ ਨਹੀਂ ਕਿਉਂ ਸੋਚ ਇਨ੍ਹਾਂ ਦੀ, ਪੁੱਠੇ ਪਾਸੇ ਲੱਗੀ;
'ਨਵਰਾਹੀ' ਸ਼ੋਭਾ ਨਹੀਂ ਦਿੰਦਾ, ਲੜਨ ਜਦੋਂ ਹਮਜੋਲੀ।

ਮਾਨਵਤਾ ਦਾ ਘਾਣ ਕਰੇਂਦੀ, ਇਹ ਜੰਗਜੂ ਜ਼ਹਿਨੀਅਤ।
ਮੂਰਖਤਾ, ਹੰਕਾਰ, ਦੋਹਾਂ ਦੀ, ਖ਼ਤਰਨਾਕ ਤਰਬੀਅਤ।
ਸਹਿਣਸ਼ੀਲਤਾ ਅਤੇ ਨਿਮ੍ਰਤਾ, ਹਨ ਦੋਵੇਂ ਗੁਣ ਵੱਡੇ;
'ਨਵਰਾਹੀ' ਸੱਚ ਸੰਜਮ ਬਾਝੋਂ, ਕਿਵੇਂ ਬਣੇ ਸ਼ਖ਼ਸੀਅਤ?

ਤੇਰੀ ਬਖ਼ਸ਼ਿਸ਼ ਨਾਲ ਦਾਤਿਆ, ਹੋਈਆਂ ਲਹਿਰਾਂ ਬਹਿਰਾਂ।
ਤੇਰੇ ਇਕ ਇਸ਼ਾਰੇ ਉੱਤੇ, ਵਗੀਆਂ ਅੰਮ੍ਰਿਤ ਨਹਿਰਾਂ।
ਤੂੰ ਚਾਹੇਂ ਜਲ-ਥਲ ਹੋ ਜਾਵੇ, ਨਾ ਚਾਹੇਂ, ਸੁੱਕ ਵਰਤੇ;
'ਨਵਰਾਹੀ' ਤੇਰੇ ਦਰ ਉੱਤੇ, ਮਿਲਣ ਸਦੀਵੀ ਠਹਿਰਾਂ।

ਬੜੇ ਚਿਰਾਂ ਤੋਂ ਵੇਖ ਰਹੇ ਹਾਂ, ਅਸੀਂ ਇਹ ਜੱਗ ਦਾ ਮੇਲਾ।
ਭਾਵੇਂ ਇਸ ਦੇ ਨਕਸ਼ ਪੁਰਾਤਨ, ਫਿਰ ਵੀ ਨਵਾਂ ਨਵੇਲਾ।
ਇਸ ਮੇਲੇ ਵਿਚ ਮਿੱਤਰ ਵੀ ਹਨ, ਵੈਰੀ ਅਤੇ ਵਿਰੋਧੀ;
'ਨਵਰਾਹੀ' ਵਿਸ਼ਵਾਸੀ ਦੇ ਲਈ, ਹਰਦਮ ਸਾਥ ਸੁਹੇਲਾ।

ਤਹਿ ਦਿਲ ਤੋਂ ਕੋਸ਼ਿਸ਼ ਹੈ ਮੇਰੀ, ਸੁੱਕ ਨਾ ਜਾਵੇ ਸੋਮਾ।
ਮੈਂ ਮਿੱਟੀ, ਮੇਰੇ ਕਣ ਕਣ ਦੇ ਵਿਚ, ਘੁਲਿਆ ਹੋਇਆ ਸੋਨਾ।
ਭਰੇ ਖ਼ਜ਼ਾਨੇ ਸਾਂਭਣ ਦੇ ਲਈ, ਯਤਨਸ਼ੀਲ ਹਾਂ ਰਹਿੰਦਾ;
'ਨਵਰਾਹੀ' ਰੁਸ਼ਨਾਉਣਾ ਚਾਹਾਂ, ਧਰਤੀ ਦਾ ਹਰ ਕੋਨਾ।

*ਨਵਾਂ ਹਰਿੰਦਰ ਨਗਰ,*
*ਫ਼ਰੀਦਕੋਟ ੧੫੧੨੦੩*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

**OPP. : INDUSTRIAL ESTATE,**

**JAMMU CANTT.**



Namdhari Elibrary NamdhariElibrary@gmail.com

# ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ : ਨਵੀਨ ਤੱਥ

*—ਡਾ. ਕਿਰਪਾਲ ਸਿੰਘ*

ਭਾਈ ਸਾਹਿਬ ਭਾਈ ਵੀਰ ਸਿੰਘ ਨੇ ਸੰਪਾਦਨ ਕਰਦਿਆਂ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਬੜਾ ਵੱਡਾ ਨੋਟ ਦੇ ਕੇ ਇਹ ਸਿੱਧ ਕੀਤਾ ਹੈ ਕਿ ਜਹਾਂਗੀਰ ਦੇ ਪੁੱਤਰ ਖੁਸਰੋ ਜਿਸਨੇ ਆਪਣੇ ਪਿਤਾ ਦੇ ਖਿਲਾਫ ਬਗਾਵਤ ਕੀਤੀ ਸੀ, ਗੁਰੂ ਅਰਜਨ ਸਾਹਿਬ ਨੂੰ ਮਿਲਿਆ ਹੀ ਨਹੀਂ। ਜਹਾਂਗੀਰ ਨੇ ਆਪਣੇ ਤੁਅੱਸਬ ਕਰ ਕੇ ਗੁਰੂ ਅਰਜਨ ਸਾਹਿਬ ਵਾਸਤੇ ਸ਼ਹੀਦੀ ਦਾ ਹੁਕਮ ਦੇ ਦਿੱਤਾ। ਇਸ ਸਿਧਾਂਤ ਦੇ ਪੱਖ ਵਿਚ ਉਨ੍ਹਾਂ ਨੇ ਤੋਜ਼ਕਿ-ਜਹਾਂਗੀਰੀ ਜੋ ਜਹਾਂਗੀਰ ਦੀ ਆਪਣੀ ਲਿਖਤ ਹੈ ਤੋਂ ਟੂਕਾਂ ਦੇ ਕੇ ਸਿੱਧ ਕੀਤਾ ਹੈ ਕਿ ਜਹਾਂਗੀਰ ਮਾਝੇ ਦੇ ਇਲਾਕੇ ਵਿਚ ਭਾਵ ਬਿਆਸ ਤੋਂ ਰਾਵੀ ਤੱਕ ਤਕਰੀਬਨ ਦੋ ਹਫਤੇ ਰਿਹਾ ਤੇ ਉਸਨੂੰ ਖੁਸਰੋ ਦੇ ਗੁਰੂ ਸਾਹਿਬ ਨੂੰ ਮਿਲਣ ਦੀ ਕੋਈ ਖਬਰ ਨਹੀਂ ਮਿਲੀ। ਜੇ ਗੁਰੂ ਸਾਹਿਬ ਮਿਲਦੇ ਤਾਂ ਜ਼ਰੂਰ ਉਹਦੇ ਜਾਸੂਸ ਜਾਂ ਹੋਰ ਲੋਕ ਇਨਾਮ ਲੈਣ ਦੀ ਖਾਤਰ ਜ਼ਰੂਰ ਖਬਰ ਦਿੰਦੇ। ਇਸੇ ਤਰਾਂ ਦਾ ਸਿਧਾਂਤ ਡਾ. ਗੰਡਾ ਸਿੰਘ ਨੇ ਆਪਣੀ ਪੁਸਤਕ ਮਾਖਜ਼ੇ-ਤਵਾਰੀਖੇ-ਸਿੱਖਾਂ ਵਿਚ ਜਹਾਂਗੀਰ ਦੀ ਤੋਜ਼ਕਿ-ਜਹਾਂਗੀਰੀ ਦੇ ਸਬੰਧ ਵਿਚ ਨੋਟ ਦਿੱਤਾ ਹੈ। ਸੰਨ ੧੯੫੦ ਵਿਚ ਪ੍ਰਿੰਸੀਪਲ ਤੇਜਾ ਸਿੰਘ ਤੇ ਗੰਡਾ ਸਿੰਘ ਨੇ ਰਲ ਕੇ ਅੰਗਰੇਜ਼ੀ ਵਿਚ A Short History of the Sikhs ਲਿਖਿਆ। ਉਸ ਵਿਚ ਵੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਬਾਰੇ ਇਸੇ ਤਰ੍ਹਾਂ ਦੇ ਖਿਆਲਾਂ ਦਾ ਪ੍ਰਗਟਾਵਾ ਕੀਤਾ।

ਇਤਿਹਾਸ ਇਕ ਵਿਸ਼ਾਲ ਵਿਸ਼ਾ ਹੈ। ਕਿਸੇ ਇਕ ਸਰੋਤ ਦੇ ਆਧਾਰ ਤੇ ਕੋਈ ਸਿੱਟਾ ਕੱਢਿਆ ਕਈ ਵਾਰੀ ਗਲਤ ਹੋ ਜਾਂਦਾ ਹੈ। ਸਿੱਖ ਵਿਦਵਾਨਾਂ ਵਿਚ ਫਾਰਸੀ ਦੇ ਇਲਮ ਦੀ ਘਾਟ ਹੋਣ ਕਰ ਕੇ ਜਹਾਂਗੀਰ ਦੇ ਸਮੇਂ ਦੇ ਸਮਕਾਲੀ ਤੇ ਅਰਧ ਸਮਕਾਲੀ, ਫਾਰਸੀ ਇਤਿਹਾਸ ਕਿਸੇ ਖੋਜਣ ਦੀ ਖੇਚਲ ਨਹੀਂ ਕੀਤੀ। ਇਹੀ ਕਾਰਨ ਹੈ ਕਿ ਕਈ ਦਹਾਕਿਆਂ ਤੋਂ ਸਿੱਖਾਂ ਵਿਚ ਇਹੀ ਪ੍ਰਚਲਤ ਹੈ ਕਿ ਖੁਸਰੋ ਗੁਰੂ ਸਾਹਿਬ ਨੂੰ ਨਹੀਂ ਮਿਲਿਆ।

ਭਾਈ ਵੀਰ ਸਿੰਘ ਤੇ ਡਾ. ਗੰਡਾ ਸਿੰਘ ਦੀ ਖੋਜ ਦੇ ਦੋ ਸਿੱਟੇ ਨਿਕਲਦੇ ਹਨ :

੧. ਖੁਸਰੋ ਲਾਹੌਰ ਜਾਂਦਾ ਹੋਇਆ ਗੁਰੂ ਸਾਹਿਬ ਨੂੰ ਨਹੀਂ ਮਿਲਿਆ।

੨. ਜੇ ਮਿਲਿਆ ਹੁੰਦਾ ਤਾਂ ਬਾਦਸ਼ਾਹ ਨੂੰ ਫੌਰਨ ਪਤਾ ਲੱਗ ਜਾਣਾ ਸੀ। ਇਹਨਾਂ ਸਿੱਟਿਆਂ ਨਾਲ ਮੇਰੀ ਪੂਰੀ ਸਹਿਮਤੀ ਹੈ। ਪਰ ਗੱਲ ਇਥੇ ਮੁੱਕਦੀ ਨਹੀਂ। ਗੱਲ ਇਥੇ ਮੁੱਕ ਜਾਣੀ ਸੀ ਜੇ ਖੁਸਰੋ ਲਾਹੌਰ ਤੋਂ ਹੀ ਚਨਾਬ ਵਾਲੇ ਪਾਸੇ ਭੱਜਦਾ ਤੇ ਫੜਿਆ ਜਾਂਦਾ। ਪਰ ਇਸ ਤਰ੍ਹਾਂ ਨਹੀਂ ਹੋਇਆ। ਸਮਕਾਲੀ ਤਾਰੀਖਾਂ ਜੋ ਫਾਰਸੀ ਵਿਚ ਹਨ ਵਿਸ਼ੇਸ਼ ਕਰਕੇ ਇਕਬਾਲਨਾਮਾ ਜਹਾਂਗੀਰੀ, ਮੁਆਸੁਰ-ਉਲ-ਉਮਰਾ ਅਤੇ ਸ਼ਾਹਜਹਾਂ ਨਾਮਾ ਪੜ੍ਹਿਆਂ ਪਤਾ ਲੱਗਦਾ ਹੈ ਕਿ ਖੁਸਰੋ ਨੇ ਜਦੋਂ ਬਿਆਸ ਦਰਿਆ ਲੰਘਿਆ ਤੇ ਬਹੁਤ ਸਾਰੇ ਲੋਕ ਉਹਦੀ ਫੌਜ ਵਿਚ ਸ਼ਾਮਲ ਹੋ ਗਏ। ਉਹਦੀਆਂ ਫੌਜਾਂ ਦੀ ਗਿਣਤੀ ਦਸ ਜਾਂ ਬਾਰਾਂ ਹਜ਼ਾਰ ਹੋ ਗਈ। ਇਸ ਕਰਕੇ ਉਸਨੇ ਲਾਹੌਰ ਜਿੱਤਣ ਦਾ ਫੈਸਲਾ ਕਰ ਲਿਆ। ਜਲਦੀ-ਜਲਦੀ ਬਿਆਸ ਤੋਂ ਤਰਨਤਾਰਨ ਦੇ ਰਸਤੇ (ਉਦੋਂ ਇਹੀ ਸੜਕ ਲਾਹੌਰ ਜਾਂਦੀ ਸੀ) ਤੋਂ ਲਾਹੌਰ ਪੁੱਜ ਗਿਆ। ਲਾਹੌਰ ਦਾ ਘੇਰਾ ਨੌਂ ਦਿਨ ਕਰੀ ਰੱਖਿਆ। ਪਰ ਜਹਾਂਗੀਰ ਨੇ ਲਾਹੌਰ ਦੇ ਕਿਲ੍ਹੇ ਦਾ ਚੰਗਾ ਪ੍ਰਬੰਧ ਕਰਾਇਆ ਸੀ, ਜਿੱਤ ਨਾ ਸਕਿਆ। ਫਿਰ ਇਸ ਨੇ ਪਿੱਛੇ ਮੁੜ ਕੇ ਆਪਣੇ ਪਿਛੇ ਆ ਰਹੀ ਫੌਜ ਦਾ ਟਾਕਰਾ ਕਰਨ ਦਾ ਫੈਸਲਾ ਕਰ ਲਿਆ। ਖੁਸਰੋ ਦਾ ਖਿਆਲ ਸੀ ਕਿ ਜਿਹੜੀਆਂ ਫੌਜਾਂ ਉਹਦੇ ਪਿਛੇ ਆ ਰਹੀਆਂ ਹਨ ਉਹ ਥੋੜ੍ਹੀਆਂ ਹਨ। ਉਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਕੇਵਲ ਚਾਰ ਹਜ਼ਾਰ ਸੀ। ਇਸ ਲਈ ਉਹ ਚਾਹੁੰਦਾ ਸੀ ਕਿ ਮੁਰਤਜ਼ਾ ਫਰੀਦਾ ਖਾਂ ਦੀਆਂ ਫੌਜਾਂ ਜੋ ਉਸ ਦਾ ਪਿੱਛਾ ਕਰ ਰਹੀਆਂ ਸਨ ਉਨ੍ਹਾਂ ਨੂੰ ਬਿਆਸ ਦਰਿਆ ਨਾ ਟੱਪਣ ਦੇਵੇ। ਪਰ ਉਹਦੇ ਆਉਣ ਤੋਂ ਪਹਿਲਾ ਮੁਰਤਜ਼ਾ ਫਰੀਦ ਖਾਂ ਦੀਆਂ ਫੌਜਾਂ ਬਿਆਸ ਦਰਿਆ ਟੱਪ ਕੇ ਗੋਇੰਦਵਾਲ ਸਾਹਿਬ ਲੰਘ ਕੇ ਭਰੋਵਾਲ ਪਹੁੰਚ ਗਈਆਂ ਸਨ ਜੋ ਗੋਇੰਦਵਾਲ ਤੋਂ ੩-੪ ਕਿਲੋਮੀਟਰ ਦੂਰੀ 'ਤੇ ਹੈ। ਸੋ ਖੁਸਰੋ ਤੇ ਮੁਰਤਜ਼ਾ ਫਰੀਦ ਖਾਂ ਦੀ ਲੜਾਈ ਭਰੋਵਾਲ ਦੇ ਸਥਾਨ 'ਤੇ ਹੋਈ।

### ਭਰੋਵਾਲ ਦੀ ਲੜਾਈ

ਇਹ ਲੜਾਈ ੧੫ ਅਪ੍ਰੈਲ ੧੬੦੬ ਈ. ਵਿਚ ਖੁਸਰੋ ਦੀਆਂ ਫੌਜਾਂ ਤੇ ਮੁਰਤਜ਼ਾ ਫਰੀਦ ਖਾਂ ਦੀਆਂ ਫੌਜਾਂ ਵਿਚਕਾਰ ਹੋਈ। ਇਸ ਲੜਾਈ ਵਿਚ ਇਕਬਾਲ ਨਾਮਾ ਜਹਾਂਗੀਰੀ ਦਾ ਲੇਖਕ ਮੋਹਤਮਿਦ ਖਾਂ ਜੋ ਜਹਾਂਗੀਰ ਦਾ ਖਾਸ ਨਿਕਟਵਰਤੀ ਸੀ ਮੁਰਤਜ਼ਾ ਖਾਂ ਦੇ ਨਾਲ ਮਿਲ ਕੇ ਖੁਸਰੋ ਦੀਆਂ ਫੌਜਾਂ ਨਾਲ



Namdhari Elibrary NamdhariElibrary@gmail.com

ਲੜ ਰਿਹਾ ਸੀ। ਭਰੋਵਾਲ ਦੀ ਲੜਾਈ ਦਾ ਹਾਲ ਉਸ ਨੇ ਬੜੇ ਵਿਸਥਾਰ ਨਾਲ ਇਕਬਾਲਨਾਮਾ ਜਹਾਂਗੀਰੀ ਵਿਚ ਲਿਖਿਆ ਹੈ ਅਤੇ ਪੰਜਾਬ ਅੰਡਰ ਦੀ ਮੁਗਲਜ਼ ਕ੍ਰਿਤ ਮੁਹੰਮਦ ਅਕਬਰ (ਲਾਹੌਰ ੧੯੪੮) ਵਿਚ ਉਧਰਤ ਹੈ।

ਲੜਾਈ ਆਰੰਭ ਹੋਣ ਤੋਂ ਪਹਿਲਾਂ ਮੀਂਹ ਪੈਣ ਦਾ ਅਸਰ ਖੁਸਰੋ ਦੀਆਂ ਫੌਜਾਂ 'ਤੇ ਬਹੁਤ ਭੈੜਾ ਪਿਆ। ਕਮਾਨ ਦਾ ਚਿੱਲਾ ਚੜਾਉਣਾ ਔਖਾ ਹੋ ਗਿਆ। ਸਭ ਤੋਂ ਵੱਡਾ ਕਾਰਨ ਖੁਸਰੋ ਦੀ ਹਾਰ ਦਾ ਇਹ ਹੋਇਆ ਕਿ ਮੁਰਤਜ਼ਾ ਫਰੀਦ ਖਾਂ ਦੀ ਫੌਜ ਨੇ ਬੜੇ ਤਰੀਕੇ ਨਾਲ ਇਹ ਅਫਵਾਹ ਉਡਾ ਦਿੱਤੀ ਕਿ ਜਹਾਂਗੀਰ ਬਾਦਸ਼ਾਹ ਇਕ ਬੜੀ ਵੱਡੀ ਫੌਜ ਲੈ ਕੇ ਬਿਆਸ ਦਰਿਆ ਪਾਰ ਕਰ ਚੁੱਕਾ ਹੈ। ਇਹ ਗੱਲ ਢੋਲ, ਢਮੱਕੇ ਤੇ ਵਾਜਿਆਂ ਨਾਲ ਫੌਜਾਂ ਵਿਚ ਫੈਲਾ ਦਿੱਤੀ ਗਈ, ਜਿਸ ਦਾ ਅਸਰ ਇਹ ਹੋਇਆ ਕਿ ਖੁਸਰੋ ਦੀਆਂ ਫੌਜਾਂ ਡਰ ਗਈਆਂ, ਉਨ੍ਹਾਂ ਨੱਸਣਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਸਿਪਾਹੀ ਮਾਰੇ ਗਏ। ਖੁਸਰੋ ਜਾਨ ਬਚਾ ਕੇ ਮਸਾਂ ਇਸ ਲੜਾਈ ਵਿਚੋਂ ਨਿਕਲਿਆ। ਉਹਦਾ ਖਜ਼ਾਨਾ ਕੀਮਤੀ ਜ਼ੇਵਰ ਸਾਰੇ ਮੁਰਤਜ਼ਾ ਫਰੀਦ ਖਾਂ ਦੀਆਂ ਫੌਜਾਂ ਦੇ ਹੱਥ ਆ ਗਏ।

ਦੇਵਨੇਤ ਨਾਲ ਜਹਾਂਗੀਰ ਪੰਦਰਾਂ ਅਪ੍ਰੈਲ ਦੀ ਰਾਤ ਪਈ ਆਪਣੀਆਂ ਫੌਜਾਂ ਲੈ ਕੇ ਮੁਰਤਜ਼ਾ ਫਰੀਦ ਖਾਂ ਦੀਆਂ ਫੌਜਾਂ ਨਾਲ ਆ ਮਿਲਿਆ। ਖੁਸਰੋ ਦਾ ਖਜ਼ਾਨਾ ਕੀਮਤੀ ਸਾਮਾਨ ਜਹਾਂਗੀਰ ਦੇ ਪੇਸ਼ ਕਰ ਦਿੱਤਾ ਗਿਆ। ਜਿਥੇ ਮੁਰਤਜ਼ਾ ਫਰੀਦ ਖਾਂ ਠਹਿਰਿਆ ਹੋਇਆ ਸੀ। ਉਥੇ ਨਵਾਂ ਨਗਰ ਫਤਿਹਾਬਾਦ ਦੇ ਨਾਮ ਨਾਲ ਆਬਾਦ ਕੀਤਾ। ਮੁਰਤਜ਼ਾ ਫਰੀਦ ਖਾਂ ਨੂੰ ਮੁਰਤਜ਼ਾ ਖਾਂ ਦਾ ਖਿਤਾਬ ਦਿੱਤਾ, ਜਿਸ ਦਾ ਪਹਿਲਾ ਨਾਮ ਫਰੀਦ ਖਾਂ ਸੀ। ਇਸ ਲੜਾਈ ਦਾ ਹਾਲ ਡਾਕਟਰ ਈਸ਼ਵਰੀ ਪ੍ਰਸਾਦ ਨੇ ਆਪਣੀ ਪੁਸਤਕ A Short History of Muslim Rule in India ਵਿਚ ਇਸ ਤਰ੍ਹਾਂ ਲਿਖਿਆ ਹੈ।

A battle was fought at Bharowal in which rebels were severely defeated. About four hundered of them were slain in the battle and those that survived were terribly frightened. Khusereo himself escaped from the field of battle and his box containing jewellery and other precious articles fell in the hands of imperialist. But he was not yet safe.

"ਭਰੋਵਾਲ ਦੇ ਅਸਥਾਨ ਲੜਾਈ ਹੋਈ ਜਿਸ ਵਿਚ ਬਾਗੀਆਂ ਦੀ ਹਾਰ ਬੁਰੀ ਤਰ੍ਹਾਂ ਹੋਈ। ਉਨ੍ਹਾਂ ਦੇ ਚਾਰ ਸੌ ਆਦਮੀ ਲੜਾਈ ਵਿਚ ਮਾਰੇ ਗਏ। ਜਿਹੜੇ ਬਚੇ ਬੁਰੀ ਤਰ੍ਹਾਂ ਡਰ ਗਏ (ਤੇ ਨੱਸ ਗਏ) ਖੁਸਰੋ ਆਪ ਮਸਾਂ ਜਾਨ ਬਚਾ ਕੇ ਜੰਗ ਦੇ ਮੈਦਾਨ ਵਿਚੋਂ ਨਿਕਲਿਆ ਅਤੇ ਉਸ ਦੇ ਕੀਮਤੀ ਜੇਵਰ ਤੇ ਖਜ਼ਾਨਾ ਫਰੀਦ ਖਾਂ ਦੀਆਂ ਫੌਜਾਂ ਹੱਥ ਆ ਗਿਆ। ਉਹ ਹਾਲੀ ਵੀ ਸੁਰੱਖਿਅਤ ਨਹੀਂ ਸੀ।"

ਭਰੋਵਾਲ ਤੋਂ ਤਰਨਤਾਰਨ ਕੇਵਲ ਤਕਰੀਬਨ ੨੦ ਕਿਲੋਮੀਟਰ ਹੈ। ਇਹ ਪੁਰਾਣੀ ਸੜਕ ਸਰਾਏ ਅਮਾਨਤ ਖਾਂ ਤੇ ਅਟਾਰੀ ਤੋਂ ਹੁੰਦੀ ਹੋਈ ਲਾਹੌਰ ਜਾਂਦੀ ਸੀ। ਹਾਰ ਖਾਣ ਤੋਂ ਬਾਅਦ ਖੁਸਰੋ ਆਪਣੀ ਖਸਤਾ ਹਾਲਤ ਵਿਚ ਗੁਰੂ ਅਰਜਨ ਸਾਹਿਬ ਦੀ ਸ਼ਰਨ ਆਇਆ। ਕੁਝ ਨਜ਼ਰਾਨਾ ਭੇਟ ਕਰ ਕੇ ਆਪਣੀ ਦੁੱਖ ਭਰੀ ਹਾਲਤ ਦੱਸੀ ਤੇ ਮਦਦ ਦੀ ਜਾਚਨਾ ਕੀਤੀ। ਕਈ ਥਾਵਾਂ ਤੇ ਫਾਰਸੀ ਸਰੋਤਾਂ 'ਤੇ ਗੁਰਮੁਖੀ ਸਰੋਤਾਂ ਮੇਲ ਖਾ ਜਾਂਦੀਆਂ ਹਨ। ਮਹਿਮਾ ਪਰਕਾਸ਼ ਨੇ ਖੁਸਰੋ ਦੀ ਹਾਲਤ ਇਸ ਤਰਾਂ ਬਿਆਨ ਕੀਤੀ ਹੈ :

ਸਤਿਗੁਰ ਤਰਨਤਾਰਨ ਪਰ ਗਏ।
ਕਤੇਕ ਦਿਨ ਤਹਾ ਬੀਤਤ ਭਏ।
ਭਾਗਾ ਆਇਆ ਇਕ ਸ਼ਹਿਜ਼ਾਦਾ।
ਕਛੁ ਬਾਦਸ਼ਾਹ ਸੋ ਭਇਆ ਬਿਬਾਦਾ।
ਉਹਾ ਆਨ ਡੇਰਾ ਤਿਨ ਲੀਨਾ।
ਸਤਿਗੁਰ ਸੋ ਭੇਟਾ ਤਿਨ ਕੀਨਾ,
ਸੋ ਬਡਾ ਤਾ ਪਰ ਭਾਈ ਆਫਤ,
ਦੇਖ ਦਇਆਲ ਗੁਰ ਕਰੀ ਜਿਆਫਤ॥
ਤਾ ਕੋ ਖਾਨ ਪਾਨ ਸਭ ਦੀਆ,
ਨਿਸ ਕਰ ਗੁਜਾਰਨ ਕੂਚ ਤਿਨ ਕੀਆ॥
ਦੋਹਰਾ
ਸਹਜਾਦੇ ਜੀ ਭਾਗ ਕਰ ਗਏ ਗੁਰ ਅਰਜਨ ਪਾਸ।
ਕਛੁ ਮਦਤ ਖਜਾਨੇ ਕੀ ਕਰੀ ਕੀਨੀ ਬਹੁਤ ਸੁਪਾਸ।

ਗੁਰੂ ਸਾਹਿਬ ਨੇ ਸ਼ਹਿਜ਼ਾਦੇ ਨੂੰ ਉਸ ਦੀ ਮੁਸੀਬਤ ਦੇਖ ਕੇ ਲੰਗਰ ਛਕਾਇਆ ਕਿਉਂਕਿ ਗੁਰੂ ਘਰ ਦਾ ਅਸੂਲ ਹੈ :

ਜੋ ਸਰਨ ਆਵੇ ਤਿਸ ਕੰਠ ਲਾਵੇ।
ਇਹੁ ਬਿਰਦੁ ਸੁਆਮੀ ਸੰਦਾ॥(ਗੁਰੂ ਗ੍ਰੰਥ ਸਾਹਿਬ, ਪੰਨਾ ੫੪੪)

ਗੁਰੂ ਸਾਹਿਬ ਨੇ ਉਸ ਦੀ ਲਾਚਾਰੀ ਦੇਖਦੇ ਹੋਏ ਉਸ ਦੀ ਅਧੀਨਗੀ ਨਾਲ ਬੇਨਤੀ ਕਰਨ ਤੇ "ਭਨਤ ਬਿਨੋ ਅਧਿਆਏ ਅਧੀਨ" ਉਸ ਦੀ ਲੰਗਰ ਪਾਣੀ ਲਈ ਥੋੜੀ ਜਿਹੀ ਮਾਇਆ ਦਿੱਤੀ।



Namdhari Elibrary NamdhariElibrary@gmail.com

ਬਾਦਸ਼ਾਹ ਦੇ ਮੁਖਬਰਾਂ ਨੇ ਖੁਸਰੋ ਦੇ ਗੁਰੂ ਅਰਜਨ ਦੇਵ ਜੀ ਨੂੰ ਮਿਲਣ ਦੀ ਤੁਰੰਤ ਖਬਰ ਕਿਉਂ ਨਾ ਦਿੱਤੀ :

੧੫ ਅਪ੍ਰੈਲ, ੧੬੦੬ ਈ. ਦੀ ਰਾਤ ਜਹਾਂਗੀਰ ਬਾਦਸ਼ਾਹ ਤੇ ਮੁਰਤਜ਼ਾ ਫਰੀਦ ਖਾਂ ਇਕੱਠੇ ਰਹੇ। ਸਾਰੇ ਅਹਿਲਕਾਰਾਂ ਤੇ ਮੁਖਬਰਾਂ ਦਾ ਧਿਆਨ ਬਾਦਸ਼ਾਹ ਵੱਲ ਹੋ ਗਿਆ। ਬਾਦਸ਼ਾਹ ਦੀਆਂ ਫੌਜਾਂ ਆਉਣ ਨਾਲ ਤੇ ਖੁਸਰੋ ਦੀ ਬੁਰੀ ਤਰ੍ਹਾਂ ਹਾਰ ਨਾਲ ਸਭ ਨੂੰ ਯਕੀਨ ਹੋ ਗਿਆ ਕਿ ਹੁਣ ਖੁਸਰੋ ਦਾ ਪਕੜਿਆ ਜਾਣਾ ਨਿਸ਼ਚਿਤ ਹੋ ਗਿਆ ਹੈ। ਇਸ ਲਈ ਉਸ ਰਾਤ ਸਾਰੇ ਖੁਸਰੋ ਵਲੋਂ ਬੇਫਿਕਰ ਹੋ ਗਏ। ਇਹ ਉਹੀ ਰਾਤ ਸੀ ਜਦੋਂ ਖੁਸਰੋ ਗੁਰੂ ਅਰਜਨ ਸਾਹਿਬ ਨੂੰ ਮਿਲਿਆ। ਜਿਵੇਂ ਕਿ ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ। 'ਨਿਸ ਕਰ ਗੁਜਾਰਨ ਕੂਚ ਤਿਨ ਕੀਆ।'

ਗੁਰੂ ਅਰਜਨ ਸਾਹਿਬ ਨੇ ਦੀਨਦੁਖੀ ਦੀ ਸਹਾਇਤਾ ਦੀ ਦ੍ਰਿਸ਼ਟੀ ਤੋਂ ਖੁਸਰੋ ਨੂੰ ਲੰਗਰ ਛਕਾਇਆ ਤੇ ਲੰਗਰ ਛਕਾਉਣ ਲਈ ਕੁਝ ਮਾਇਆ ਵੀ ਦਿੱਤੀ ਕਿਉਂਕਿ ਉਹ ਕਾਹਲੀ ਵਿਚ ਸੀ, ਥੋੜੀ ਦੂਰ ਤੇ ਉਹਦੇ ਦੁਸ਼ਮਣ ਉਸ ਨੂੰ ਪਕੜਨ ਦੀਆਂ ਵਿਉਂਤਾਂ ਬਣਾ ਰਹੇ ਸਨ। ਬਾਬਾ ਮੋਹਰੀ ਦੇ ਸਾਹਿਬਜ਼ਾਦੇ ਅਰਥ ਮਲ ਦੇ ਪੁੱਛਣ ਤੇ ਗੁਰੂ ਜੀ ਨੇ ਕਿਹਾ "ਇਕ ਦੁਖੀ ਸ਼ਹਿਜ਼ਾਦਾ ਮੇਰੇ ਕੋਲ ਆਇਆ। ਮੈਂ ਦੁਖੀ ਜਾਣ ਕੇ ਉਸਨੂੰ ਭੋਜਨ ਛਕਾਇਆ ਹੈ।"

ਭਾਈ ਸੰਤੋਖ ਸਿੰਘ ਲਿਖਦੇ ਹਨ :

ਪੁਨਹਿ ਸ਼ਹਿਜ਼ਾਦਾ ਇਕ ਚਲਿ ਆਯੋ।<br>
ਦੀਨ ਜਾਨਿ ਤਿਨ ਭੋਜਨ ਖ੍ਵਾਯੋ॥੨੭॥

(ਅੰਸੂ ੩੩, ਰਾਸ ੪)

## ਤੋਜ਼ਕਿ-ਜਹਾਂਗੀਰੀ ਵਿਚ ਗੁਰੂ ਸਾਹਿਬ ਬਾਰੇ ਗਲਤ ਬਿਆਨੀ ਅਤੇ ਬਾਦਸ਼ਾਹ ਦਾ ਧਾਰਮਿਕ ਪੱਖਪਾਤ

ਜਹਾਂਗੀਰ ਬਾਦਸ਼ਾਹ ਨੇ ਗੁਰੂ ਅਰਜਨ ਸਾਹਿਬ ਦੇ ਦੁਸ਼ਮਣਾਂ ਵੱਲੋਂ ਲਾਈਆਂ ਊਜਾਂ ਦੇ ਆਧਾਰ 'ਤੇ ਇਹ ਤਿੰਨ ਗੱਲਾਂ ਲਿਖੀਆਂ ਹਨ:

੧. ਗੁਰੂ ਅਰਜਨ ਸਾਹਿਬ ਖੁਸਰੋ ਨੂੰ ਮਿਲਣ ਗਏ, ਜਿਵੇਂ ਕਿ ਉਤੇ ਦੱਸਿਆ ਜਾ ਚੁੱਕਾ ਹੈ ਇਹ ਠੀਕ ਨਹੀਂ, ਖੁਸਰੋ ਹਾਰ ਖਾ ਕੇ ਨਿਮਾਣਾ ਬਣ ਕੇ ਗੁਰੂ ਜੀ ਦੀ ਸ਼ਰਨ ਆਪ ਆਇਆ ਸੀ ਨਾ ਕਿ ਗੁਰੂ ਜੀ ਉਸ ਕੋਲ ਗਏ ਸਨ।

੨. ਖੁਸਰੋ ਨੂੰ ਨਜ਼ਰਾਨਾ ਪੇਸ਼ ਕੀਤਾ ਤੇ ਖੁਸਰੋ ਦੇ ਮੱਥੇ ਤਿਲਕ ਲਾਇਆ ਸਿੱਖਾਂ ਵਿਚ ਤਿਲਕ ਲਾਉਣ ਦਾ ਕੋਈ ਰਿਵਾਜ ਨਹੀਂ। ਕੇਵਲ ਗੁਰਿਆਈ ਸਮੇਂ ਗੁਰੂਆਂ ਦੇ ਮੱਥੇ ਤੇ ਇਕ ਵਾਰੀ ਤਿਲਕ ਲਾਇਆ ਜਾਂਦਾ ਸੀ। ਖੁਸਰੋ ਨੇ ਅਧੀਨਗੀ ਨਾਲ ਮਿਲ ਕੇ ਗੁਰੂ ਸਾਹਿਬ ਨੂੰ ਨਜ਼ਰਾਨਾ ਦਿੱਤਾ ਜਿਵੇਂ ਕਿ ਉਤੇ ਦੱਸਿਆ ਜਾ ਚੁੱਕਾ ਹੈ।

੩. ਗੁਰੂ ਅਰਜਨ ਸਾਹਿਬ ਨੇ ਖੁਸਰੋ ਵਾਸਤੇ ਦੁਆ ਕੀਤੀ ਜੋ ਕੇਵਲ ਦਬਿਸਤਾਨ ਵਿਚ ਲਿਖਿਆ ਮਿਲਦਾ ਹੈ ਤੇ ਜਿਸਦੀ ਕਿਸੇ ਪਾਸਿਉਂ ਪੁਸ਼ਟੀ ਨਹੀਂ ਹੁੰਦੀ।

ਤਿੰਨੋਂ ਗੱਲਾਂ ਠੀਕ ਨਹੀਂ। ਜਹਾਂਗੀਰ ਨੇ ਆਪਣੇ ਤੁਅੱਸਬ ਦੇ ਆਧਾਰ ਤੇ ਗੁਰੂ ਜੀ ਦੀ ਸ਼ਹੀਦੀ ਦਾ ਹੁਕਮ ਦਿੱਤਾ। ਜਿਵੇਂ ਕਿ ਉਹਦੀ ਆਪਣੀ ਲਿਖਤ ਤੋਜ਼ਕਿ-ਜਹਾਂਗੀਰੀ ਤੋਂ ਸਿਧ ਹੁੰਦਾ ਹੈ।

"ਗੋਇੰਦਵਾਲ ਵਿਚ ਜੋ ਕਿ ਦਰਯਾਇ ਬਿਆਸ ਦੇ ਕੰਢੇ ਤੇ ਹੈ ਅਰਜਨ ਨਾਮੀ ਇਕ ਹਿੰਦੂ ਪੀਰ ਅਥਵਾ ਸ਼ੇਖ ਦੇ ਭੇਖ ਵਿਚ ਰਹਿੰਦਾ ਸੀ। ਚੁਨਾਂਚਿ ਸਿਧੇ ਸਾਦੇ ਹਿੰਦੂਆਂ ਵਿਚ ਬਹੁਤ ਸਾਰੇ ਬਲਕਿ ਮੂਰਖ ਤੇ ਬੇਅਕਲ ਮੁਸਲਮਾਨਾਂ ਨੂੰ ਭੀ ਆਪਣੇ ਤੌਰ ਤਰੀਕਿਆਂ ਨਾਲ ਜਾਲ ਵਿਚ ਫਸਾਇਆ ਹੋਇਆ ਸੀ। ਉਸ ਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਝੂਠ ਦੇ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵੱਲ ਆਉਂਦੇ ਸਨ ਤੇ ਉਸ ਉਪਰ ਪੂਰਾ ਭਰੋਸਾ ਪਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਹਨਾਂ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਉਸ ਝੂਠ ਦੀ ਦੁਕਾਨ ਨੂੰ ਬੰਦ ਕਰਦਿਆਂ ਯਾ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਇਸਲਾਮ ਦੀ ਜਮਾਤ ਵਿਚ ਲੈ ਆਵਾਂ"

ਗੁਰੂ ਸਾਹਿਬ ਨੇ ਕਿਸੇ ਬਾਗੀ ਦੀ ਮਦਦ ਨਹੀਂ ਕੀਤੀ, ਫਾਰਸੀ ਵਿਚ ਹਾਫਿਜ਼ ਦਾ ਸ਼ੇਅਰ ਹੈ

ਰਮੂਜ਼ੇ ਸਲਤਨਤ ਖੁਸਰਵਾਂ ਦਾਨੰਦ<br>
ਗੋਸ਼ਾ ਨਸ਼ੀਨੀ ਹਾਫਜ਼ਾ ਖਾਮੋਸ਼

ਸਲਤਨਤ ਦੇ ਭੇਦ ਬਾਦਸ਼ਾਹ ਲੋਕ ਜਾਣਦੇ ਹਨ।<br>
ਹਾਫਿਜ਼ਾ ਤੂ ਗੋਸ਼ਾ ਨਸ਼ੀਨ ਫਕੀਰ ਸ਼ੋਰ ਨਾ ਕਰ।

ਫਕੀਰ ਲੋਕ ਅਤੇ ਆਤਮਿਕ ਉਚਤਾ ਵਾਲੇ ਲੋਕ ਛੋਟੇ ਮੋਟੇ ਰਾਜਨੀਤੀ ਦੇ ਝਗੜਿਆਂ ਤੋਂ ਉਚੇਰੇ ਹੁੰਦੇ ਹਨ। ਉਹ ਕੇਵਲ ਦੀਨਦੁਖੀ ਦੀ ਸਹਾਇਤਾ ਕਰਦੇ ਹਨ। ਜਿਸ ਵੇਲੇ ਖੁਸਰੋ ਗੁਰੂ ਜੀ ਕੋਲ ਆਇਆ ਉਹ ਇਕ ਹਾਰਿਆ ਹੋਇਆ ਭਗੌੜਾ ਦੀਨਦੁਖੀ ਤੇ ਭੁੱਖਾ ਸੀ, ਗੁਰੂ ਜੀ ਨੇ ਨੈਤਿਕ ਤੌਰ 'ਤੇ ਉਸਨੂੰ ਲੰਗਰ ਛਕਾਇਆ ਤੇ ਕਾਹਲੀ ਵਿਚ ਹੋਣ ਕਰ ਕੇ ਉਸਨੂੰ ਥੋੜੇ ਜਿਹੇ ਪੈਸੇ ਦੇ ਦਿੱਤੇ। ਤਾਂ ਜੋ ਫੌਜ ਨੂੰ ਲੰਗਰ ਛਕਾ ਸਕੇ।



Namdhari Elibrary NamdhariElibrary@gmail.com

ਤੋਜ਼ਕਿ-ਜਹਾਂਗੀਰੀ ਵਿਚ ਗੁਰੂ ਅਰਜਨ ਸਾਹਿਬ ਦੇ ਜੁਰਮਾਨੇ ਦਾ ਕੋਈ ਜ਼ਿਕਰ ਕਥਨ ਨਹੀਂ। ਮਹਿਮਾ ਪ੍ਰਕਾਸ਼ ਵਿਚ ਲਿਖਿਆ ਹੈ--

ਇਕ ਦੁਸਟ ਖਤ੍ਰੀ ਚੰਦੂ ਸਾਹੀ।
ਤਿਨ ਬਾਦਸ਼ਾਹ ਪੈ ਚੁਗਲੀ ਲਾਈ॥ ੪॥
ਵਹੁ ਜਹਾਂਗੀਰ ਕਾ ਚਾਕਰ ਰਹਾ।
ਬਾਦਸਾਹ ਸੋ ਐਸੇ ਕਹਾ।
ਗੁਰੂ ਅਰਜਨ ਜਗ ਗੁਰੂ ਕਹਾਵੈ,
ਬਹੁਤ ਖਜਾਨਾ ਤਿਨ ਕੇ ਆਵੈ॥ ੫॥
ਚੌਪਈ
ਦੁਇ ਲਾਖ ਰੁਪਯਾ ਡਾਨਕਰ ਲੀਜੈ।
ਅਵਰ ਕਾ ਕਹਾ ਨਾ ਕੀਜੈ॥ ੭॥

ਜਹਾਂਗੀਰ ਬਾਦਸ਼ਾਹ ਨੂੰ ਪਹਿਲਾਂ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ ਹੈ ਫਿਰ ਦੋ ਲੱਖ ਜੁਰਮਾਨਾ ਕਰ ਕੇ ਅਹਿਦੀਏ ਨੂੰ ਭੇਜ ਕੇ ਗੁਰੂ ਅਰਜਨ ਸਾਹਿਬ ਨੂੰ ਲਾਹੌਰ ਸੱਦਿਆ ਤੇ ਕੈਦ ਕਰ ਲਿਆ। ਚੰਦੂ ਨੇ ਦੋ ਲੱਖ ਰੁਪਈਏ ਦੇ ਕੇ ਗੁਰੂ ਸਾਹਿਬ ਨੂੰ ਆਪਣੀ ਕੈਦ ਵਿਚ ਲੈ ਲਿਆ ਅਤੇ ਤਸੀਹੇ ਦੇਣੇ ਆਰੰਭ ਕਰ ਦਿੱਤੇ। ਤਸੀਹੇ ਦੇਣ ਦਾ ਕਥਨ ਬਦੇਸ਼ੀ ਪਾਦਰੀਆਂ ਨੇ ਵੀ ਕੀਤਾ ਹੈ ਜੋ ਉਸ ਵੇਲੇ ਲਾਹੌਰ ਸਨ। ਚੰਦੂ ਸਾਹੀ ਆਪਣਾ ਬਦਲਾ ਲੈਣਾ ਚਾਹੁੰਦਾ ਸੀ। ਕਈ ਪ੍ਰਕਾਰ ਦੇ ਤਸੀਹੇ ਦਿੱਤੇ ਗਏ। ਤੱਤੀ ਤਵੀ ਤੇ ਬਿਠਾਣਾ, ਗਰਮ ਪਾਣੀ ਸੁੱਟਣਾ ਆਦਿ। ਪਰ ਗੁਰੂ ਜੀ ਅਡੋਲ ਰਹੇ ਜਿਵੇਂ ਕਿ ਭਾਈ ਗੁਰਦਾਸ ਨੇ ਲਿਖਿਆ ਹੈ:

ਰਹਿੰਦੇ ਗੁਰੂ ਦਰੀਆਉ ਵਿਚ ਮੀਨ ਕਲੀਨ ਹੇਤ ਨਿਰਬਾਣੀ।

ਸ਼ਬਦ ਸੁਰਤ ਲਿਵ ਮ੍ਰਿਗ ਜਯੋਂ ਭੀੜ ਪਈ ਚਿਤ ਅਵਰ ਨਾ ਆਣੀ।

ਚਰਨ ਕਵਲ ਮਿਲ ਭਵਰ ਜਯੋਂ ਸੁਖ ਸੰਪਟ ਵਿਚ ਰੈਣ ਵਿਹਾਣੀ।

ਗੁਰੂ ਉਪਦੇਸ਼ ਨਾ ਵਿਸਰੈ ਬਾਂਬੀਹੇ ਜਿਉਂ ਆਖ ਵਖਾਣੀ।

ਗੁਰਮੁਖ ਸੁਖਫਲ ਪਰਮਰਸ ਸਹਿਜ ਸਮਾਧਿ ਸਾਧਸੰਗ ਜਾਣੀ।

ਗੁਰ ਅਰਜਨ ਵਿਟਹੁ ਕੁਰਬਾਣੀ।

ਗੁਰੂ ਸਾਹਿਬ ਨੂੰ ਆਖਿਰ ਪੰਜ ਦਿਨ ਤਸੀਹੇ ਸਹਾਰਦੇ ਹੋਏ ਕੇ ੩੦ ਮਈ, ੧੬੦੬ ਈ. ਨੂੰ ਸ਼ਹੀਦੀ ਪ੍ਰਾਪਤ ਕਰ ਗਏ।



*ਰਾਜਿੰਦਰ ਪਰਦੇਸੀ ਦੀ ਸਪੁੱਤਰੀ ਰਚਨਜੀਤ ਕੌਰ ਦਾ ਸ਼ੁਭ ਵਿਵਾਹ ਸ. ਅਮਨਪ੍ਰੀਤ ਸਿੰਘ ਸਪੁੱਤਰ ਸ. ਭਜਨ ਸਿੰਘ ਧਹਿਰਾ ਨਾਲ ਬੀਤੇ ਦਿਨੀ ਹੋਇਆ, ਰਾਜਿੰਦਰ ਪਰਦੇਸੀ ਵਲੋਂ ਆਸ਼ੀਰਵਾਦ ਦੇ ਤੌਰ ਤੇ ਲਿਖੀ ਗਜ਼ਲ-*

ਭਰੇਗੀ ਰੰਗ ਜੀਵਨ ਵਿਚ ਮੁਹੱਬਤ ਦੀ ਅਦਾ ਬੱਚਿਓ।
ਤੁਰੋਗੇ ਜਦ ਤੁਸੀਂ ਮਿਲ ਕੇ ਬਣੋਗੇ ਕਾਫ਼ਿਲਾ ਬੱਚਿਓ।
ਤੁਹਾਡੀ ਪ੍ਰੀਤ ਨੂੰ, ਵਿਸ਼ਵਾਸ ਨੂੰ ਸਿਜਦਾ ਕਰੇ ਦੁਨੀਆ
ਤੁਸੀਂ ਬਣ ਕੇ ਵਿਖ਼ਾ ਦੇਣਾ ਮੁਹੱਬਤ ਦਾ ਖ਼ੁਦਾ ਬੱਚਿਓ।
ਤੁਸੀਂ ਰੰਗਾਂ ਨੂੰ ਮਾਣੋਗੇ ਤੁਸੀਂ ਖੁਸ਼ਬੂ ਨੂੰ ਮਾਣੋਗੇ,
ਚਮਨ ਜੇਹਾ ਸਦਾ ਜੀਵਨ ਦਾ ਰੱਖਿਓ ਫਲਸਫ਼ਾ ਬੱਚਿਓ।
ਨਸੀਹਤ ਦੇ ਨਹੀਂ ਸਕਦਾ ਮੈਂ ਖ਼ੁਦ ਹੀ ਬੇਨਸੀਹਤ ਹਾਂ,
ਕਿਸੇ ਮਜਬੂਰ ਦੀ ਲੈਣੀ ਮਗਰ ਨਾ ਬਦ-ਦੁਆ ਬੱਚਿਓ।
ਜਦੋਂ ਮਿੱਟ ਦਾ ਮੋਹ ਆਵੇ, ਉਦੋਂ ਨਾਨਕ ਦੇ ਦਰ ਉੱਤੋਂ
ਜਾ ਮੰਗਿਓ ਸਾਰੀ ਖ਼ਲਕਤ ਸਾਰੀ ਦੁਨੀਆ ਦਾ ਭਲਾ ਬੱਚਿਓ।
ਜਿਵੇਂ "ਪਰਦੇਸੀ" ਆਪਣੇ ਦੇਸ਼ ਨੂੰ ਖ਼ਤ ਪਾ ਹੀ ਦਿੰਦੇ ਨੇ,
ਇਵੇਂ ਹੀ ਰਖਣਾ ਆਪਣੇ ਆਲ੍ਹਣੇ ਦਾ ਥਹੁ ਪਤਾ ਬੱਚਿਓ।

*ਦਸਮੇਸ਼ ਨਗਰ*
*ਡਾਕ ਦਕੋਹਾ, ਜਲੰਧਰ*
*ਮੋ-੯੩੫੭੬-੪੧੫੫੨*



Namdhari Elibrary NamdhariElibrary@gmail.com

# ਪ੍ਰਸਿੱਧ ਸਿੱਖ ਵਿਦਵਾਨ ਪ੍ਰੋ. ਸਾਹਿਬ ਸਿੰਘ ਡੀ. ਲਿਟ.

*—ਮਲਿਕ ਮੁਹੰਮਦ ਨਈਮ ਆਵਾਨ ਪਾਕਿਸਤਾਨ*



ਸੁਪ੍ਰਸਿੱਧ ਸਿੱਖ ਵਿਦਵਾਨ, ਇਤਿਹਾਸਕਾਰ, ਲੇਖਕ ਅਤੇ ਵਿਆਖਿਆਕਾਰ ਪ੍ਰੋ. ਸਾਹਿਬ ਸਿੰਘ ਡੀ. ਲਿਟ. ਦਾ ਜਨਮ ੧੬ ਫ਼ਰਵਰੀ ੧੮੯੨ ਈ. ਨੂੰ 'ਪਸਰੂਰ' ਤੋਂ ਸੱਤ ਕੋਹ ਦੱਖਣ ਪੱਛਮ ਦਿਸ਼ਾ ਵਲ ਸਥਿੱਤ 'ਫੱਤੇਵਾਲੀ' ਨਾਮਕ ਪਿੰਡ ਵਿੱਖੇ ਇੱਕ ਬੇਹੱਦ ਗ਼ਰੀਬ ਹਿੰਦੂ ਖੱਤਰੀ ਹਟਵਾਣੀਏ ਦੇ ਘਰ ਹੋਇਆ। ਉਹਨਾਂ ਦੇ ਪਿਤਾ ਹੀਰਾਨੰਦ ਅਤੇ ਮਾਤਾ ਜਮਨਾ ਨਿਹਾਲ ਦਈ ਹੁਰਾਂ ਆਪਣੇ ਨਵ ਜਾਤ ਸ਼ਿਸ਼ੂ ਦਾ ਨਾਉਂ ਨੱਥੂ ਰਾਮ ਧਰਿਆ ਜਿਸ ਨੂੰ ਆਪ ਨੱਥੂ ਰਾਮ ਨੇ ੧੯੦੬ ਈ. ਵਿਚ ਸਿੱਖ ਬਣ ਕੇ ਵਟਾ ਲਿਆ ਅਤੇ ਸਾਹਿਬ ਸਿੰਘ ਅਖਵਾਉਣਾ ਸਵੀਕਾਰ ਕੀਤਾ।

ਫੱਤੇਵਾਲੀ (ਜ਼ਿਲ੍ਹਾ ਸਯਾਲਕੋਟ ਵਰਤਮਾਨ ਪਾਕਿਸਤਾਨ) ਅਤੇ ਉਸ ਦੇ ਆਲ਼ੇ-ਦੁਆਲ਼ੇ ਦਾ ਇਲਾਕਾ ਕਲਰਾਠਾ ਅਤੇ ਪੱਛੜਿਆ ਹੋਇਆ ਸੀ। ਲੋਕ ਵਿਚਾਰੇ ਅੱਤ ਦਰਜੇ ਦੀ ਗ਼ਰੀਬੀ ਭੋਗ ਰਹੇ ਸਨ। ਗ਼ਰੀਬਾਂ ਵਿਚ ਗ਼ਰੀਬ 'ਸ਼ਾਹ' ਦੀ ਹੱਟੀ ਬਹੁਤਾ ਚਿਰ ਨਾ ਚਲ ਸਕੀ, ਸੋ ਹੀਰਾਨੰਦ ਨੇ ਫ਼ੱਤੇਵਾਲੀ ਤੋਂ ਦਸ-ਯਾਰਾਂ ਮੀਲ ਦੂਰ 'ਬਰਪਾਲ' ਨਾਂ ਦੇ ਪਿੰਡ ਵਿਚ ਹੱਟੀਪੁਣਾ ਅਤੇ ਮਗਰੋਂ ਪੱਕੀ ਠਾਹਰ ਦਾ ਪ੍ਰਬੰਧ ਕਰ ਲਿਆ ਕਿੰਤੂ ਉਹਨਾਂ ਦਾ ਭਰਾ 'ਸੋਹਨ ਲਾਲ' ਅਤੇ ਬਾਕੀ ਪਰਿਵਾਰ ਨਿਰੰਤਰ ਫ਼ੱਤੇਵਾਲੀ ਹੀ ਟਿਕਿਆ ਰਿਹਾ।

ਮਹਾਨ ਸੂਫ਼ੀ ਕਵੀ ਅਤੇ ਖ਼ੁਦਾ ਰਸੀਦਾ ਬਜ਼ੁਰਗ ਸੱਯਦ ਮੁਹੰਮਦ ਹਾਸ਼ਮ ਸ਼ਾਹ ਕਾਦਰੀ ਨੌਸ਼ਾਹੀ (੧੭੩੫-੧੮੪੩) ਦੀ ਆਖ਼ਰੀ ਆਰਾਮ-ਗਾਹ ਪਿੰਡ ਬਰਪਾਲ ਨੇੜੇ ਰੱਈਯਾ ਖ਼ਾਸ ਜ਼ਿਲ੍ਹਾ ਨਾਰੋਵਾਲ (ਪਾਕਿਸਤਾਨ) ਵਿਖੇ ਸੁਸੱਜਿਤ ਹੈ ਜਿੱਥੇ ਉਹਨਾਂ ਦੀ ਆਲ-ਅਉਲਾਦ ਵੀ ਨਿਵਾਸ ਗ੍ਰਸਤ ਹੈ। ਚੰਗੇ ਭਾਗੀਂ ਬਾਲਕ ਸਾਹਿਬ ਸਿੰਘ ਨੂੰ ਵੀ ਹਾਸ਼ਮ ਦੇ ਪੋਤ੍ਰੇ ਅਤੇ ਆਪਣੇ ਸਮੇਂ ਦੇ ਮਹਾਤਮਾ ਸੱਯਦ ਮੁਹੰਮਦ ਹਯਾਤ ਸ਼ਾਹ (ਮ੍ਰਿਤਯੂ ੧੯੨੨ ਈ.) ਹੁਰਾਂ ਦੀ ਪਾਵਨ ਸੰਗਤ ਨਸੀਬ ਹੋਈ। ਇਹ ਸ਼ਾਹ ਸਾਹਿਬ ਦੀ ਕਰੁਣਾ ਦ੍ਰਿਸ਼ਟੀ ਅਤੇ ਗਿਆਨ ਪ੍ਰਦਾਨਤਾ ਦਾ ਪ੍ਰਭਾਵ ਸੀ ਜੋ ਸਾਹਿਬ ਸਿੰਘ ਸ਼ੁਰੂ ਤੋਂ ਹੀ ਪੜ੍ਹਾਈ ਦੇ ਖੇਤਰ ਵਿਚ ਮੱਲਾਂ ਮਾਰਨ ਲਗ ਪਿਆ। ਸੱਯਦਾਂ ਦੇ ਮੰਕਤਬ ਅਰਥਾਤ ਪਾਠਸ਼ਾਲਾ ਤੋਂ ਸਿੱਖਿਆ ਗ੍ਰਹਿਣ ਕਰਨ ਉਪ੍ਰੰਤ ਉਹਨਾਂ ਡੀ. ਬੀ. ਪ੍ਰਾਇਮ੍ਰੀ ਸਕੂਲ, ਰੱਈਯਾ ਵਿਖੇ ਪ੍ਰਵੇਸ਼ ਪ੍ਰਾਪਤ ਕੀਤਾ ਅਤੇ ਨਾਰੋਵਾਲ ਨਿਵਾਸੀ ਕਾਜ਼ੀ ਜਲਾਲਦੀਨ ਜਹੇ ਕਾਬਲ ਉਸਤਾਦ ਪਾਸੋਂ ਵਿਦਿਆ ਵਰਦਾਨ ਝੋਲੀ ਪਾਇਆ। ੧੯੦੨ ਵਿਚ ਪ੍ਰਾਥਮਿਕ ਪ੍ਰੀਖਿਆ ਦੀ ਸਫ਼ਲ ਆਪੂਰਤੀ ਉਪ੍ਰੰਤ ਕਾਜ਼ੀ ਸਾਹਿਬ ਦੀ ਫ਼ਰਮਾਇਸ਼ ਅਤੇ ਦਿਸ਼ਾ ਨਿਰਦੇਸ਼ ਅਨੁਸਾਰ ਉਹ ਵਰਨੈਕੁਲਰ ਮਿਡਲ ਸਕੂਲ ਗੋਤਾ ਫ਼ਤਿਹਗੜ੍ਹ (ਸਥਾਪਤ ੧੮੬੪) ਵਿਖੇ ਜਾ ਦਾਖ਼ਲ ਹੋਏ ਜਿੱਥੇ ਪੰਡਿਤ ਸ਼ਿਵ ਦਿਆਲ ਸੰਬੜਿਆਲਵੀ ਹੁਰਾਂ ਖ਼ੂਬ ਮੇਹਨਤ ਕਰਵਾਈ, ਸੋ ੧੯੦੫ ਵਿਚ ਹੋਏ ਮਿਡਲ ਸਟੈਂਡ੍ਰਡ ਇਮਤਿਹਾਨ ਵਿਚ ਸਾਹਿਬ ਸਿੰਘ ਨੇ ਤਦੋਂ ਰਾਵਲਪਿੰਡੀ ਡਿਵੀਜ਼ਨ ਵਿਚ ਪਹਿਲੀ ਪੋਜ਼ੀਸ਼ਨ ਹਾਸਲ ਕੀਤੀ ਅਤੇ ਹਰ ਮਹੀਨੇ ੬ ਰੁਪਏ ਛਾਤ੍ਰਵਿਧੀ (ਵਜ਼ੀਫ਼ੇ) ਦੇ ਹੱਕਦਾਰ ਕਰਾਰ ਦਿੱਤੇ ਗਏ। ਗ਼ਰੀਬ ਮਾਂ-ਬਾਪ ਨੇ ਉਹਨਾਂ ਨੂੰ ਗ਼ਰੀਬੀ ਦੇ ਬਾਵਜੂਦ ਪੜ੍ਹਾਈ ਵੱਲੋਂ ਨਾ ਹਟਾਇਆ ਲੇਕਿਨ ਮੁਨਾਸਬ ਰਿਸ਼ਤਾ ਢੂੰਡ ਕੇ ਉਹਨਾਂ ਨੂੰ ਵਿਆਹੁਣ ਵਿਚ ਰੱਤਾ ਦੇਰ ਨਾ ਕੀਤੀ। ਵਿਦਿਆਰਥੀ ਅਵਸਥਾ ਦੌਰਾਨ ਹੀ ਉਹ ਪਹਿਲੀ ਵੇਰਾਂ 'ਢੇਹ' ਨਾਮਕ ਪਿੰਡ ਥਾਣੀਂ ਗੁਜ਼ਰਦੇ ਹੋਏ ਸਿੱਖ ਸੈਨਿਕਾਂ ਦੇ ਹੁਲੀਏ ਵਿਸ਼ੇਸ਼ ਕਰ ਕੇਸਾਂ ਤੋਂ ਪ੍ਰਭਾਵਿਤ ਹੋਏ ਅਤੇ ਸਿੱਖੀ ਵਿਚ ਡੂੰਘੀ ਰੁਚੀ ਲੈਣ ਲੱਗ ਪਏ। ਅਗਲੇਰੀ ਪੜ੍ਹਾਈ ਵਾਸਤੇ ਸਾਹਿਬ ਸਿੰਘ ਨੇ 'ਪਸਰੂਰ' ਦਾ ਰੁਖ ਕੀਤਾ



Namdhari Elibrary NamdhariElibrary@gmail.com

ਜਿਥੇ ਪਿੰਡ 'ਮੱਤੇਕੀ' ਨਾਲ ਸੰਬੰਧ ਰੱਖਣ ਵਾਲਾ ਹੋਨਿਹਾਰ ਪਾੜ੍ਹ ਮੁਹੰਮਦ ਅਸ਼ਰਫ਼ ਉਹਨਾਂ ਦਾ ਵਧੀਆ ਸਹਿ ਪਾਠੀ ਅਤੇ ਨਿਸ਼ਕਪਟ ਮਿੱਤਰ ਸਿੱਧ ਹੋਇਆ ਜਿਸ ਨੇ ਬਾਦ ਵਿਚ ਵੀ ਸਾਹਿਬ ਸਿੰਘ ਨੂੰ ਕਾਲਜ ਵਿਖੇ ਪੜ੍ਹਨ ਹੇਤੂ ਪ੍ਰੇਰਨਾ ਦਿੱਤੀ ਸੀ। ਮੈਟ੍ਰਕ ਸਮੇਂ ਸਾਹਿਬ ਸਿੰਘ ਮੁਸਲਮਾਨ ਉਸਤਾਦਾਂ ਦੇ ਨਾਲ-ਨਾਲ ਮਾਤ੍ਰ ਇੱਕੋ ਇੱਕ ਸਿੱਖ ਡ੍ਰਿੱਲ ਮਾਸਟਰ ਸ. ਪਰਗਟ ਸਿੰਘ (ਨਿਵਾਸੀ ਜ਼ਿਲ੍ਹਾ ਲੁਧਿਆਣਾ) ਅਤੇ ਨਾਰੋਵਾਲ ਨੇੜਲੇ ਪਿੰਡ 'ਬਰਕੀ' ਦੇ ਰਹਿਣ ਵਾਲੇ ਪੰਡਿਤ ਵਿਤਿਸਤਾ ਪ੍ਰਸਾਦ 'ਫ਼ਿਦਾ' ਤੋਂ ਵਧੇਰੇ ਪ੍ਰਭਾਵ ਲਿਆ। ਪਸਰੂਰ 'ਚ ਵਿਚਰਦੇ ਹੋਏ ਸਾਹਿਬ ਸਿੰਘ ਨੇ ਆਰੀਆ ਸਮਾਜ ਮੰਦਿਰ ਦੇ ਪੰਡਤਾਂ ਪਾਸੋਂ ਸ਼ਲੋਕ ਅਤੇ ਮੰਤ੍ਰ ਸੁਣ-ਸੁਣ ਕੇ ਫ਼ਾਰਸੀ ਦੀ ਥਾਂ ਸੰਸਕ੍ਰਿਤ ਭਾਸ਼ਾ ਧਾਰਨ ਕਰ ਲਈ ਜਿਸ ਵਿਚ ਬੀ. ਏ. ਸਿਦਾਂ ਚੋਖੀ ਨਿਪੁਨਤਾ ਅਤੇ ਨਿਖਰਤਾ ਪ੍ਰਾਪਤ ਹੁੰਦੀ ਗਈ। ਸ੍ਰੀ ਗ੍ਰੰਥ ਜੀ ਦੀ ਵਿਆਖਿਆ ਅਤੇ ਟੀਕਾਕਾਰੀ ਵਿਚ ਸੰਸਕ੍ਰਿਤ ਸੋਝੀ ਅਤਿਅੰਤ ਮਹੱਤਵਪੂਰਣ ਅਤੇ ਸਹਾਈ ਸਿੱਧ ਹੋਈ ਸੀ ਮਗਰਲੇ ਸਮੇਂ ਸਾਹਿਬ ਸਿੰਘ ਲਈ। ੧੯੦੬ ਵਿਚ ਪਸਰੂਰ ਤੋਂ ਛੇ ਮੀਲ ਪੱਛਮ ਵਲ 'ਕੋਰੇਕੇ' ਨਾਉਂ ਦੇ ਪਿੰਡ ਵਿਚ ਗੁੱਲੂ ਸ਼ਾਹ ਦੇ ਮਸ਼ਹੂਰ ਮੇਲੇ ਉੱਤੇ ਸਿੰਘ ਸਭਾ ਕਲਾਸਵਾਲਾ ਦੁਆਰਾ ਲਾਏ ਹੋਏ ਦੀਵਾਨ ਵਿਚ ਸਾਹਿਬ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ। ਏਸੇ ਦੌਰਾਨ ਸਾਹਿਬ ਸਿੰਘ, ਨਾਮਧਾਰੀ ਆਗੂ ਧਰਮ ਸਿੰਘ ਦੇ ਪ੍ਰਚਾਰ ਅਧੀਨ ਫ਼ਰੰਗੀ ਰਾਜ ਉਲਟਾਣ ਵਾਸਤੇ ਰਿਆਸਤ ਜੰਮੂ ਦੇ 'ਬਾਹੂ ਦੇ ਕਿਲ੍ਹੇ' ਉੱਤੇ ਕਬਜ਼ਾ ਕਰਕੇ ਅੰਗ੍ਰੇਜ਼ਾਂ ਨੂੰ ਭਾਜੜ ਪਾਉਣ ਦੇ ਮੰਤਵ ਨਾਲ ਯਤਨਸ਼ੀਲ ਹੋਏ। ਉਹ 'ਸੌ ਸਾਖੀ' ਵਿਚੋਂ ਨਿਮਿਨਲਿਖਿਤ ਤੁਕ ਉਚਾਰਦੇ, ਯਥਾ :

ਨੌ ਨੌ ਨਾਗ ਮਿਲਿ ਮੇਦਨੀ, ਮੁੰਡਿਤ ਤੋੜੇ ਸੀਸ।
ਕਲਿ ਇਹ ਭਾਰਤੁ ਹੋਇਗੋ ਖ਼ਾਲਕ ਖਾਲਸਾ ਈਸ।

ਸਾਹਿਬ ਸਿੰਘ ਨੂੰ ਹੋਰਨਾਂ ਸਿੰਘ ਵਿਦ੍ਰੋਹੀਆਂ ਸਹਿਤ ਗ੍ਰਿਫ਼ਤਾਰ ਕਰ ਕੇ ਰੱਈਆ ਥਾਣੇ ਵਿਚ ਬੰਦ ਕਰ ਦਿੱਤਾ ਗਿਆ ਪ੍ਰੰਤੂ ਸ. ਧਰਮ ਸਿੰਘ ਵੱਲੋਂ ਸਮੁੱਚੀ ਜ਼ਿੰਮੇਵਾਰੀ ਆਪਣੇ ਸਿਰ ਲੈ ਲੈਣ ਪਾਰੋਂ ਉਹਨਾਂ ਨੂੰ ਛੱਡ ਦਿੱਤਾ ਗਿਆ। ਸ. ਧਰਮ ਸਿੰਘ ਜੀ ਨਾਮਧਾਰੀ ਨੂੰ ਦੋ ਸਾਲਾਂ ਦੀ ਕੈਦ ਹੋ ਗਈ। ੧੯੦੭ ਵਿਚ ਸਾਹਿਬ ਸਿੰਘ ਦੇ ਪਿਤਾ ਦਾ ਦੇਹਾਂਤ ਹੋ ਗਿਆ। ਉਹਨਾਂ ਦੀਆਂ ਮਾਲੀ ਅਉਕੜਾਂ ਵਧ ਗਈਆਂ। ਤਿਨ ਭੈਣਾਂ ਅਤੇ ਦੋ ਨਿੱਕੇ ਭਰਾਵਾਂ ਨੇ ਮਾਤਾ ਜੀ ਦੇ ਸਹਿਯੋਗ ਨਾਲ ਉਹਨਾਂ ਦੀ ਪੜ੍ਹਾਈ ਵਿਚ ਰੁਕਾਵਟ ਨਾ ਆਉਣ ਦਿੱਤੀ। ਮਾੜੀ ਜਹੀ ਹੱਟੀ ਰਾਹੀਂ ਲੂਣ ਮਿਰਚ ਟੁਰੀ ਰਹੀ। ਦਸਵੀਂ ਜਮਾਤ ਦੀ ਦਾਖ਼ਲਾ ਫ਼ੀਸ ਤਾਰਨ ਲਈ ਰੁੱਪਈਆਂ ਦੀ ਲੋੜ ਪਈ ਤਾਂ ਉਹਨਾਂ ਦੀ ਵਿਧਵਾ ਭੂਆ 'ਰਾਧੀ' ਨੇ ਆਪਣੀਆਂ ਟੂੰਬਾਂ ਗਹਿਣੇ ਪਾ ਕੇ 'ਫ਼ੱਤੇਵਾਲੀ' ਦੇ ਇਕ ਸ਼ਾਹ ਤੋਂ ਕਰਜ਼ਾ ਚੁੱਕਿਆ ਅਤੇ ਸਾਹਿਬ ਸਿੰਘ ੧੯੧੦ ਵਿਚ ਬੀਮਾਰ ਹੋਣ ਦੇ ਬਾਵਜੂਦ ਸੈਕਿੰਡ ਡਿਵੀਜ਼ਨ ਪਰ ਸਕੂਲ ਵਿਚੋਂ ਅੱਵਲ ਰਹਿ ਕੇ ਪਾਸ ਹੋ ਗਏ। ਤਦੋਂ ੩੩ ਮੁੰਡਿਆਂ ਵਿਚੋਂ ਕੇਵਲ ੧੦ ਮੁੰਡੇ ਹੀ ਪਾਸ ਹੋ ਸਕੇ ਸਨ। ਪਸਰੂਰ ਦੇ ਸਿੱਖ ਮੁੰਡਿਆਂ ਦੁਆਰਾ ਬਣਾਈ 'ਭੁਜੰਗੀ ਸੱਭਾ' ਦੁਆਰਾ ਨਗਰ ਪਸਰੂਰ ਦੀ ਨਾਮਧਾਰੀ ਧਰਮਸਾਲਾ ਵਿਚ ਹਰ ਸਪਤਾਹ ਸਤਸੰਗ ਵਿਚ ਸਾਹਿਬ ਸਿੰਘ ਜਾਇਆ ਕਰਦੇ ਸਨ। ਉਹਨਾਂ ਨੂੰ ਜੋਟੀਆਂ ਦੇ ਸ਼ਬਦ ਪੜ੍ਹਨ ਦਾ ਬੜਾ ਸ਼ੌਕ ਸੀ, ਛੈਣੇ ਵੀ ਵਜਾ ਲੈਂਦੇ ਸਨ ਪਰ ਢੋਲਕੀ ਦੀ ਜਾਚ ਨਹੀਂ ਸੀ ਸਿੱਖੀ।

ਕਾਲਜ ਵਿਚ ਪੜ੍ਹਾਣ ਦੀ ਸਮਰੱਥਾ ਸਾਹਿਬ ਸਿੰਘ ਦੇ ਘਰ ਵਾਲਿਆਂ ਵਿਚ ਨਹੀਂ ਸੀ ਸੋ ਉਹਨਾਂ ਨਵੇਂ ਖੁੱਲ੍ਹੇ ਖ਼ਾਲਸਾ ਮਿਡਲ ਸਕੂਲ ਸਾਂਗਲਾ ਹਿਲ (ਵਰਤਮਾਨ ਜ਼ਿਲ੍ਹਾ ਨਾਨਕਾਣਾ ਸਾਹਿਬ) ਵਿਖੇ ਸੈਕਿੰਡ ਮਾਸਟਰ ਵਜੋਂ ੧੫ ਰੁਪਏ ਮਹੀਨਾ ਤੇ ਨੌਕਰੀ ਸ਼ੁਰੂ ਕਰ ਦਿੱਤੀ ਪਰ ਜੀਭ ਦੇ ਚਸਕੇ, ਕੁਲਫ਼ੀਆਂ, ਮਲਾਈ ਕੀ ਬਰਫ਼ ਆਦਿ ਉੱਤੇ ਹੀ ਸਾਰੀ ਆਯ ਖ਼ਰਚ ਖ਼ਰਚਾ ਕੇ ਘਰ ਵਾਲਿਆਂ ਲਈ ਕੁੱਝ ਨਾ ਬਚਦਾ। ਸਾਂਗਲੇ ਗੁਰੂ ਨਾਨਕ ਦੇਵ ਜੀ ਦੇ ਜਨਮ ਪੁਰਬ ਸਮੇਂ ਭਾਈ ਗਿਆਨ ਸਿੰਘ ਜੀ ਨਾਮਧਾਰੀਏ ਤੋਂ ਬੇਹੱਦ ਪ੍ਰਭਾਵਿਤ ਹੋਣ ਦਾ ਵਰਣਨ ਕਰਦੇ ਹੋਏ ਉਹ ਆਪਣੀ ਜੀਵਨੀ ਵਿਚ ਲਿਖਦੇ ਹਨ :

"...ਭਾਈ ਗਿਆਨ ਸਿੰਘ ਡਸਕੇ (ਜ਼ਿਲ੍ਹਾ ਸਿਆਲਕੋਟ) ਦਾ ਰਹਿਣ ਵਾਲਾ ਸੀ। ਜ਼ਿਲਾ ਸਿਆਲਕੋਟ ਵਿਚ ਨਾਮਧਾਰੀ ਵੀਰਾਂ ਦੀ ਬਹੁਤ ਗਿਣਤੀ ਸੀ। ਮੈਨੂੰ ਉਹਨਾਂ ਦੇ ਸਤਸੰਗਾਂ ਵਿਚ ਜਾਣ ਦਾ ਕਦੇ ਮੌਕਾ ਨਹੀਂ ਸੀ ਬਣਿਆ। ਭਾਈ ਗਿਆਨ ਸਿੰਘ ਹੱਲੇ ਦੇ ਸ਼ਬਦ ਪੜ੍ਹਦਾ ਸੀ। ਗੁਰਪੁਰਬ ਦੇ ਨਗਰ ਕੀਰਤਨ ਸਮੇਂ ਉਹਨਾਂ ਹੱਲੇ ਦੇ ਸ਼ਬਦ ਪੜ੍ਹੇ। ਕੇਸ ਖੋਲ੍ਹ ਕੇ ਨਾਲ ਨੱਚਦੇ ਭੀ ਸਨ। ਉਹਨਾਂ ਦੀ ਧਾਰਨਾ ਅਤੇ ਵਿਆਖਿਆ ਸੁਣ ਕੇ ਮੈਂ ਤਾਂ ਗਿਆਨ ਸਿੰਘ ਜੀ ਉੱਤੇ ਲੱਟੂ ਹੁੰਦਾ ਗਿਆ। ਭਾਈ ਗਿਆਨ ਸਿੰਘ ਜੀ ਆਮ ਤੌਰ ਤੇ ਭਗਤ ਬਾਣੀ ਵਿੱਚੋਂ ਹੀ ਸ਼ਬਦ ਪੜ੍ਹਦੇ ਸਨ ਤੇ ਇਕ-ਇਕ ਤੁਕ ਦੇ ਕਈ ਅਰਥ ਕਰਦੇ ਸਨ। ਮੈਨੂੰ ਉਹਨਾਂ ਦੀ ਇਹ ਵਿਦਵਤਾ ਬਹੁਤ ਹੀ ਪਸੰਦ ਆਈ। ਗੁਰਪੁਰਬ ਤੋਂ ਪਿੱਛੋਂ ਉਹ ਹਫ਼ਤਾ ਕੁ ਹੋਰ ਭੀ ਉੱਥੇ ਠਹਿਰੇ ਤੇ ਹਰ ਰੋਜ਼ ਹੱਲੇ ਦੀਆਂ ਧਾਰਨਾਂ ਉੱਤੇ ਸ਼ਬਦ ਸੁਣਾਂਦੇ ਰਹੇ। ਮੈਂ ਭੀ ਪੰਡਤ ਤਾਰਾ ਸਿੰਘ ਜੀ ਦਾ ਭਗਤ ਬਾਣੀ ਸਟੀਕ ਮੰਗਾ ਲਿਆ। ਮੈਂ ਸਕੂਲ ਦੇ ਬੋਰਡਿੰਗ-ਹਾਉਸ ਦਾ ਸੁਪ੍ਰਿੰਟੈਂਡੈਂਟ ਭੀ ਸਾਂ। ਆਪਣੇ ਕਮਰੇ ਵਿਚ ਮੈਂ ਇਕੱਲਾ ਗਿਆਨ ਸਿੰਘ ਜੀ ਵਾਂਗ ਭਗਤਾਂ ਦੇ ਸ਼ਬਦ ਹੱਲੇ ਦੀਆਂ ਧਾਰਨਾਂ ਤੇ ਗਾਇਆ ਕਰਦਾ ਸਾਂ ਤੇ ਨੱਚਿਆ ਕਰਦਾ ਸਾਂ।" (ਮੇਰੀ


Namdhari Elibrary NamdhariElibrary@gmail.com

ਜੀਵਨ ਕਹਾਣੀ ਕ੍ਰਿਤ ਪ੍ਰੋ. ਸਾਹਿਬ ਸਿੰਘ ਡੀ. ਲਿਟ. ਪੰ. ੬੮)

ਆਪਣੇ ਇਕ ਜਮਾਤੀ ਗੰਡਾਮੱਲਾ ਦੀ ਸਹਾਇਤਾ ਨਾਲ ਸਾਹਿਬ ਸਿੰਘ ਨੇ ਡੀ.ਏ.ਵੀ. ਕਾਲਜ ਲਾਹੌਰ ਵਿਚ ਦਾਖਲਾ ਲੈਣ ਲਈ ਬੜੇ ਹੱਥ ਪੈਰ ਮਾਰੇ ਪਰ ਕਿਤੇ ਵੀ ਨਹੁੰ ਨਾ ਅੜਿਆ। ਇਕ ਮਹੀਨਾ ਰਾਹਾਂ ਦਾ ਘੱਟਾ ਛਾਣ ਕੇ ਅੰਮ੍ਰਿਤਸਰ ਬੜੀ ਦੌੜ-ਭੱਜ ਕੀਤੀ ਪਰ ਕਿਤੇ ਵੀ ਦਾਲ ਨਾ ਗਲੀ। ਲਾਚਾਰ ਹੋ ਕੇ ਰਾਮਬਾਗ਼ ਦੇ ਇਕ ਰੁੱਖ ਹੇਠਾਂ ਬਹਿ ਕੇ ਆਪਣੀ ਬੇਬਸੀ ਤੇ ਬੜਾ ਰੋਏ ਅਤੇ ਰੱਬ ਅੱਗੇ ਇਉਂ ਕੁਰਲਾ ਉੱਠੇ : "ਆਹ ਲੈ ਫੜ ਮਾਲਾ ਆਪਣੀ, ਮੈਥੋਂ ਭੁੱਖਿਆਂ ਭਗਤਿ ਨ ਹੋਵੈ।" ਸਿਆਲਕੋਟ ਜੀ.ਪੀ.ਓ. ਵਿਚ ਕਲਰਕ ਭਰਤੀ ਹੋਣਾ ਚਾਹਿਆ ਤਾਂ ਪੱਲੇ ਧੇਲਾ ਨਹੀਂ ਸੀ। ਛੋਟੇ ਭਰਾ ਦੁਕਾਨ ਕਰਦੇ ਸਨ ਪਰ ਹੱਟੀ ਵਿਚੋਂ ਨਕਦ ਰਕਮ ਤਦੋਂ ਕੋਈ ਨਾ ਨਿਕਲੀ। ਗ਼ਰੀਬ ਦੀ ਮਾਂ ਸੌਖੇ ਲੋਕਾਂ ਦੇ ਕਈ ਘਰਾਂ ਵਿਚ ਗਈ ਪਰ ਕਿਸੇ ਨੇ ਮਦਦ ਨਾ ਕੀਤੀ। ਆਖ਼ਰ ਉਹਨਾਂ ਦਾ ਗੋਹਾ-ਕੂੜਾ ਸੁੱਟਣ ਵਾਲੀ ਝਿਊਰੀ 'ਭਾਨੀ' ਨੇ ਤਰਸ ਖਾ ਕੇ ਆਪਣੇ ਘਰੋਂ ਦੋ ਰੁਪਏ ਲਿਆ ਦਿੱਤੇ। ਜੁੱਤੀ ਟੁੱਟੀ ਹੋਈ ਸੀ, ਨਵੀਂ ਬਣਵਾਈ, ਤੁਰਦਿਆਂ ਛਾਲੇ ਪੈ ਗਏ। ਨਵੀਂ (ਜੁੱਤੀ) ਪੱਲੇ ਬੰਨ੍ਹ ਕੇ ਪੁਰਾਣੀ ਪਹਿਨ ਲਈ। ਅੱਡੀਆਂ ਦੇ ਹੇਠ ਭੀ ਛਾਲੇ ਪੈ ਗਏ। ਹੁਣ ਨੰਗੇ ਪੈਰੀਂ ਤੁਰ ਪਏ ਪਰ ਪੈਰਾਂ ਹੇਠਲੇ ਛਾਲੇ ਟੁਰਨ ਨਾ ਦੇਣ ਪਤਾ ਲੱਗਾ ਕਿ ਗ਼ਰੀਬ ਕਿਵੇਂ ਗਲੀਆਂ ਦੇ ਕੱਖਾਂ ਵਾਂਗ ਰੁਲਦੇ ਹਨ। ਗ਼ਰੀਬੀ ਦੀ ਮਾਰ ਬੜੀ ਕਰੜੀ ਹੁੰਦੀ ਹੈ। ਪਸਰੂਰੋਂ ਆਪਣੇ ਸਿੱਖ ਮਿਹਰਬਾਨ ਉਸਤਾਦ ਸ. ਪਰਗਟ ਸਿੰਘ ਦੀ ਸਹਾਇਤਾ ਨਾਲ ਉਹ ਸਿਆਲਕੋਟ ਪੁੱਜਣ ਵਿਚ ਸਫ਼ਲ ਹੋ ਗਏ ਅਤੇ ਇਮਤਿਹਾਨ ਵਿਚ ਫ਼ਾਰਸੀ, ਦੇਵਨਾਗਰੀ, ਅੰਗ੍ਰੇਜ਼ੀ ਅਤੇ ਲੰਡੇ ਆਦਿ ਲਿਪੀਆਂ ਜਾਨਣ ਸਦਕਾ ਕਾਮਯਾਬ ਹੋ ਗਏ। ਸਿਆਲਕੋਟ ਦੇ ਇਕ ਗੁਰਦੁਆਰੇ ਵਿਚ ਰਿਹਾਇਸ਼ ਰੱਖ ਲਈ ਪਰ ਗੁਜ਼ਾਰਾ ਨਾ ਹੋਵੇ ਆਖ਼ਰ ਸ੍ਰੀ ਨੌਬਤ ਰਾਇ ਸੁਪ੍ਰਟੰਡੈਂਟ ਸਾਹਿਬ ਜੀ.ਪੀ.ਓ. ਸਿਆਲਕੋਟ ਦੀ ਕਿਰਪਾ ਨਾਲ ਉਹਨਾ ਦਾ ਤਬਾਦਲਾ ਰੱਈਆ ਤਹਿਸੀਲ ਦੇ ਡਾਕਖ਼ਾਨੇ ਵਿਚ ਕਰ ਦਿੱਤਾ ਗਿਆ। ੧੯੧੦ ਵਿਚ ਪਿੰਡ ਫ਼ੱਤੇਵਾਲੀ ਉਹਨਾਂ ਦੀ ਦਾਦੀ ਸਖ਼ਤ ਬੀਮਾਰੀ ਕਾਰਨ ਉਹਨਾਂ ਦੀਆਂ ਅੱਖਾਂ ਸਾਹਮਣੇ ਕਾਲਵੱਸ ਹੋ ਗਈ ਜਿਸ ਦਾ ਉਹਨਾਂ ਨੂੰ ਬੜਾ ਦੁੱਖ ਹੋਇਆ। ਕਲਰਕ ਵਜੋਂ ਸਾਹਿਬ ਸਿੰਘ ਨੂੰ ੨੦ ਰੁਪਏ ਤਨਖ਼ਾਹ ਜੁੜਦੀ ਸੀ। ਦੋ ਰੁਪਏ ਡਾਕਖ਼ਾਨੇ ਜਮ੍ਹਾ ਕਰਵਾ ਕੇ ਬਾਕੀ ਅਠਾਰ੍ਹਾਂ ਰੁਪਏ ਘਰ ਆਪਣੇ ਛੋਟੇ ਭਰਾਵਾਂ ਨੂੰ ਦੇ ਦਿਆ ਕਰਦੇ ਸਨ। ਫੱਤੇਵਾਲੀ ਦੇ ਬੁੱਢਾ ਸਿੰਘ ਤੇ ਸੰਤ ਸਿੰਘ, ਗਾਹੜ੍ਹਵਾਲ ਦੇ ਮਾਘੀ ਸ਼ਾਹ ਅਤੇ ਬਰਪਾਲ ਦੇ ਪੰਡਤ ਰਾਮ ਕਿਸ਼ਨ ਦਾ ਕਰਜ਼ਾ ਸੂਦ ਸਹਿਤ ਅਜੇ ਤਕ ਨਹੀਂ ਸੀ ਮੋੜਿਆ ਜਾ ਸਕਿਆ। ਖ਼ਰਚ ਵਧਣ ਕਾਰਨ ਮਾਲੀ ਸੰਕਟ ਵੀ ਗਹਿਰਾ ਹੋਣ ਲੱਗਾ ਤਾਂ ਉਹਨਾਂ ਕਲਰਕੀ ਵੱਲੋਂ ਤਿਆਗ-ਪੱਤਰ ਦੇ ਦਿੱਤਾ ਅਤੇ ਆਪਣੇ ਸਾਬਕ ਉਸਤਾਦ ਪੰਡਤ ਵਿਤਸਤਾ ਪ੍ਰਸਦਾ 'ਫ਼ਿਦਾ' ਦੀ ਮਾਲੀ ਮਦਦ, ਸੰਭਵ ਸਹਿਯੋਗ ਸਦਕਾ ਦਿਆਲ ਸਿੰਘ ਕਾਲਜ, ਲਾਹੌਰ ਵਿਚ ਦਾਖ਼ਲਾ ਲੈ ਕੇ ੧੯੧੩ ਵਿਚ ਐਫ਼. ਏ. ਪਾਸ ਕਰ ਲਿਆ। ਫ਼ੀਸਾਂ ਮੁਆਫ਼ ਕਰਵਾਉਂਦੇ, ਵਜ਼ੀਫ਼ੇ ਅਤੇ ਅਮਦਾਦਾਂ ਪਾਉਂਦੇ ਹੋਏ ਉਹ ੧੯੧੫ ਵਿਚ ਗੌਰਮਿੰਟ ਕਾਲਜ, ਲਾਹੌਰ ਤੋਂ ਬੀ.ਏ. ਪਾਸ ਰਾਵੀਅਨ (Ravian) ਬਣ ਕੇ ਨਿਕਲੇ। ਪ੍ਰੋ. ਗੁਲਬਹਾਰ ਸਿੰਘ ਪਾਸੋਂ ਸੰਸਕ੍ਰਿਤ ਦੀ ਵਿਸ਼ੇਸ਼ ਪੜ੍ਹਾਈ ਕਰਨ ਪਾਰੋਂ ਉਹਨਾਂ ਯੂਨੀਵ੍ਰਸਿਟੀ ਭਰ ਵਿਚ ਸੰਸਕ੍ਰਿਤ 'ਚ ਅੱਵਲ ਪੋਜ਼ੀਸ਼ਨ ਹਾਸਲ ਕੀਤੀ ਅਤੇ ਸਿਲਵਰ ਮੈਡਲ ਦੇ ਹੱਕਦਾਰ ਬਣੇ।

ਕੁੱਝ ਚਿਰ ਲਈ ਖ਼ਾਲਸਾ ਮਿਡਲ ਸਕੂਲ ਡਾਰੂਕਾ (ਸਰਗੋਧਾ) ਵਿਖੇ ਮਾਸਟ੍ਰੀ ਕੀਤੀ ਕਿੰਤੂ ੧੯੧੭ ਵਿਚ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ ਵਿਚ ਉਹਨਾਂ ਦੀ ਨਿਯੁਕਤੀ ਸੰਸਕ੍ਰਿਤ ਦੇ ਲੈਕਚਰਾਰ ਵਜੋਂ ਹੋ ਗਈ। ੧੯੧੭ ਵਿਚ ਹੀ ਉਹਨਾਂ ਦੇ ਮਾਤਾ ਜੀ ਏਸ ਚੱਲਣ ਸਰਾਂ ਤੋਂ ਸਦਾ ਲਈ ਕੂਚ ਕਰ ਗਏ।

ਕਲਾਸਵਾਲਾ ਦੇ ਸਿੱਖ ਸਰਦਾਰਾਂ ਨਾਲ ਸਾਹਿਬ ਸਿੰਘ ਹੁਰਾਂ ਦੀ ਚੰਗੀ ਜਾਣ-ਪਛਾਣ ਸੀ। ਸੋ ੧੯੧੯ ਵਿਚ ਨਵੇਂ ਬਣੇ ਖਾਲਸਾ ਮਿਡਲ ਸਕੂਲ ਕਲਾਸਵਾਲਾ ਵਿਖੇ ਉਹਨਾ ਕੰਮ-ਚਲਾਊ ਹੈੱਡ ਮਾਸਟਰ ਵਜੋਂ ਸੇਵਾ ਨਿਭਾਈ।

ਕਾਲਰ ਇਲਾਕੇ ਦੇ ਸੱਪ ਅੱਤ ਜ਼ਹਿਰੀਲੇ ਅਤੇ ਖ਼ਤਰਨਾਕ ਸ਼ੁਮਾਰ ਹੁੰਦੇ ਹਨ। ਨੇੜਲੇ ਭੂਤ ਕਾਲ ਵਿਚ ਅਨੇਕਾਂ ਹੀ ਪ੍ਰਾਣੀ ਸੱਪ ਦੇ ਡੰਗਣ ਕਾਰਨ ਕਾਲ ਵੱਸ ਹੋ ਜਾਇਆ ਕਰਦੇ ਸਨ। ਇਸ ਸੰਦਰਭ ਵਿਚ ਪੀਰਾਂ-ਫ਼ਕੀਰਾਂ ਵਿਸ਼ੇਸ਼ ਕਰ ਗੁੱਗਾ ਪੀਰ ਦਾ ਦੱਸਿਆ ਜਾਚਿਆ 'ਦਮ' ਬੜਾ ਕਾਰਗਰ ਅਤੇ ਜ਼ਹਿਰ-ਮਾਰ ਦਾ ਸ਼ਰਤੀਯਾ ਇਲਾਜ ਮੰਨਿਆਂ ਗਿਆ ਹੈ ਸੋ ਪ੍ਰੋ. ਸਾਹਿਬ ਸਿੰਘ ਹੁਰਾਂ ਉਚੇਚੇ ਕਰ ਸ. ਨਰੈਣ ਸਿੰਘ ਨਕਈ ਤਹਿਸੀਲਦਾਰ ਰੱਈਆਂ ਪਾਸੋਂ ਇਹ 'ਮੁਸਲਮਾਨੀ ਮੰਤ੍ਰ' ਪ੍ਰਾਪਤ ਕਰਕੇ ਇਕ ਰੋਗੀ ਦਾ ਸਫਲ ਉਪਚਾਰ ਕੀਤਾ। ਏਸੇ ਪ੍ਰਕਾਰ ਉਹਨਾਂ ਬਿੱਛੂ ਦੇ ਡੰਗੇ ਦਾ ਭੀ ਇਲਾਜ ਕੀਤਾ।

੧੯੨੦ ਵਿਚ ਸਥਾਪਤ ਹੋਣ ਵਾਲੀ ਜੱਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਿਹਾ ਜਾਂਦਾ ਹੈ। ਸ. ਸਾਹਿਬ ਸਿੰਘ ਨੇ ਇਸ ਸੰਸਥਾ ਦੇ ਮੀਤ ਸਕੱਤਰ ਅਤੇ ਸੁਪ੍ਰਿੰਟੈਂਡੈਂਟ ਦੀ ਹੈਸੀਅਤ ਵਿਚ ੧੯੨੧ ਦੀ ਸਿੱਖੀ ਅਤੇ ਗੁਰਦੁਆਰਾ ਲਹਿਰ ਵਿਚ ਵੱਧ-ਚੜ੍ਹ ਕੇ ਭਾਗ ਲਿਆ। ੧੯੨੨ ਅਤੇ ੧੯੨੩ ਵਿਚ 'ਗੁਰੂ ਕਾ ਬਾਗ਼' ਅਤੇ 'ਜੈਤੋ' ਦੇ ਮੋਰਚੇ ਉਹਨਾਂ ਦੀ ਗ੍ਰਿਫ਼ਤਾਰੀ ਅਤੇ ਜੇਲ ਯਾਤ੍ਰਾ



Namdhari Elibrary NamdhariElibrary@gmail.com

ਦਾ ਸੱਬਬ ਬਣੇ। ੧੯੩੨ ਵਿਚ ਆਪ ਜੀ ਦਾ ਨਿੱਕਾ ਵੀਰ ਦੀਵਾਨ ਸਿੰਘ ਗਊ ਦਾ ਸਿੰਙ ਲੱਗਣ ਕਰਕੇ ਮੌਤ ਦੀ ਝੋਲੀ ਵਿਚ ਜਾ ਸੁੱਤਾ। ਏਸੇ ਸਾਲ ਹੀ ਆਪ ਜੀ ਦੀ ਧਰਮ ਪਤਨੀ ਦੁਰਗਾ ਦੇਵੀ (ਆਗਿਆ ਕੌਰ) ਨੇ ਬਾਜ਼ਾਰੋਂ ਪਰਤਦਿਆਂ ਕੇਲੇ ਦੇ ਛਿੱਲੜ ਤੋਂ ਤਿਲਕ ਕੇ ਪ੍ਰਾਣ ਤਿਆਗ ਦਿੱਤੇ। ਉਸ ਵਿਚਾਰੀ ਨੇ ਮਰਨ ਤੋਂ ਪਹਿਲਾਂ ਇਕ ਬੱਚੀ ਨੂੰ ਜਨਮ ਦਿੱਤਾ ਸੀ ਜੋ ਬਹੁਤਾ ਚਿਰ ਜੀਵਤ ਨਾ ਰਹਿ ਸਕੀ। ਸਾਹਿਬ ਸਿੰਘ ਨੇ ਰੱਬੀ ਰਜ਼ਾ ਅੱਗੇ ਸਬਰ ਸੰਤੋਖ ਨਾਲ ਸਿਰ ਝੁਕਾਅ ਦਿੱਤਾ ਅਤੇ 'ਤੇਰਾ ਕੀਆ ਮੀਠਾ ਲਾਗੈ' ਤੇ ਅਮਲ ਕੀਤਾ।

ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਉਹਨਾਂ ਨੂੰ ਬਤੌਰ ਲੈਕਚਰਰ ਧਾਰਮਿਕ ਪੜ੍ਹਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ। ਤਦੋਂ ਡਾ. ਜੋਧ ਸਿੰਘ, ਪ੍ਰੋ. ਮੋਹਨ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਸੰਤ ਸਿੰਘ ਸੇਖੋਂ ਅਤੇ ਡਾ. ਗੰਡਾ ਸਿੰਘ ਆਦਿ ਸੱਜਣ ਉਹਨਾਂ ਦੇ ਕੋਲੀਗ ਸਨ। ੧੯੪੨ ਵਿਚ ਸੇਵਾ ਨਿੱਵਰਿਤ ਹੋ ਕੇ ਉਹ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਬਣ ਗਏ। ੧੯੬੮ ਵਿਚ ਥੋੜੇ ਸਮੇਂ ਲਈ ਗੁਰਮਤਿ ਕਾਲਜ ਪਟਿਆਲਾ ਵਿਖੇ ਵੀ ਕਲਾਸਾਂ ਲੈਂਦੇ ਰਹੇ। ਏਸੇ ਦੌਰਾਨ ਪੁਸਤਕਾਂ ਲਿਖਣ ਦਾ ਕਾਰਜ ਵੀ ਨੇਪਰੇ ਚੜ੍ਹਦਾ ਰਿਹਾ। ਆਪ ਜੀ ਦੀਆਂ ਸੱਭੇ ਪੁਸਤਕਾਂ ਸਿੱਖ ਮਤ ਨਾਲ ਸੰਬੰਧਿਤ ਹਨ। ਜਿਨ੍ਹਾਂ ਨੂੰ ਸਿੱਖ ਹਲਕਿਆਂ ਵਿਚ ਬੇਹੱਦ ਸਰਾਹਨਾ ਪ੍ਰਾਪਤ ਹੈ। ਸੋ, ਉਹਨਾਂ ਦੀ ਵਿਦਵਤਾ ਅਤੇ ਉੱਚ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਪੰਜਾਬੀ ਯੂਨੀਵ੍ਰਸਿਟੀ, ਪਟਿਆਲਾ ਵੱਲੋਂ ੧੯੭੧ ਵਿਚ ਉਹਨਾਂ ਨੂੰ Doctor of Literature ਅਥਾਤਿ D. Litt. ਦਾ ਆਨਰੇਰੀ ਕਾਜ਼ਾ ਸਨਮਾਨ ਮਿਲਿਆ। ਪ੍ਰੋਫੈਸਰ ਸਾਹਿਬ ਸਿੰਘ ਸਵੈ-ਇੱਛਾ ਅਧੀਨ ਹਿੰਦੂਓਂ ਸਿੱਖ ਬਣੇ ਸਨ। ਉਹ ਗੁਰਸਿੱਖੀ, ਗੁਰਮੁਖੀ ਅਤੇ ਗੁਰਬਾਣੀ ਨਾਲ ਬੇਅੰਤ ਮੋਹ ਰੱਖਦੇ ਸਨ ਜਿਸ ਦਾ ਭਲੀ ਭਾਂਤ ਪ੍ਰਗਟਾਵਾ ਉਹਨਾਂ ਦੀਆਂ ਰਚਨਾਵਾਂ ਤੋਂ ਵੀ ਹੋ ਜਾਂਦਾ ਹੈ। ਉਹਨਾਂ ਦੀਆਂ ਪੁਸਤਕਾਂ ਦੀ ਸੂਚੀ ਨਿਮਿਨਲਿਖਿਤ ਹੈ :-

੧. ਗੁਰਬਾਣੀ ਵਿਆਕਰਣ
੨. ਸਿਮਰਨ ਦੀਆਂ ਬਰਕਤਾਂ
੩. ਆਦਿ ਬੀੜ ਬਾਰੇ
੪. ਸਦਾਚਾਰਕ ਲੇਖ
੫. ਸਰਬੱਤ ਦਾ ਭਲਾ
੬. ਧਰਮ ਤੇ ਸਦਾਚਾਰ
੭. ਬੁਰਾਈ ਦਾ ਟਾਕਰਾ
੮. ਸਿੱਖੁ ਸਿਦਕੁ ਨ ਹਾਰੇ
੯. ਗੁਰਬਾਣੀ ਤੇ ਇਤਿਹਾਸ ਬਾਰੇ
੧੦. ਬਾਬਾਣੀਆਂ ਕਹਾਣੀਆਂ
੧੧. ਜੀਵਨ ਬ੍ਰਿਤਾਂਤ. ਸ੍ਰੀ ਗੁਰੂ ਨਾਨਕ ਦੇਵ ਜੀ
੧੨. ਗੁਰ ਇਤਿਹਾਸ ਪਾਤਸ਼ਾਹੀ : ੨ ਤੋਂ ੯
੧੩. ਜੀਵਨ ਬ੍ਰਿਤਾਂਤ. ਸ੍ਰੀ ਗੁਰੂ ਗੋਬਿੰਦ ਸਿੰਘ ਜੀ
੧੪. ਜਪੁਜੀ ਸਾਹਿਬ ਸਟੀਕ
੧੫. ਆਸਾ ਦੀ ਵਾਰ ਸਟੀਕ
੧੬. ਸੁਖਮਨੀ ਸਾਹਿਬ ਸਟੀਕ
੧੭. ਜਪੁ ਸਾਹਿਬ, ਸਵਈਏ, ਚੌਪਈ ਸਟੀਕ
੧੮. ਨਿਤਨੇਮ ਸਟੀਕ
੧੯. ਰਾਮਕਲੀ ਸੱਦ ਸਟੀਕ
੨੦. ਭੱਟਾਂ ਦੇ ਸਵਈਏ ਸਟੀਕ
੨੧. ਸੱਤੇ ਬਲਵੰਡ ਦੀ ਵਾਰ ਸਟੀਕ
੨੨. ਸਿੱਧ ਗੋਸਟਿ ਸਟੀਕ
੨੩. ਸਲੋਕ ਗੁਰੂ ਅੰਗਦ ਸਾਹਿਬ ਸਟੀਕ
੨੪. ਸਲੋਕ ਤੇ ਸ਼ਬਦ ਫਰੀਦ ਜੀ ਸਟੀਕ
੨੫. ਸਲੋਕ ਕਬੀਰ ਜੀ ਸਟੀਕ
੨੬. ਭਗਤ ਬਾਣੀ ਸਟੀਕ (੫ ਜਿਲਦਾਂ)
੨੭. ਬਾਰਹਮਾਹ ਤੁਖਾਰੀ ਤੇ ਮਾਝ ਸਟੀਕ
੨੮. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (੧੦ ਜਿਲਦਾਂ)
੨੯. ਮੇਰੀ ਜੀਵ ਕਹਾਣੀ
੩੦. ਜਪੁਜੀ ਸਾਹਿਬ ਸਟੀਕ

ਪ੍ਰੋ. ਸਾਹਿਬ ਸਿੰਘ ਜੀਵਨ ਭਰ ਗ਼ਰੀਬੀ, ਬੀਮਾਰੀ, ਲਾਚਾਰੀ ਆਦਿ ਸੰਕਟਾਂ ਨਾਲ ਨਿਰੰਤਰ ਘੁਲਦੇ ਰਹੇ। ਵਜੂਦੋਂ ਮੋਰੇੜੇ ਅਤੇ ਕੱਦ-ਕਾਠ ਵੱਲੋਂ ਵਿਚਕਾਰਲੇ ਮੇਲ ਦੇ ਧਾਰਨੀ ਸਨ। ਨਵਜਾਤ ਅਵੱਸਥਾ ਵਿਚ ਮਾਂ ਦੀ ਛਾਤੀ ਤੇ ਚੰਬਲ ਦੇ ਜ਼ਖ਼ਮਾਂ ਕਰਕੇ ਦੁੱਧ ਚੁੰਘਣਾ ਨਸੀਬ ਨਹੀਂ ਸੀ ਹੋਇਆ, ਫਲਸਰੂਪ ਉਹ ਬੱਕਰੀ ਦੇ ਦੁੱਧ ਤੇ ਪਲੇ ਸਨ। ਪੰਜਾਬ ਵਿਚ ਫੈਲਣ ਵਾਲੀ ਤਕਰੀਬਨ ਹਰ ਵਬਾ ਜਾਂ ਰੋਗ ਦੀ ਦੱਛਣਾ ਉਹਨਾਂ ਨੂੰ ਮਿਲਦੀ ਰਹੀ। ਚੇਚਕ, ਟਾਈਫਾਈਡ, ਮਲੇਰੀਆ, ਇਫ਼ਲੂਐਨਜ਼ਾ, ਖ਼ੂਨੀ ਬਵਾਸੀਰ, ਪਿਸ਼ਾਬ ਦੀ ਬੰਦਸ਼ ਆਦਿ ਦੇ ਘਾਤਕ ਹੱਲਿਆਂ ਉਹਨਾਂ ਨੂੰ ਕਈ ਵੇਰ ਮੌਤ ਵਲ ਧਕੇਲਿਆ ਪਰ ਉਹ ਆਯੁਰਵੇਦ, ਹੋਮੀਓਪੈਥਕ, ਬਾਇਓਕੈਮਕ, ਯੋਗਾ ਆਦਿ ਦੁਆਰ ਆਪਣੇ ਆਪ ਨੂੰ ਤੰਦਰੁਸਤ ਰੱਖਣ ਦਾ ਜਤਨ ਕਰਦੇ ਰਹਿੰਦੇ ਸਨ ਪਰ ਅੰਤਮ ਰੋਗ ਨੇ 'ਪਾਰਕਿਨਸਨ' ਦੀ ਸੂਰਤ ਵਿਚ ਉਹਨਾਂ ਦੇ ਮਾੜਕੂ ਸਰੀਰ ਤੇ ਲਗਾਤਾਰ ਅੱਠ ਸਾਲ ਗ਼ਲਬਾ ਕੀਤੀ ਰੱਖਿਆ। ਹੱਥੋਂ ਕਲਮ ਛੁੱਟ ਗਈ, ਚੇਤਾ ਸ਼ਕਤੀ ਜਵਾਬ ਦੇਣ ਲਗ ਪਈ, ਜੀਭ ਬੋਲਣੋ ਅਸਮੱਥ ਹੋ ਗਈ, ਉੱਚਾ ਸੁਣਨ ਲਗ ਪਏ ਅਤੇ ਬਹੁਤਾਂ ਚਿਰ ਗ਼ਸ਼ੀ ਦੀ ਹਾਲਤ ਵਿਚ ਚਲੇ ਜਾਂਦੇ। ਇਹਨਾਂ ਕਠਿਨ ਘੜੀਆਂ ਵਿਚ ਉਹਨਾਂ ਦੇ ਟੱਬਰ, ਬੱਚਿਆਂ, ਸ਼ਰਧਾਲੂਆਂ, ਸ਼ਾਗਿਰਦਾਂ ਅਤੇ



Namdhari Elibrary NamdhariElibrary@gmail.com

ਹੋਰਨਾ ਸੱਜਣ-ਸਾਥੀਆਂ ਉਹਨਾਂ ਦੇ ਇਲਾਜ ਮੁਅਲਾਜੇ ਅਤੇ ਨਿਸ਼ਕਾਮ ਸੇਵਾ ਵਿਚ ਕੋਈ ਕਸਰ ਨਾ ਛੱਡੀ ਪਰ ਮੌਤ ਦੀ ਚਿੱਠੀ ਆਣ ਪਹੁੰਚੀ ਸੀ। ਸੋ ੨੯ ਅਕਤੂਬਰ ੧੯੭੭ ਦੀ ਸਵੇਰੇ ਉਹਨਾਂ ਦੀ ਆਤਮਾ ਦਾ ਪੰਛੀ ਹਮੇਸ਼ਾ ਲਈ ਉਡਾਰੀ ਮਾਰ ਗਿਆ। ਪ੍ਰਾਨ ਤਿਆਗਣ ਤੋਂ ਪਹਿਲਾਂ ਉਹਨਾਂ ਸੇਜਲ ਨੇਤ੍ਰਾਂ ਨਾਲ ਆਪਣੇ ਮੁਸਲਮਾਨ ਉਸਤਾਦ ਕਾਜ਼ੀ ਜਲਾਲਦੀਨ ਜੀ ਨੂੰ ਬਾਰਹਾ ਯਾਦ ਕੀਤਾ ਸੀ। ਅੰਮ੍ਰਿਤਸਰ ਦੇ ਸਥਾਨਕ ਹਸਪਤਾਲ ਵਿਚ ਉਹਨਾਂ ਦੀਆਂ ਦੋਵੇਂ ਅੱਖਾਂ ਦਾਨ ਕਰ ਦਿੱਤੀਆਂ ਗਈਆਂ ਅਤੇ 'ਗੁਰੂ ਕੀ ਨਗਰੀ' ਦੇ ਸ਼ਮਸ਼ਾਨ ਘਾਟ ਵਿਖੇ ਉਹਨਾਂ ਦੀ ਦੇਹ ਨੂੰ ਅਗਨ ਭੇਟ ਕਰ ਦਿੱਤਾ ਗਿਆ।

ਪ੍ਰੋ. ਸਾਹਿਬ ਸਿੰਘ ਦਾ ਵਿਆਹ ਬਚਪਨ ਵਿਚ ਹੀ ਕਰ ਦਿੱਤਾ ਗਿਆ ਸੀ। ੧੧ ਵ੍ਰਸ਼ੀਯ ਦੁਰਗਾ ਦੇਵੀ ਸਪੁਤਰੀ ਕਿਸ਼ਨ ਚੰਦ ਨਾਲ ੧੯੦੩ ਵਿਚ ਹਿੰਦੂ ਮ੍ਰਯਾਦਾ ਅਨੁਸਾਰ ਬੰਧਨ ਬੱਝਾ ਸੀ।

ਦੁਰਗਾ ਤੋਂ ਉਹਨਾਂ ਦੇ ਪੰਜ ਪੁੱਤਰ ਅਤੇ ਇਕ ਧੀ ਉਤਪੰਨ ਹੋਏ। ੧੯੩੨ ਵਿਚ ਦੁਰਗਾ ਦੇਵੀ ਦੀ ਅਚਾਨਕ ਹਾਦਸਾਤੀ ਮੌਤ ਉਪੰਤ ਮਿੱਤ੍ਰਾਂ ਵਿਸ਼ੇਸ਼ ਕਰ ਮਾ. ਤਾਰਾ ਸਿੰਘ ਦੀ ਪ੍ਰੇਰਨਾ ਸਦਕਾ ਪ੍ਰੋ. ਸਾਹਿਬ ਨੇ ੧੯੩੩ ਵਿਚ ਰਤਨ ਕੌਰ ਨਾਲ ਕਾਜ ਕਰਵਾ ਲਿਆ। ਰਤਨ ਕੌਰ ਦੀ ਕੁੱਖੋਂ ਸਾਹਿਬ ਸਿੰਘ ਦੇ ਇਕ ਲੜਕੇ ਅਤੇ ਇਕ ਲੜਕੀ ਨੇ ਜਨਮ ਲਿਆ। ਆਪ ਜੀ ਦੀ ਸੰਤਾਨ ਪੜ੍ਹੀ ਲਿਖੀ ਅਤੇ ਮੁਨਾਸਬ ਅਹੁਦਿਆਂ ਤੇ ਕਾਰੇਰਤ ਹੈ ਜਿਵੇਂ ਕਿ ਸੱਭ ਤੋਂ ਵੱਡੇ ਬੇਟੇ ਕਰਤਾਰ ਸਿੰਘ (ਜਨਮ ੧੯੧੨) ਨੇ ਭਾਰਤੀ ਡਾਕ ਵਿਭਾਗ ਵਿਚ ਨੌਕਰੀ ਕੀਤੀ। ਉਸ ਦਾ ਲੜਕਾ ਕੁਲਦੀਪ ਸਿੰਘ ਫ਼ੌਜੀ ਸੇਵਾ ਦੌਰਾਨ ੧੯੬੬ ਵਿਚ ਸ਼ੋਰਸ਼ੀ ਰਿਆਸਤ ਨਾਗਾਲੈਂਡ ਵਿਚ ਮਾਰਿਆ ਗਿਆ ਸੀ। ਦੂਜੇ ਬੇਟੇ ਪਰਤਾਪ ਸਿੰਘ (ਜਨਮ ੧੯੧੫), ਹਰਦਿਆਲ ਸਿੰਘ (ਜਨਮ ੧੯੧੮) ਅਤੇ ਅਮਰੀਕ ਸਿੰਘ ਵਰਣਨਯੋਗ ਹਨ। ਨਰਿੰਦਰ ਕੌਰ ਸਪੁੱਤਰੀ ਸਾਹਿਬ ਸਿੰਘ ਦੀ ਸ਼ਾਦੀ ਉੱਘੇ ਖੋਜਕਾਰ ਅਤੇ ਪ੍ਰਸਿੱਧ ਲੇਖਕ ਡਾ. ਪ੍ਰੋ ਪ੍ਰੀਤਮ ਸਿੰਘ ਪਟਿਆਲਾ (੧੯੧੮-੨੦੦੮) ਨਾਲ ਹੋਈ ਜਿਨਾਂ ਤੋਂ ਡਾ. ਹਰਸ਼ਿੰਦਰ ਕੌਰ MBBS ਅਤੇ ਡਾ. ਜੈਰੂਪ ਸਿੰਘ (ਉਪ ਕੁਲਪਤੀ ਗੁਰੂ ਨਾਨਕ ਦੇਵ ਯੂਨੀਵ੍ਰਸਿਟੀ ਅੰਮ੍ਰਿਤਸਰ) ਜਹੀ ਸਲੱਗ ਅਉਲਾਦ ਪੈਦਾ ਹੋਈ। ਪ੍ਰੋ. ਸਾਹਿਬ ਸਿੰਘ ਦੇ ਸਪੁੱਤਰ ਪ੍ਰੋ. ਕੁਲਵੰਤ ਸਿੰਘ ਗੌਰਮੈਂਟ ਕਾਲਜ ਹੋਸ਼ਿਆਰਪੁਰ ਵਿਚ ਕੈਮਿਸਟ੍ਰੀ ਦੇ ਲੈਕਚਰਾ ਨਿਯੁਕਤ ਹੋਏ। ਪ੍ਰੋ. ਸਾਹਿਬ ਸਿੰਘ ਦਾ ਸੱਭ ਤੋਂ ਛੋਟਾ ਲੜਕਾ ਡਾ. ਦਲਜੀਤ ਸਿੰਘ MBBS (ਜਨਮ ੧੯੩੪) ਅੰਤਰਰਾਸ਼ਟ੍ਰੀਯ ਪ੍ਰਸਿੱਧੀ ਨੇਤਰ ਵਿਸ਼ੇਸ਼ੱਗ ਹੈ। ਉਸ ਨੇ ਅੱਖਾਂ ਤੇ ਇਕ ਪੁਸਤਕ 'ਨਿਰੋਈ ਅੱਖ' ਕਲਮ-ਬੰਦ ਕੀਤੀ ਹੈ। ਪ੍ਰੋ. ਸਾਹਿਬ ਦੀ ਛੋਕੜਲੀ ਬੇਟੀ ਭੁਪਿੰਦਰ ਕੌਰ (ਜਨਮ ੧੯੩੯) ਵੀ MBBS ਡਾਕਟਰ ਹੈ।

ਪਿੰਡ ਭੂਰੇ ਕੇ
ਡਾਕਖਾਨਾ ਤਲਵੰਡੀ ਭਿੰਡਰਾਂ 51570
ਜ਼ਿਲ੍ਹਾ ਨਾਰੋਵਾਲ ਪਾਕਿਸਤਾਨ
ਫੋਨ 0092-0342-6471750
*Village : Bhureke*
*P.O. : Talwandi Bhindran 51570*
*Distt. : Narowal (Pakistan)*
*Ph.: 0092-0342-6471750*
*Dated : June the 8th, 2009*

## ਗੋਇਲ ਪਰਿਵਾਰ ਦਿੱਲੀ ਨੂੰ ਸਦਮਾ

ਦਿੱਲੀ ਸਰਕਾਰ ਦੀ ਪੰਜਾਬੀ ਅਕੈਡਮੀ ਦੇ ਪੰਜਾਬੀ ਸੁਪਰਵਾਈਜ਼ਰ ਅਤੇ ਰਿਟਾਇਰਡ ਵਾਈਸ ਪ੍ਰਿੰਸੀਪਲ, ਦਿੱਲੀ ਸਰਕਾਰ ਅਤੇ ਸੀ.ਬੀ.ਐਸ.ਈ. ਦੀਆਂ ਉੱਚ ਪੱਧਰੀ ਕਮੇਟੀਆਂ ਦੇ ਮੈਂਬਰ ਪ੍ਰਸਿਧ ਹਸਤੀ ਸ੍ਰੀ ਐਨ. ਆਰ. ਗੋਇਲ ਦੀ ਛੋਟੀ ਨੂੰਹ ਸ੍ਰੀਮਤੀ ਰਵੀ ਗੋਇਲ ਸੁਪੱਤਨੀ ਸ੍ਰੀ ਸੰਜੇ (ਬੱਬੂ ਗੋਇਲ) ਇਨਜੀਅਰ ਨਵੀਂ ਦਿੱਲੀ ਮਿਊਂਸਪਲ ਕਾਰਪੋਰੇਸ਼ਨ, ਇਕ ਐਕਸੀਡੈਂਟ ਵਿਚ ਸਦੀਵੀ ਵਿਛੋੜਾ ਦੇ ਗਏ ਹਨ। ਸ੍ਰੀਮਤੀ ਰਵੀ ਗੋਇਲ ਉਮਰ ਚਾਲੀ ਕੁ ਸਾਲ ਕਿੱਤੇ ਵਜੋਂ ਅਧਿਆਪਕਾ ਸਨ।

ਵਿਛੜੀ ਜੀਵ ਆਤਮਾ ਨਮਿਤ ੧੨ ਜੁਲਾਈ ੨੦੦੯ ਐਤਵਾਰ ਨੂੰ ਸੁਆਸਥ ਵਿਹਾਰ ਦੇ ਕਮਿਊਨਿਟੀ ਸੈਂਟਰ ਵਿਚ ਸਿਮ੍ਰਤੀ ਸਮਾਗਮ ਹੋਇਆ। ਭਾਰਤ ਦੇ ਅਲਪ ਸੰਖਿਅਕ ਕਮਿਸ਼ਨ ਦੇ ਮੈਂਬਰ, ਸਾਬਕਾ ਐਮ.ਪੀ. ਸ. ਹਰਵਿੰਦਰ ਸਿੰਘ ਹੰਸਪਾਲ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਸਤੇ ਆਏ। ਪ੍ਰਸਿਧ ਲੇਖਕ ਸ. ਗੁਰਬਚਨ ਸਿੰਘ ਭੁੱਲਰ, ਸ੍ਰੀ ਜਗਦੀਸ਼ ਕੌਸ਼ਲ, ਗੁਰਚਰਨ ਸਿੰਘ, ਮੰਗਲਜੀਤ ਸਿੰਘ, ਪ੍ਰਤਾਪ ਸਿੰਘ ਗਿੱਲ ਪੰਜਾਬੀ ਹੈਲਪਲਾਈਨ ਇ. ਤੇਜਵੰਤ ਸਿੰਘ ਸੱਗੂ ਅਤੇ ਹੋਰ ਪੰਜਾਬੀ ਜਗਤ ਨਾਲ ਸੰਬੰਧ ਮਿਤਰ ਸਨੇਹੀ ਅੰਤਮ ਸਮਾਗਮ ਸਮੇਂ ਪੁੱਜੇ।

ਬਹੁਤ ਭਾਰੀ ਸਦਮਾ ਗੋਇਲ ਪਰਿਵਾਰ ਨੂੰ ਬੇਵਕਤਾ ਸਹਾਰਨਾ ਪੈ ਰਿਹਾ ਹੈ। ਇਸ ਦੁਖਦਾਈ ਸਮੇਂ ਵਰਿਆਮ ਪਰਿਵਾਰ ਗੋਇਲ ਸਾਹਿਬ ਦੇ ਦੁੱਖ ਵਿਚ ਸ਼ਾਮਲ ਹੈ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਕੁਝ ਸੱਚੀਆਂ ਗੱਲਾਂ

—ਬਲਬੀਰ ਕੌਰ

ਅੰਮ੍ਰਿਤਸਰ ਦੇ ਕੋਲ ਸੰਧੂਆਂ ਦਾ ਪਿੰਡ, ਜੋ ਸਿਰਹਾਲੀ 'ਚੋਂ ਨਿਕਲ ਕੇ ਹੀ ਦਰਗਾਪੁਰ ਵਸਿਆ ਸੀ, ਉਥੇ ਹੀ ਸਾਡੇ ਵੱਡੇ ਰਿਹਾ ਕਰਦੇ ਸਨ। ਸਾਡੇ ਦਾਦਾ ਜੀ ਜੋ ਚਾਰ ਭਰਾ ਸਨ--ਮੇਰੇ ਦਾਦਾ ਜੀ ਗੰਡਾ ਸਿੰਘ ਤੇ ਦੂਜੇ ਚੰਦਾ ਸਿੰਘ ਅਤੇ ਦੋ ਹੋਰ ਸਨ। ਓਹਨਾਂ ਵਿਚੋਂ ਦੋ ਨੌਕਰ ਸਨ ਬਰ੍ਹਮਾ ਵਿਚ, ਪਰ ਚਾਰੇ ਭਰ੍ਹਾਂ ਬਹੁਤ ਜਵਾਨ ਤੇ ਬਹਾਦਰ ਸਨ। ਚੰਦਾ ਸਿੰਘ ਤਾਂ ਸੂਬੇਦਾਰ ਬਣ ਗਿਆ ਤੇ ਦੂਜੇ ਦਾਦਾ ਜੀ ਬੇਪਰਵਾਹ ਜਿਹੇ ਸਨ, ਕਿਉਂਕਿ ਉਹਨਾਂ ਦੀ ਕੋਈ ਔਲਾਦ ਨਹੀਂ ਸੀ। ਇਸ ਕਰਕੇ ਕੋਈ ਫਿਕਰ-ਫਾਕਾ ਨਹੀਂ ਸੀ।

ਅੰਗਰੇਜ਼ਾਂ ਦਾ ਰਾਜ ਸੀ ਓਦੋਂ ਮੇਰੇ ਬਾਪੂ ਜੀ ਦੱਸਿਆ ਕਰਦੇ ਸੀ ਕਿ ਇਕ ਵਾਰ ਬਰ੍ਹਮਾ ਤੋਂ ਚਿੱਠੀ ਆਈ ਕਿ ਦਾਦੀ ਜੀ ਨੂੰ ਏਥੇ ਛੱਡ ਜਾਓ, ਸਾਨੂੰ ਛੁੱਟੀ ਨਹੀਂ ਮਿਲਦੀ। ਮੇਰੇ ਦਾਦਾ ਜੀ (ਗੰਡਾ ਸਿੰਘ ਜੀ) ਓਹਨਾਂ ਨੂੰ ਛੱਡਣ ਗਏ ਤਾਂ ਕਹਿੰਦੇ ਸਨ ਕਿ ਇਕ ਮਹੀਨਾ ਰਸਤੇ ਵਿਚ ਲੱਗਿਆ, ਕਿਉਂਕਿ ਸਮੁੰਦਰੀ ਜਹਾਜ਼ ਰਾਹੀਂ ਜਾਣਾ ਸੀ। ਓਥੇ ਕੁਛ ਦਿਨ ਰਹੇ। ਇਕ ਦਿਨ ਓਹਨਾਂ ਦੇ ਸਾਹਬ ਨੇ ਆਖਿਆ, "ਮੇਰੇ ਘੋੜੇ ਨੂੰ ਪਾਣੀ ਪਿਲਾ ਕੇ ਲਿਆਓ" ਮੇਰੇ ਦਾਦਾ ਜੀ ਜੋ ਆਪਣੀ ਭਰਜਾਈ ਨੂੰ ਛੱਡਣ ਗਏ ਸਨ- ਓਹ ਹੀ ਪਾਣੀ ਪਿਆਣ ਵਾਸਤੇ ਘੋੜੇ ਤੇ ਚੜ੍ਹ ਕੇ ਭਜਾ ਕੇ ਲੈ ਗਏ। ਸਾਹਬ ਆਪਣੇ ਬੰਗਲੇ ਤੇ ਚੜ੍ਹ ਕੇ ਦੂਰਬੀਨ ਨਾਲ ਵੇਖਦਾ ਰਿਹਾ, ਪਰ ਓਹ ਦੂਰ ਕਿਤੇ ਨਿਕਲ ਗਏ...ਸਮੁੰਦਰ ਦੇ ਕੰਢੇ ਕੰਢੇ ਬਹੁਤ ਦੂਰ। ਅੰਗਰੇਜ਼ ਬਹੁਤ ਔਖਾ ਹੋਵੇ—ਨਵਾਂ ਬੰਦਾ ਏ, ਕੀ ਪਤਾ ਕਿਤੇ ਡਿੱਗ ਪਿਆ ਹੋਵੇ...ਵਾਪਿਸ ਆਏ ਜਾ ਨਾ ਆਏ। ਬਹੁਤ ਔਖਾ ਤੇ ਪਰੇਸ਼ਾਨ ਹੋਵੇ। ਦੂਜੇ ਦਾਦਾ ਜੀ (ਚੰਦਾ ਸਿੰਘ) ਬਹੁਤ ਕਹਿਣ ਕਿ ਕੋਈ ਗੱਲ ਨਹੀਂ ਕਿਤੇ ਕੁਝ ਨਹੀਂ ਹੁੰਦਾ ਹੁਣੇ ਆ ਜਾਣਗੇ, ਤੁਸੀਂ ਕਿਉਂ ਘਬਰੌਂਦੇ ਹੋ। ਓਹ ਆਖੇ ਨਵਾਂ ਆਦਮੀ ਏ ਕੀ ਪਤਾ ਕੀ ਬਣਿਆ ਹੋਵੇ, ਕੀ ਪਤਾ ਏਨਾ ਘੋੜ-ਸਵਾਰ ਹੈ ਜਾਂ ਨਹੀਂ।

ਏਨੇ ਨੂੰ ਓਹ ਵੀ ਆ ਗਏ ਪਾਣੀ ਪਿਆ ਕੇ। ਫਿਰ ਸਾਹਬ ਬਹੁਤ ਖੁਸ਼ ਹੋਇਆ ਤੇ ਆਖਣ ਲੱਗਾ, "ਤੁਸੀਂ ਏਡੇ ਦਲੇਰ ਤੇ ਬਹਾਦਰ ਹੋ?" ਸਾਰੇ ਭਰਾ-ਹਾਂ ਜੀ ਅਸੀਂ ਵੀ ਘੋੜੇ ਰੱਖਦੇ ਹਾਂ। ਪਰ ਨਵੀਂ ਜਗ੍ਹਾ ਤੇ ਏਨੀ ਦਲੇਰੀ ਕਰਨੀ ਬਹੁਤ ਔਖੀ ਏ। ਫਿਰ ਕਹਿਣ ਲੱਗਾ, "ਹੁਣ ਤੁਸਾਂ ਜਾਣਾ ਨਹੀਂ ਤੁਹਾਨੂੰ ਵੀ ਮੈਂ ਭਰਤੀ ਕਰ ਰਿਹਾ ਹਾਂ। ਜੇ ਤੁਸੀਂ ਕਹੋ ਕਿ ਤਨਖਾਹ ਥੋੜ੍ਹੀ ਹੈ ਤਾਂ ਮੈਂ ਹੋਰ ਵਧਾ ਦਿਆਂਗਾ, ਪਰ ਤੁਹਾਨੂੰ ਜਾਣ ਨਹੀਂ ਦੇਣਾ। ਇਹੋ ਜਿਹੇ ਬੰਦਿਆਂ ਦੀ ਸਾਨੂੰ ਬਹੁਤ ਲੋੜ ਏ।" ਸਾਹਬ ਦੀ ਗੱਲ ਸੁਣ ਕੇ ਸਾਡੇ ਦਾਦਾ ਜੀ (ਸ. ਗੰਡਾ ਸਿੰਘ) ਨੇ ਕਿਹਾ ਕਿ ਸਾਹਬ ਜੀ, ਇਕ ਤਾਂ ਮੈਂ ਅਨਪੜ੍ਹ ਹਾਂ ਦੂਸਰਾ ਪਿਛੇ ਮੇਰਾ ਪਰਿਵਾਰ ਹੈ, ਮੈਂ ਆਪਣੇ ਪਰਿਵਾਰ ਤੋਂ ਦੂਰ ਬਰ੍ਹਮਾ ਵਿਚ ਨਹੀਂ ਰਹਿ ਸਕਦਾ। ਇਹ ਮੇਰੀ ਮਜਬੂਰੀ ਹੈ। ਸੋ ਸਾਹਿਬ ਮੈਂ ਆਪ ਜੀ ਦਾ ਧੰਨਵਾਦੀ ਹਾਂ ਕਿ ਆਪ ਜੀ ਨੇ ਮੈਨੂੰ ਮੇਰੇ ਦੂਸਰੇ ਵੀਰਾਂ ਦੇ ਬਰਾਬਰ ਸਮਝਿਆ। ਇਹ ਠੀਕ ਹੈ ਕਿ ਮੇਰੇ ਵੱਡੇ ਵੀਰ ਦੋਵੇਂ ਬਹੁਤ ਹੀ ਬਹਾਦੁਰ ਹਨ, ਤੇ ਉਨ੍ਹਾਂ ਦੇ ਵਾਂਗਰ ਤੁਸਾਂ ਮੈਨੂੰ ਵੀ ਇਸ ਯੋਗ ਸਮਝਿਆ ਹੈ। ਮੈਂ ਨੌਕਰੀ ਨਹੀਂ ਕਰ ਸਕਦਾ ਕਿਉਂਕਿ ਪਿਛੇ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਮੇਰੇ ਸਿਰ ਤੇ ਹੈ।

"ਠੀਕ ਹੈ ਠੀਕ ਹੈ" ਸਾਹਿਬ ਨੇ ਆਖਿਆ, "ਪਰ ਮੈਂ ਚਾਹਾਂਗਾ ਕਿ ਮੈਨੂੰ ਤੁਸੀਂ ਉਸ ਮਾਤਾ ਜੀ ਦੇ ਦਰਸ਼ਨ ਜ਼ਰੂਰ ਕਰਵਾਉਣੇ ਜਿਸ ਮਾਤਾ ਨੇ ਤੁਹਾਡੇ ਵਰਗੇ ਜਵਾਨ ਪੁੱਤਰਾਂ ਨੂੰ ਜਨਮ ਦਿੱਤਾ ਹੈ, ਇਹ ਮੇਰੀ ਤੁਹਾਡੇ ਅੱਗੇ ਬੇਨਤੀ ਹੈ।"

"ਜੀ ਸਾਹਿਬ, ਇਹ ਤਾਂ ਸਾਡੇ ਧੰਨ ਭਾਗ ਹੋਣਗੇ ਜੋ ਤੁਸੀਂ ਸਾਡੇ ਘਰ ਸਮੁੰਦਰੋਂ ਪਾਰ ਚਲੋਗੇ, ਮੈਂ ਆਪਣੇ ਭਾਬੀ ਜੀ ਨੂੰ ਏਥੇ ਛੱਡ ਕੇ, ਆਪਣੇ ਪਿੰਡ ਜਾ ਰਿਹਾ ਹਾਂ, ਤੁਸੀਂ ਮੇਰੇ ਨਾਲ ਚਲੋ ਜੀ।" ਸਾਡੇ ਦਾਦਾ ਜੀ ਸ. ਗੰਡਾ ਸਿੰਘ ਜੀ ਨੇ ਕਿਹਾ।

"ਨਹੀਂ ਸ੍ਰਦਾਰ. ਬਹਾਦਰ, ਮੈਂ ਹੁਣ ਤੁਹਾਡੇ ਨਾਲ ਨਹੀਂ ਜਾ ਸਕਦਾ ਕਿਉਂਕਿ ਮੈਨੂੰ ਵੀ ਵਕਤ ਦਾ ਪਾਬੰਦ ਹੋ ਕੇ ਹੀ ਰਹਿਣਾ ਪੈਂਦਾ ਹੈ। ਸੋ ਮੈਂ ਆਵਾਂਗਾ ਜ਼ਰੂਰ, ਪਰ ਜਦੋਂ ਤੁਹਾਡੇ ਭਰਾ ਛੁੱਟੀ ਜਾਣਗੇ, ਉਦੋਂ ਮੈਂ ਵੀ ਉਨ੍ਹਾਂ ਦੇ ਨਾਲ ਆਵਾਂਗਾ।" ਸਾਹਿਬ ਨੇ ਕਿਹਾ। ਸਾਡੇ ਦਾਦਾ ਜੀ ਸਮੁੰਦਰੋਂ ਉਰਾਰ ਆਪਣੇ ਪਿੰਡ ਤੇ ਆਪਣੇ ਘਰ ਨੂੰ ਪਰਤ ਆਏ ਸਨ।

ਸਮਾਂ ਆਪਣੇ ਚਾਲੇ ਚਲਦਾ ਜਾ ਰਿਹਾ ਸੀ, ਤੇ ਆਖਿਰ ਉਹ ਸਮਾਂ ਵੀ ਆ ਗਿਆ ਜਦੋਂ ਕਿ ਫੌਜੀਆਂ ਨੂੰ ਆਪਣੇ ਵਤਨਾਂ ਨੂੰ ਪਰਤਣ ਦਾ ਅਵਸਰ ਮਿਲਦਾ ਹੈ।

ਛੁੱਟੀਆਂ ਹੋਈਆਂ ਤਾਂ ਉਸ ਅੰਗਰੇਜ਼ ਅਫਸਰ ਨੇ ਚੰਦਾ ਸਿੰਘ ਜੀ, ਸਾਡੇ ਦਾਦਾ ਜੀ ਦੇ ਭਰਾ ਨੂੰ ਉਹਨਾਂ ਦੇ ਭਰਾ ਗੰਡਾ ਸਿੰਘ ਹੋਰਾਂ ਨਾਲ ਕੀਤੇ ਹੋਏ ਵਾਅਦੇ ਬਾਰੇ ਦੱਸਦਿਆਂ ਹੋਇਆਂ ਕਿਹਾ ਕਿ "ਮੈਂ ਤੁਹਾਡੇ ਛੋਟੇ ਭਰਾ ਦੇ ਨਾਲ ਤੁਹਾਡੇ ਵਤਨਾਂ ਨੂੰ ਜਾਣ ਦਾ ਵਾਅਦਾ ਕੀਤਾ ਸੀ, ਮੈਂ ਤੁਹਾਡੀ ਮਾਤਾ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ ਇਸ ਲਈ ਮੈਂ ਤੁਹਾਡੇ



Namdhari Elibrary NamdhariElibrary@gmail.com

ਪਿੰਡ ਤੁਹਾਡੇ ਨਾਲ ਜਾਣਾ ਚਾਹੁੰਦਾ ਹਾਂ।"

ਆਪਣੇ ਅਫਸਰ ਦੀ ਗੱਲ ਸੁਣ ਕੇ ਦੋਵੇਂ ਸਰਦਾਰ ਬੇਹੱਦ ਖੁਸ਼ ਹੋਏ, ਤੇ ਉਹਨਾਂ ਨੇ ਉਸ ਅਫਸਰ ਨੂੰ ਨਾਲ ਲੈ ਲਿਆ ਤੇ ਆਪਣੇ ਵਤਨਾਂ ਨੂੰ ਆ ਗਏ।

ਪਿੰਡ ਪਹੁੰਚ ਕੇ ਉਹਨਾਂ ਨੇ ਆਪਣੀ ਮਾਤਾ ਨੂੰ ਮਿਲ ਕੇ ਕਿਹਾ, "ਸਾਹਿਬ ਜੀ ਇਹ ਨੇ ਸਾਡੇ ਮਾਤਾ ਜੀ, ਜਿਨ੍ਹਾਂ ਨੂੰ ਤੁਸੀਂ ਮਿਲਣਾ ਚਾਹੁੰਦੇ ਸੀ।" ਮਾਤਾ ਜੀ ਜਿਹੜੇ ਕਿ ਛੋਟੇ ਜਿਹੇ ਕੱਦ ਦੇ ਸਨ ਤੇ ਕਾਲੀ ਘੱਗਰੀ ਲੱਕ ਦੁਆਲੇ ਪਾਈ ਹੋਈ ਸੀ।

ਮਾਤਾ ਨੂੰ ਮਿਲ ਕੇ ਅਫਸਰ ਬਹੁਤ ਪ੍ਰਸੰਨ ਹੋਇਆ ਤੇ ਖੁਸ਼ ਹੋ ਕੇ ਬਾਰ ਬਾਰ ਮਾਤਾ ਦੇ ਚਰਨਾਂ ਨੂੰ ਹੱਥ ਲਾਈ ਜਾ ਰਿਹਾ ਸੀ–"ਮਾਤਾ ਜੀ ਧੰਨ ਤੁਸੀਂ ਹੋ! ਜਿਨ੍ਹਾਂ ਨੇ ਸ਼ੇਰਾਂ ਜਿਹੇ ਪੁੱਤਰਾਂ ਨੂੰ ਜਨਮ ਦਿੱਤਾ ਹੈ, ਮੈਂ ਬਹੁਤ ਬਹੁਤ ਖੁਸ਼ ਹਾਂ। ਇਸ ਖੁਸ਼ੀ ਵਿਚ ਮੈਂ ਤੁਹਾਨੂੰ ਕੁਝ ਦੇਣਾ ਚਾਹੁੰਦਾ ਹਾਂ।"

"ਸਾਹਿਬ ਜੀ ਤੁਸੀਂ ਸਾਨੂੰ ਕੀ ਦਿਉਗੇ, ਸਾਡੇ ਕੋਲ ਤਾਂ ਸਭ ਕੁਝ ਹੈ" ਇਹ ਗੱਲ ਉਸ ਸਰਦਾਰ ਨੇ ਕਹੀ ਜਿਸਦਾ ਧੀ–ਪੁੱਤਰ ਕੋਈ ਨਹੀਂ ਸੀ।

"ਤੁਹਾਨੂੰ ਕੋਈ ਵੀ ਕਿਸੇ ਚੀਜ਼ ਦੀ ਲੋੜ ਨਹੀਂ ਪਰ ਤੁਹਾਡੇ ਦੂਸਰੇ ਪਰਿਵਾਰ ਨੂੰ ਤਾਂ ਲੋੜ ਹੋਵੇਗੀ ਹੀ।" ਇਹ ਕਹਿ ਕੇ ਉਸਨੇ ਕਿਹਾ "ਆਹ ਲਓ ਮੈਂ ਤੁਹਾਨੂੰ ਇਹ ਜ਼ਮੀਨ ਲਿਖ ਦਿੱਤੀ ਹੈ, ਜੋ ਕਿ ਜ਼ਿਲ੍ਹਾ ਲਾਇਲਪੁਰ ਤਹਿਸੀਲ ਜੜ੍ਹਾਂਵਾਲਾ ਵਿਚ ਹੈ। ਤੁਸੀਂ ਉਸ ਜ਼ਮੀਨ ਨੂੰ ਜਾ ਕੇ ਵਾਹ ਬੀਜ ਲੈਣਾ।" ਇਸ ਤਰ੍ਹਾਂ ਉਹਨਾਂ ਨੂੰ ਪੰਜ ਮੁਰੱਬੇ ਜਾਂ ਸੱਤ ਮੁਰੱਬੇ ਜ਼ਮੀਨ ਸਰਕਾਰ ਵਲੋਂ ਉਹਨਾਂ ਨੇ ਦੇ ਦਿੱਤੀ ਸੀ। ਇਹ ਨਹੀਂ ਕਿ ਉਹਨਾਂ ਪਾਸ ਪਹਿਲਾਂ ਜ਼ਮੀਨ ਨਹੀਂ ਸੀ, ਪਰ ਕਿਸੇ ਵੱਲੋਂ ਮਿਲਿਆ ਮਾਣ ਸਨਮਾਨ ਆਪਣੀ ਨਿੱਜੀ ਜਾਇਦਾਦ ਨਾਲੋਂ ਜ਼ਿਆਦਾ ਪਿਆਰਾ ਹੁੰਦਾ ਹੈ। ਉਹ ਜ਼ਮੀਨ ਇਕ ਸੌ ਨੌਂ (੧੦੯) ਚੱਕ ਜ਼ਿਲ੍ਹਾ ਲਾਇਲਪੁਰ ਤੇ ਤਹਿਸੀਲ ਜੜ੍ਹਾਂਵਾਲਾ ਵਿਚ ਸੀ। ਉਥੇ ਉਸ ਜ਼ਮੀਨ ਦੀ ਸੰਭਾਲ ਕਰਨ ਵਾਸਤੇ ਜਦੋਂ ਉਸ ਪਿੰਡ ਗਏ ਤਾਂ ਉਥੇ ਸਿਰਫ ਇਕ ਘਰ ਹੀ ਜੱਟਾਂ ਦਾ ਸੀ ਤੇ ਦੂਸਰਾ ਇਹਨਾਂ ਦਾ ਸੀ, ਬਾਕੀ ਸਭ ਹੋਰ ਜਾਤੀਆਂ ਦੇ ਸਨ। ਉਥੇ ਜਾਂਦਿਆਂ ਹੀ, ਸਾਡੇ ਚਾਚਾ ਜੀ, ਸਾਡੇ ਦਾਦਾ ਜੀ, ਚੰਦਾ ਸਿੰਘ ਜੀ ਦੇ ਪੁੱਤਰ ਸ. ਰਵੇਲ ਸਿੰਘ ਜੀ ਨੂੰ ਨੰਬਰਦਾਰੀ ਮਿਲ ਗਈ। ਜੱਦੀ-ਪੁਸ਼ਤੀ ਸਰਦਾਰੀ ਸੀ ਇਸ ਵਾਸਤੇ, ਪਿੰਡ ਵਿਚ ਵੀ ਤੇ ਆਸੇ ਪਾਸੇ ਦੇ ਪਿੰਡਾਂ ਵਿਚ ਵੀ ਕਾਫੀ ਰੋਅਬ-ਦਾਬ ਤੇ ਵੱਜਕਰਾ ਸੀ। ਸਾਡੇ ਪਿਤਾ ਜੀ ਜਿਨ੍ਹਾਂ ਨੂੰ ਅਸੀਂ ਸਭ ਬਾਪੂ ਜੀ ਆਖ ਕੇ ਬੁਲਾਉਂਦੇ ਸਾਂ, ਉਹ ਪਹਿਲਵਾਨ ਸਨ। ਸਾਡਾ ਪਰਿਵਾਰ ਨਾਮਧਾਰੀ ਪਰਿਵਾਰ ਤਾਂ ਮੁਢ ਤੋਂ ਹੀ ਸੀ, ਪਰ ਸਾਡੇ ਪਰਿਵਾਰ ਵਿਚ ਜਿਵੇਂ ਜਾਗ ਪੂਰੀ ਨਹੀਂ ਸੀ ਰਹਿ ਗਈ ਜਿਵੇਂ, ਥੋੜਾ ਯਾਂ ਬਗੈਰ ਤੱਤਾਂ ਤੋਂ ਖੱਟਾ ਲੱਗਣ ਨਾਲ ਦੁੱਧ ਸਹੀ ਨਾ ਜੰਮ ਕੇ ਦਹੀਂ ਵਧੀਆ ਨਹੀਂ ਬਣ ਸਕਦਾ, ਇਸ ਤਰ੍ਹਾਂ, ਜੱਟਾਂ ਵਾਲਾ ਹੀ ਨਾਮਧਾਰੀ ਪੁਣਾ ਸੀ। ਸਾਡੇ ਪਰਿਵਾਰ ਵਿਚ, ਜਦੋਂ ਸਾਡੇ ਚਾਚਾ ਜੀ ਸ. ਰਵੇਲ ਸਿੰਘ ਜੀ ਦਾ ਵਿਆਹ ਹੋਇਆ ਤਾਂ ਉਹ ਸਾਡਾ ਨਾਨਕਾ ਪਰਿਵਾਰ, ਚੰਗੇ ਨਾਮਧਾਰੀ ਸਨ। ਸਾਡਾ ਨਾਨਕਾ ਪਰਿਵਾਰ ਮੈਂ ਇਸ ਵਾਸਤੇ ਲਿਖ ਰਹੀ ਹਾਂ ਕਿਉਂਕਿ ਸਾਡੇ ਚਾਚੀ ਜੀ, ਸਾਡੇ ਮਾਸੀ ਜੀ ਵੀ ਸਨ, ਸਾਡੇ ਬੀ. ਜੀ. (ਮਾਤਾ ਜੀ) ਤੇ ਸਾਡੇ ਮਾਸੀ ਜੀ ਆਪਸ ਵਿਚ ਤਾਏ ਚਾਚੇ ਦੀਆਂ ਧੀਆਂ ਭੈਣਾਂ ਸਨ। ਸਾਡੇ ਮਾਸੀ ਜੀ ਨੇ ਹੀ ਸਾਡੇ ਬਾਪੂ ਜੀ ਦਾ ਰਿਸ਼ਤਾ ਕਰਵਾਇਆ ਸੀ ਤੇ ਆਪਣੀ ਭੈਣ ਦਾ, ਸਾਡੇ ਬਾਪੂ ਜੀ ਹੋਰਾਂ ਨੂੰ ਪਹਿਲਵਾਨੀ ਦਾ ਸ਼ੌਕ ਹੋਣ ਕਰਕੇ, ਵਿਆਹ ਵਾਲੇ ਪਾਸੇ ਧਿਆਨ ਹੀ ਨਹੀਂ ਸੀ, ਉਹ ਘੁਲਦੇ ਸਨ ਤੇ ਖੁਰਾਕਾਂ ਖਾ ਕੇ ਆਪਣੇ ਸਰੀਰ ਨੂੰ ਦਰਸ਼ਨੀ ਸਰੀਰ ਬਣਾਉਣਾ ਚਾਹੁੰਦੇ ਸਨ, ਮਾਸੀ ਜੀ ਨੇ ਆਪਣੇ ਤੋਂ ਛੋਟੀ ਉਮਰ ਪਾਲ ਕੌਰ ਦਾ ਰਿਸ਼ਤਾ ਸਾਡੇ ਬਾਪੂ ਜੀ ਵਲ ਲੈ ਆਂਦਾ ਸੀ, ਕੁਛ ਸਿਖੀ ਵਿਚ ਸੰਪੂਰਣ ਹੋਣ ਕਰਕੇ ਤੇ ਕੁਛ ਆਪਣੀ ਭੈਣ ਦਾ ਰਿਸ਼ਤਾ ਘਰ ਵਿਚ ਲਿਆਉਣ ਕਰਕੇ ਸਾਡੇ ਮਾਸੀ ਜੀ ਜਿਨ੍ਹਾਂ ਦਾ ਪੇਕਾ ਨਾਂ ਤਾਂ ਬੀਬੀ ਤਾਰੋ ਸੀ ਪਰ ਸਹੁਰੇ ਘਰ ਵਿਚ ਉਹਨਾਂ ਦਾ ਨਾਂ ਸੁਖਵੰਤ ਕੌਰ ਰੱਖਿਆ ਸੀ, ਬਹੁਤ ਹੀ ਸਤਿਕਾਰ ਤੇ ਸਨਮਾਨ ਯੋਗ ਬਣ ਗਏ ਸਨ। ਸਾਡੇ ਮਾਸੀ ਜੀ ਦੇ ਦੋ ਭਰਾ ਸਨ ਵੱਡਾ ਸ. ਇੰਦਰ ਸਿੰਘ, ਤੇ ਛੋਟਾ ਸ. ਦਿਵਾਨ ਸਿੰਘ ਹਕੀਮ ਸੀ, ਸਾਡੇ ਬੀ. ਜੀ ਦੇ ਵੀ ਤਿੰਨ ਭਰਾ ਸਨ ਜਿਨ੍ਹਾਂ ਵਿਚ ਸਭ ਤੋਂ ਛੋਟਾ ਜੀਤ ਸਿੰਘ ਤਾਂ ਜਵਾਨੀ ਦੀ ਦਹਿਲੀਜ ਤੇ ਪੈਰ ਰੱਖਦਿਆਂ ਹੀ ਰੱਬ ਦੇ ਘਰ ਚਲੇ ਗਏ ਸਨ, ਤੇ ਦੂਸਰੇ ਦੋ ਭਰਾ ਵੱਡੇ ਮਹੰਤ ਦਲੀਪ ਸਿੰਘ ਪੰਛੀ, ਜਿਨ੍ਹਾਂ ਦੀਆਂ ਨਾਮਧਾਰੀ ਪੱਤਰ ਸਤਿਜੁਗ ਵਿਚ ਬਹੁਤ ਸਾਰੀਆਂ ਲਿਖਤਾਂ ਆਇਆ ਕਰਦੀਆਂ ਸਨ ਤੇ ਤੀਸਰੇ ਸਾਡੇ ਮਾਮਾ ਜੀ ਸ. ਹਰਨਾਮ ਸਿੰਘ ਸਨ। ਸਾਡੇ ਬਾਪੂ ਜੀ ਤੇ ਸਾਡੇ ਚਾਚਾ ਜੀ ਦਾ ਆਪਣੇ ਸਹੁਰੇ ਪਰਿਵਾਰ ਵਿਚ ਆਪਣੇ ਸਾਲਿਆਂ ਨਾਲ ਬਹੁਤ ਪਿਆਰ ਸੀ, ਜਿਸ ਕਰਕੇ ਸਾਡੇ ਬਾਪੂ ਜੀ ਜਦੋਂ ਕਦੀ ਆਪਣੇ ਸਹੁਰੇ ਜਾਂਦੇ ਤਾਂ ਮਹੀਨਾ ਮਹੀਨਾ ਹੀ ਉਹਨਾਂ ਦੇ ਸਾਲੇ ਜੋ ਕਿ ਉਹਨਾਂ ਦੇ ਹਮ-ਉਮਰ ਸਨ, ਉਹਨਾਂ ਨੂੰ ਵਾਪਿਸ ਪਿੰਡ ਨਾ ਪਰਤਣ ਦੇਂਦੇ। ਅੰਤਾਂ ਦਾ ਪਿਆਰ ਸੀ ਸਾਲਿਆਂ ਤੇ ਭਣੋਈਆਂ ਵਿਚ। ਦੋ ਭਰਾ ਚੰਦਾ ਸਿੰਘ ਤੇ ਛੋਟਾ ਹਜਾਰਾ ਸਿੰਘ ਵੀ ਉਹਨਾਂ ਦੇ ਤਾਏ ਚਾਚੇ ਦੇ ਪੁੱਤਰ ਸਨ। ਸਾਰੇ ਹੀ ਆਪਸ ਵਿਚ ਰਲ ਮਿਲ ਕੇ ਜੋਰ ਕਰਦੇ ਤੇ



Namdhari Elibrary NamdhariElibrary@gmail.com

ਘੁਲਦੇ ਰਹਿੰਦੇ ਸਨ। ਉਹਨਾਂ ਦੇ ਘਰ ਵਿਚ ਸਿੱਖੀ ਹੋਣ ਕਰਕੇ ਸਾਡੇ ਮਾਸੀ ਜੀ ਵੀ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਬਹੁਤ ਸ਼ਰਧਾਲੂ ਸਨ, ਜਿਸ ਕਰਕੇ ਸ਼ਰਧਾ ਤੇ ਪ੍ਰੇਮ ਦੇ ਖਿੱਚੇ ਹੋਏ ਕਈ ਵਾਰ ਸਾਡੇ ਪਿੰਡ ਵਿਚ ਸੱਚੇ ਪਾਤਸ਼ਾਹ ਦਾ ਦੌਰਾ ਆਉਂਦਾ ਤੇ ਬਾਗ ਵਿਚ ਹੀ ਬਾਹਰ ਸਿੱਖਾਂ ਦਾ ਸਾਧਾਂ ਦਾ ਡੇਰਾ ਲੁਆ ਦੇਂਦੇ। ਬਹੁਤ ਵਾਰ ਹੀ ਸੱਚੇ ਪਾਤਸ਼ਾਹ ਸਿੱਖਾਂ ਨੂੰ ਭੇਜ ਕੇ ਸਨੇਹਾ ਦੇਂਦੇ ਕਿ "ਬਾਗ ਵਿਚ ਲੰਗਰ ਪਕਾ ਕੇ ਲਿਆਓ। ਨਾਲ ਹੀ ਸਿੱਖਾਂ ਨੂੰ ਕਹਿ ਕੇ ਭੇਜਦੇ ਕਿ ਲੰਗਰ ਦੇ ਵਿਚ ਸ਼ੱਕਰ ਘਿਓ ਜ਼ਰੂਰ ਲਿਆਉਣਾ।" ਸਾਡੇ ਮਾਸੀ ਜੀ ਹਮੇਸ਼ਾ ਤੋਂ ਹੀ ਸੋਧ ਰੱਖਦੇ ਸਨ ਤਦ ਹੀ ਸੱਚੇ ਪਾਤਸ਼ਾਹ ਉਹਨਾਂ ਦੇ ਹੱਥ ਦਾ ਪੱਕਿਆ ਲੰਗਰ ਛੱਕ ਲੈਂਦੇ ਸਨ।

ਇਹ ਗੱਲ ਤਾਂ ਸਾਡੇ ਵੇਖਣ ਦੀ ਹੈ, 'ਮੋਗੀਵਾਲਾ' ਪਿੰਡ ਜਿਸ ਦਾ ਨਾਮ ਸਾਡੇ ਚਾਚਾ ਜੀ ਦੇ ਤੀਸਰੇ ਪੁੱਤਰ ਅਮਰਜੀਤ ਸਿੰਘ ਜੋ ਕਿ ਪਾਇਲੈਟ ਸਨ, ਉਹ ੧੯੬੫ ਵਿਚ ਸ਼ਹੀਦ ਹੋ ਗਏ ਸਨ ਇਸ ਵਾਸਤੇ ਸਰਕਾਰ ਨੇ ਉਹਨਾਂ ਦੇ ਨਾਂ ਤੇ ਸਨਮਾਨ ਵੱਜੋਂ ਉਹਨਾਂ ਦੇ ਪਿੰਡ ਦਾ ਨਾਮ ਮੋਗੀਵਾਲਾ ਤੋਂ ਅਮਰਜੀਤਪੁਰਾ ਰੱਖ ਕੇ ਬੱਸ ਸਟਾਪ ਦੇ ਉੱਤੇ ਬੋਰਡ ਲਾ ਦਿੱਤਾ ਸੀ। ਅਮਰਜੀਤ ਸਿੰਘ ਤੋਂ ਛੋਟਾ ਸੁਖਦੇਵ ਸਿੰਘ ਵੀ ਜੋ ਹਾਲੇ ਕੁਆਰਾ ਹੀ ਸੀ, ਉਹ ਵੀ ਜਹਾਜ਼ ਹਾਦਸਾ-ਗ੍ਰਸਤ ਹੀ ਹੋਇਆ ਸੀ।

ਸੱਚੇ ਪਾਤਸ਼ਾਹ ਜਦੋਂ ਵੀ ਕਦੇ ਇਸ ਰੋਡ ਤੋਂ ਲੰਘਦੇ ਤਾਂ ਪ੍ਰੇਮ ਦੇ ਖਿੱਚੇ ਹੋਏ ਘਰ ਜ਼ਰੂਰ ਹੋ ਕੇ ਜਾਂਦੇ ਸਨ। ਕਈ ਵਾਰ ਅਸਾਂ ਮਾਸੀ ਜੀ ਨੂੰ ਲੰਗਰ ਪਕਾ ਕੇ ਇਹ ਕਹਿੰਦਿਆਂ ਵੇਖਿਆ ਸੀ ਕਿ "ਆ ਕੇ ਭੋਗ ਲਾਵੇਗਾ ਤਾਂ ਹੀ ਲੰਗਰ ਛਕਾਂਗੇ ਨਹੀਂ ਤਾਂ ਨਹੀਂ। ਤੇ ਉਹ ਰੂਹਾਨੀ ਟੈਲੀਫੋਨ ਸੱਚੇ ਪਾਤਸ਼ਾਹ ਦੇ ਕੋਲ ਪਹੁੰਚ ਹੀ ਜਾਂਦਾ ਤੇ ਉਹ ਜ਼ਰੂਰ ਹੀ ਆ ਜਾਂਦੇ, ਤੇ ਆਖਦੇ, "ਬੀਬੀ ਤਾਰੋ ਤੇਰਾ ਸੰਦੇਸ਼ਾ ਪਹੁੰਚ ਗਿਆ ਸੀ...ਲਿਆ ਛਕਾ ਸਾਨੂੰ ਪ੍ਰਸਾਦਾ।" ਗੱਲ ਕੀ ਸਾਡੇ ਮਾਸੀ ਜੀ ਨੇ ਸਾਰੀ ਉਮਰ ਹੀ ਸੋਧ ਮਰਯਾਦਾ ਵਿਚ ਹੀ ਲੰਘਾਈ ਸੀ।

ਹਾਂ ਤੇ ਗੱਲ ਕਰ ਰਹੇ ਸਾਂ ਪਾਕਿਸਤਾਨ ਦੀ—ਸੱਚੇ ਪਾਤਸ਼ਾਹ ਨੇ ਪਿੰਡਾਂ ਵਿਚ ਦੌਰੇ ਕਰਨੇ, ਤੇ ਮੌਜ ਵਿਚ ਆ ਕੇ ਹੀ ਕਹਿ ਦੇਣਾ 'ਹੈ ਭਈ ਹੈ ਕੋਈ ਤੁਹਾਡੇ ਪਿੰਡ ਵਿਚ ਘੁਲਣ ਵਾਲਾ ਜੋ ਸਾਡੇ ਪਹਿਲਵਾਨ (ਸਾਡੇ ਬਾਪੂ ਜੀ ਸ. ਲਛਮਣ ਸਿੰਘ) ਦੇ ਨਾਲ ਘੁਲੇ। ਸਾਡੇ ਬਾਪੂ ਜੀ ਨੂੰ ਸਭ ਹੀ ਗਿਆਨੀ ਜੀ ਕਹਿ ਕੇ ਬੁਲਾਉਂਦੇ ਸਨ) ਸੋ ਸੱਚੇ ਪਾਤਸ਼ਾਹ ਨੇ ਸਾਡੇ ਬਾਪੂ ਜੀ ਨੂੰ ਬਿਨਾਂ ਦੱਸੇ ਪੁੱਛੇ ਹੀ ਲੋਕਾਂ ਦੇ ਪਿੰਡ ਵਿਚ ਝੰਡੀ ਬੰਨ੍ਹ ਦੇਣੀ।

ਇਕ ਵਾਰ ਦੀ ਗੱਲ ਸਾਡੇ ਬਾਪੂ ਜੀ ਦੱਸਦੇ ਹੁੰਦੇ ਸਨ—ਸੱਚੇ ਪਾਤਸ਼ਾਹ ਨੇ ਇਕ ਮੁਸਲਮਾਨ ਪਹਿਲਵਾਨ ਨਾਲ ਝੰਡੀ ਬੰਨ੍ਹ ਕੇ ਮੈਨੂੰ ਬੁਲਾ ਲਿਆ ਤੇ ਕਹਿਣ ਲੱਗੇ "ਲਛਮਣ ਸਿਹਾਂ ਅੱਜ ਤੇਰਾ ਘੋਲ ਵੇਖਣਾ ਏ" ਮੈਂ ਕਿਹਾ ਸੱਚੇ ਪਾਤਸ਼ਾਹ ਜਿਵੇਂ ਤੁਹਾਡੀ ਰਜਾ' ਜਦ ਪਹਿਲਵਾਨ ਆਇਆ ਤਾਂ ਵੇਖ ਕੇ ਮੈਂ ਹੈਰਾਨ ਹੋ ਗਿਆ। ਏਡਾ ਜਵਾਨ ਭਾਰਾ ਮੋਟਾ, ਪਹਿਲਵਾਨ (ਬਾਪੂ ਜੀ ਸਾਡੇ ਲੰਮੇ ਉਚੇ ਜਵਾਨ ਤਾਂ ਬਹੁਤ ਸਨ ਪਰ ਮੋਟੇ ਭਾਰੇ ਨਹੀਂ ਸਨ) ਮੈਂ ਵੇਖ ਕੇ ਸੋਚਿਆ ਇਹ ਏਡਾ ਮੋਟਾ, ਜੇ ਇਹਨੇ ਮੈਨੂੰ ਥੱਲੇ ਦੇ ਲਿਆ ਤਾਂ...। ਮੈਂ ਸੋਚ ਰਿਹਾ ਸਾਂ ਕਿ ਸੱਚੇ ਪਾਤਸ਼ਾਹ ਕਹਿਣ ਲੱਗੇ—ਸੋਚ ਕੀ ਰਿਹਾ ਏਂ ਲਛਮਣ ਸਿਹਾਂ ਆਜਾ ਨਿਕਲ ਆ ਅੱਗੇ...। ਮੈਂ ਮਨ ਵਿਚ ਸੋਚਿਆ ਤੇਰੀ ਕ੍ਰਿਪਾ ਹੋਵੇਗੀ ਤਾਂ ਹੀ ਨਾ।' ਉਹੋ ਹੀ ਗੱਲ ਹੋਈ ਦਸਤਪੰਜਾ ਲੈਂਦਿਆ ਸਾਰ ਹੀ, ਮੈਂ ਦਾਅ-ਪੇਚ ਮਾਰਿਆ ਤਾਂ ਪਤਾ ਹੀ ਨਾ ਲੱਗਾ ਕਿ ਕਦੋਂ ਤੇ ਕਿਵੇਂ, ਉਹ ਮੋਟਾ ਭਾਰਾ ਮੁਸਲਮਾਨ ਪਹਿਲਵਾਨ ਮੇਰੇ ਥੱਲੇ ਤੇ ਮੈਂ ਉਤੇ। ਉਦੋਂ ਸੱਚੇ ਪਾਤਸ਼ਾਹ ਨੇ ਆਪਣੇ ਹੱਥੀਂ ਮੈਨੂੰ ਵੀ ਇਨਾਮ ਦਿੱਤਾ ਤੇ ਉਸ ਦੂਸਰੇ ਪਹਿਲਵਾਨ ਨੂੰ ਵੀ।

ਫੇਰ ੧੯੪੭ ਦਾ ਸਾਲ ਚੜ੍ਹ ਪਿਆ, ਸੱਚੇ ਪਾਤਸ਼ਾਹ ਨੇ ਜੀਵਨ ਨਗਰ ਇਲਾਕਾ ਖਰੀਦ ਕੇ ਆਪਣੇ ਸਿੱਖਾਂ ਨੂੰ ਪਾਕਿਸਤਾਨ ਵਾਲੇ ਘਰ ਛੱਡ ਦੇਣ ਨੂੰ ਕਿਹਾ ਤਾਂ ਬਹੁਤ ਸਾਰੇ ਸਿੱਖ ਤਾਂ ਬਚਨ ਮੰਨ ਕੇ ਘਰ ਛੱਡ ਕੇ ਆਪਣਾ ਸਮਾਨ ਨਾਲ ਲੈ ਕੇ ਏਧਰ ਆ ਗਏ ਤੇ ਸਾਰੇ ਨਾ ਉਠੇ, ਪਰ ਜਦੋਂ ਗ਼ਦਰ ਜ਼ੋਰ ਤੇ ਹੋਇਆ ਤਾਂ ਆਪਣਾ ਪਿੰਡ ਛੱਡਿਆ। ਕਾਫਲੇ ਦੇ ਰੂਪ ਵਿਚ, ਘਰਾਂ ਦੇ ਸਾਰੇ ਆਦਮੀ ਚਲ ਪਏ। ਸਿਰਫ ਜਨਾਨੀਆਂ ਹੀ ਕੈਂਪ ਜਾਂ ਫਿਰ ਇਕ ਜਾਂ ਦੋ ਆਦਮੀ ਪਰਿਵਾਰ ਨਾਲ ਹੁੰਦਾ ਸੀ। ਅਸੀਂ ਅਜੇ ਛੋਟੀਆਂ ਹੀ ਸਾਂ, ਸਾਡਾ ਭਰਾ ਕੋਈ ਨਹੀਂ ਸੀ, ਸਾਡੇ ਤਾਇਆ ਜੀ ਦਾ ਪੁੱਤਰ ਹੀ ਸਾਡੇ ਪਿਤਾ ਜੀ ਪਾਸ ਰਹਿੰਦਾ ਸੀ ਜਿਹਦੀਆਂ ਅੱਖਾਂ ਦੀ ਜੋਤ, ਬੀਮਾਰੀ ਪੈਣ ਕਰਕੇ ਚਲੀ ਗਈ ਸੀ, ਤੇ ਉਸ ਬੀਮਾਰੀ ਨਾਲ ਸਾਰਾ ਪਰਿਵਾਰ ਹੀ ਖਤਮ ਹੋ ਗਿਆ ਸੀ। ਉਹ ਵੀ ਤੇ ਸਾਡੇ ਬਾਪੂ ਜੀ ਕਾਫ਼ਲੇ ਦੇ ਨਾਲ ਆਪਣੇ ਗੱਡੇ ਲੈ ਕੇ ਉਸਦੇ ਉਤੇ ਕੋਈ ਮਾੜਾ ਮੋਟਾ ਸਮਾਨ ਲੱਦ ਕੇ ਤੇ ਨਾਲ ਹੀ ਆਪਣੇ ਪਸ਼ੂ ਵੀ ਲੈ ਕੇ ਚੱਲ ਪਏ ਸਨ। ਤੇ ਅਸੀਂ ਸਭ ਹੀ, ਸਾਡੇ ਚਾਚਾ ਜੀ ਰਾਤ ਹੀ ਲਾਇਲਪੁਰ ਤੋਂ ਬੱਸ ਕਿਰਾਏ ਤੇ ਕਰਵਾ ਲਿਆਏ ਸਨ। ਸਾਡੇ ਵੱਡੇ ਤਾਂ ਸਹਿਮੇ ਹੋਏ ਸਨ ਕਿ ਕੀ ਬਣੇਗਾ? ਜਾਨ ਮਾਲ ਨੂੰ ਖਤਰਾ ਸੀ, ਘਰ ਜ਼ਮੀਨ-ਜਾਇਦਾਦ ਨੂੰ ਛੱਡ ਕੇ ਘਰੋਂ ਬੇਘਰ ਹੋ ਜਾਣਾ, ਕੋਈ ਸੌਖਾ ਨਹੀਂ ਹੁੰਦਾ, ਪਰ ਸਾਨੂੰ ਵਿਆਹ ਜਿਨ੍ਹਾਂ ਚਾਅ ਸੀ ਜਿਵੇਂ ਸਵੇਰੇ ਬਰਾਤ ਨਾਲ ਜਾਣਾ



Namdhari Elibrary NamdhariElibrary@gmail.com

ਹੋਵੇ। ਜਿਹੜੀ ਰਾਤ ਸਾਡੇ ਵੱਡਿਆਂ ਲਈ ਆਪਣੇ ਘਰ ਬਾਹਰ ਨੂੰ ਛੱਡ ਕੇ ਆਪਣੀ ਜਨਮ ਭੂਮੀ ਦੇ ਮੋਹ ਨੂੰ ਤਿਆਗਣ ਵਾਸਤੇ ਅੰਤਾਂ ਦੀ ਦੁਖਦਾਈ ਸੀ, ਉਹੀ ਰਾਤ ਸਾਡੀ ਨਿਆਣੀ ਤੇ ਬੇਸਮਝ ਸੋਚ ਵਾਸਤੇ ਬਹੁਤ ਹੀ ਖੁਸ਼ੀ ਭਰੀ ਸੀ। ਕਿਉਂਕਿ ਅਸਾਂ ਸਵੇਰੇ, ਬੱਸ ਤੇ ਹੂਟੇ ਲੈਣੇ ਸਨ, ਤੇ ਨਵੇਂ ਨਵੇਂ ਥਾਂ ਵੇਖਦੇ ਹੋਏ ਨਵੇਂ ਥਾਂ ਤੇ ਜਾਣਾ ਸੀ। ਅਸੀਂ ਸਵੇਰੇ ਬੱਸ ਤੇ ਚੜ੍ਹ ਕੇ ਸਾਰੇ ਘਰਾਂ ਦੇ ਬੱਚੇ ਖੁਸ਼ੀ ਖੁਸ਼ੀ ਨੱਚ ਟਪ ਰਹੇ ਸਾਂ ਤੇ ਸਾਡੇ ਨਾਲ ਸਾਡੀਆਂ ਮਾਵਾਂ ਚਾਚੀਆਂ ਤਾਈਆਂ ਸਭ ਹੀ ਰੱਬ ਨੂੰ ਯਾਦ ਕਰ ਕਰਕੇ ਆਪਣੀਆਂ, ਆਪਣੇ ਧੀਆਂ ਪੁੱਤਰਾਂ, ਤੇ ਮਾਪਿਆਂ ਤੇ ਸਾਕ ਸਨਬੰਧੀਆਂ ਦੀ ਜਾਨ ਦੀ ਸੁਖ ਮੰਗ ਰਹੀਆਂ ਸਨ। ਕੋਈ ਗੁਰਬਾਣੀ ਦੇ ਸ਼ਬਦ ਆਉਂਦੇ ਨਾ ਆਉਂਦੇ ਪੜ੍ਹਦੀਆਂ, ਕੋਈ ਬਿਸ਼ਨਪਦੇ ਤੇ ਕੋਈ ਬਾਬੇ ਫਰੀਦ ਕਬੀਰ ਦੇ ਦੋਹੇ ਹੀ ਪੜ੍ਹੀ ਜਾ ਰਹੀਆਂ ਸਨ। ਆਪਣੀ ਤੇ ਆਪਣੇ ਬੱਚਿਆਂ ਦੀ ਜਾਨ ਦੀ ਖੈਰ ਮੰਗ ਰਹੀਆਂ ਸਨ, ਤੇ ਨਾਲ ਹੀ ਆਪਣੇ ਸੁਹਾਗ ਦੀ ਤੇ ਕਾਫਲੇ ਨਾਲ ਤੋਰੇ ਹੋਏ ਆਪਣੇ ਜਵਾਨ ਪੁੱਤਰਾਂ ਦੀ ਖੈਰ ਸੁਖ ਮੰਗ ਰਹੀਆਂ ਸਨ।

ਪਿੰਡ ਤੋਂ ਤੁਰੀ ਬੱਸ ਜੜ੍ਹਾਂਵਾਲੇ ਪਹੁੰਚ ਗਈ ਸੀ, ਉਥੇ ਚਾਚਾ ਜੀ ਸ. ਰਵੇਲ ਸਿੰਘ ਜੋ ਕਿ ਸਾਡੀ ਸਭ ਦੀ ਹਿਫ਼ਾਜਤ ਵਾਸਤੇ ਸਾਡੇ ਨਾਲ ਸਨ ਟਰੱਕ ਲੈ ਆਏ, ਵੇਖਦਿਆਂ ਵੇਖਦਿਆਂ ਹੀ ਟਰੱਕ ਜੀਆਂ ਨਾਲ ਭਰ ਗਿਆ, ਤੇ ਰਹਿ ਗਿਆ ਸਾਡੇ ਆਪਣੇ ਹੀ ਪਰਵਾਰਿਕ ਮਹਿਰਿਆਂ ਦਾ ਸਾਰਾ ਹੀ ਟੱਬਰ ਬਾਬਾ ਬਲਾਕੀ ਤੇ ਉਹਦਾ ਪਰਿਵਾਰ...।

ਉਹਨਾਂ ਨੂੰ ਇਕੱਲਿਆਂ ਉਥੇ ਛੱਡਣ ਤੋਂ ਗੁਰੇਜ ਕਰਦੇ ਹੋਏ ਸਾਡੇ ਬੀਜੀ ਦਾ ਨੰਬਰ ਲਾਇਆ ਗਿਆ ਕੈਂਪ ਵਿਚ, ਤਾਂ ਕਿ ਉਹ ਇਹ ਨਾ ਸੋਚਣ ਕਿ ਭੀੜ ਬਣੀ ਤੇ ਸਾਨੂੰ ਸਾਰੇ ਪਰਿਵਾਰ ਨੂੰ ਇਕੱਲਿਆਂ ਹੀ ਛੱਡ ਗਏ ਹਨ। ਅਸੀਂ ਪੰਜ ਭੈਣਾਂ ਸਾਂ। ਪੁੱਤਰ ਵਰਗੀ ਦਾਤ ਪ੍ਰਾਪਤ ਕਰਦਿਆਂ ਕਰਦਿਆਂ ਪੰਜ ਧੀਆਂ ਨੇ ਹੀ ਆ ਕੇ ਘੇਰਾ ਪਾ ਲਿਆ ਸੀ ਮਾਂ ਬਾਪ ਨੂੰ...।

ਸੋ ਸਾਡੇ ਪੰਜਾਂ ਭੈਣਾਂ ਵਿਚੋਂ ਅਸੀਂ ਤਿੰਨ ਤਾਂ ਪਤਾ ਨਹੀਂ ਕਿਵੇਂ ਟਰੱਕ ਤੇ ਚੜ੍ਹ ਗਈਆਂ, ਪਰ ਸਾਡੇ ਬੀਜੀ ਦੋ ਧੀਆਂ ਨੂੰ ਹਿੱਕ ਨਾਲ ਲਾ ਕੇ ਉਸ ਪਰਿਵਾਰ ਵਿਚ ਹੀ ਬੈਠੇ ਰਹਿ ਗਏ।

ਟਰੱਕ ਲਾਹੌਰ ਵਲ ਜਾ ਰਿਹਾ ਸੀ। ਰਸਤੇ ਵਿਚ ਠੰਡ ਬਣ ਗਈ ਸੀ। ਜਿਨ੍ਹਾਂ ਕੋਲ ਕੱਪੜੇ ਸਨ ਉਹ ਤਾਂ ਠੰਡ ਤੋਂ ਬਚ ਗਏ ਸਨ ਪਰ ਜਿਨ੍ਹਾਂ ਕੋਲ ਕੱਪੜੇ ਨਹੀਂ ਸਨ ਸਾਡੇ ਤਿੰਨ ਭੈਣਾਂ ਵਰਗੇ ਠੰਡ ਨਾਲ ਠਰੂੰ ਠਰੂੰ ਕਰ ਰਹੀਆਂ ਸਨ। ਸਾਡੀ ਹਾਲਤ ਤਰਸਯੋਗ ਵੇਖ ਕੇ ਸਾਡੀ ਗੁਆਂਢਣ ਲਾਜਵੰਤੀ ਨੇ ਜੋ ਬਜਾਜ ਜਾਤੀ ਦੀ ਸੀ, ਉਸਨੇ ਕਾਲੀਆਂ ਡੱਬੀਆਂ ਵਾਲਾ ਖੇਸ ਦੇ ਦਿੱਤਾ। ਲਾਹੌਰ ਰਾਹ ਵਿਚ ਗੱਡੀ ਦੀ ਲਾਈਨ ਸੀ ਉਥੇ ਟਰੱਕ ਰੁਕਿਆ ਸਭ ਹੀ ਉਠ ਕੇ ਆਲੇ ਦੁਆਲੇ ਨੂੰ ਵੇਖਣ ਲੱਗੇ ਕਿ ਟਰੱਕ ਰੁਕਣ ਦਾ ਕਾਰਣ ਕੀ ਹੈ? ਜਾਂ ਵੇਖਿਆ ਤਾਂ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ ਰੇਤ ਦੇ ਟਿਬਿਆਂ ਦੇ ਵਾਂਗ ਲਾਸ਼ਾਂ 'ਤੇ ਲਾਸ਼ਾਂ ਚੜ੍ਹੀਆਂ ਪਈਆਂ ਸਨ, ਕੋਈ ਅੱਧ-ਮਰੇ ਸਹਿਕਦੇ ਵੀ...। ਚਾਚਾ ਜੀ ਟਰੱਕ ਤੋਂ ਉਤਰੇ। ਉਨ੍ਹਾਂ ਨੇ ਲਾਸ਼ਾਂ ਵਿਚ ਇਕ ਲਾਸ਼ ਵੇਖੀ ਜੋ ਉਹਨਾਂ ਦਾ ਬਹੁਤ ਹੀ ਪਿਆਰਾ ਮੁਸਲਮਾਨ ਮਿੱਤਰ ਸੀ, ਉਹਦੇ ਗੁੱਟ ਤੇ ਘੜੀ ਬੰਨ੍ਹੀ ਹੋਈ ਸੀ ਹੱਥੀਂ ਉਂਗਲਾਂ ਵਿਚ ਦੋ ਸੋਨੇ ਦੀਆਂ ਛਾਪਾਂ ਪਾਈਆਂ ਹੋਈਆਂ ਸਨ ਸ਼ਾਇਦ ਉਹ ਦਰਿੰਦੇ ਜਾਲਮਾਂ ਦੇ ਨਜਰੀਂ ਨਹੀਂ ਸਨ ਚੜ੍ਹੀਆਂ। ਉਸ ਚਾਚਾ ਜੀ ਦੇ ਮੁਸਲਮਾਨ ਮਿੱਤਰ ਤੋਂ ਪਤਾ ਲੱਗਾ ਸੀ ਕਿ ਇਹ ਗੱਡੀ ਪਾਕਿਸਤਾਨ ਨੂੰ ਜਾ ਰਹੀ ਸੀ ਜੋ ਕਿ ਹਿੰਦੂਆਂ ਦੀ ਕਰਤੂਤ ਸੀ ਸ਼ਾਇਦ ਇਹ ਬਦਲਾ ਲਿਆ ਗਿਆ ਸੀ ਜੋ ਮੁਸਲਮਾਨਾਂ ਨੇ ਪਾਕਿਸਤਾਨ 'ਚੋਂ ਆ ਰਹੀ ਗੱਡੀ ਨੂੰ ਰੋਕ ਕੇ ਕਤਲੇਆਮ ਮਚਾਇਆ ਸੀ ਤੇ ਮੌਤ ਤੋਂ ਭੈਭੀਤ ਹੋਏ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਚਾਚਾ ਜੀ ਉਸ ਵੇਲੇ ਧਾਹੀਂ ਮਾਰ ਮਾਰ ਕੇ ਰੋਏ ਸਨ, ਆਪਣੇ ਮਿੱਤਰ ਪਿਆਰੇ ਦੀ ਲਾਸ਼ ਨੂੰ ਕਲਾਵੇ 'ਚ ਲਿਆ ਸੀ ਅਤੇ ਵੈਣਾਂ ਵਰਗੇ ਸ਼ਬਦਾਂ ਨਾਲ ਉਸਦੇ ਪਿਆਰ ਦਾ ਇਜ਼ਹਾਰ ਕੀਤਾ ਸੀ। ਸ਼ਾਇਦ ਓਹਨਾਂ ਦਾ ਸਾਰਾ ਪਰਵਾਰ ਹੀ ਖਤਮ ਹੋ ਚੁੱਕਾ ਸੀ। ਸਾਰੇ ਉਤਰ ਗਏ ਟਰੱਕ ਤੋਂ। ਚਾਚਾ ਜੀ ਨੂੰ ਬਾਹੋਂ ਫੜ ਫੜ ਆਖਣ, "ਤੁਸੀਂ ਹੁਣ ਉਠੋ ਤੇ ਅੱਗੇ ਨੂੰ ਤੁਰੀਏ...ਪਤਾ ਨਹੀਂ ਆਪਣੇ ਨਾਲ ਅਜੇ ਕੀ ਹੋਣਾ ਏਂ?" ਅਸੀਂ ਹੀ ਉਹਨਾਂ ਨੂੰ ਟਰੱਕ ਵਿਚ ਬਿਠਾਇਆ ਤੇ ਅੰਮ੍ਰਿਤਸਰ ਨੂੰ ਤੁਰ ਪਏ। ਦੂਰੋਂ ਅੱਗਾਂ ਦੀਆਂ ਲਾਟਾਂ ਦਿਸਣ ਤੇ ਸਾਰੇ ਕਹਿਣ—ਪਤਾ ਨਹੀਂ ਕਿਹੜੇ ਸ਼ਹਿਰ ਨੂੰ ਅੱਗ ਲੱਗੀ ਏ! ਕਿਤੇ ਬੱਸਾਂ ਸੜ ਰਹੀਆਂ ਨੇ, ਕਿਤੇ ਟਰੱਕ ਸੜ ਰਹੇ ਨੇ। ਕੋਈ ਆਖੇ ਪਿੰਡਾਂ ਦੇ ਪਿੰਡ ਸੜ ਗਏ ਨੇ। ਪਤਾ ਨਹੀਂ ਕਿੰਨੀ ਕੁ ਦੁਨੀਆ ਸੜ ਸੜ ਸਵਾਹ ਹੋ ਚੁੱਕੀ ਸੀ। ਟਰੱਕ ਤੁਰਿਆ ਜਾ ਰਿਹਾ ਸੀ, ਸਾਰੇ ਆਪਣੇ ਆਪਣੇ ਅੰਦਰ ਕੁਝ ਨਾ ਕੁਝ ਸੋਚੀ ਜਾ ਰਹੇ ਸਨ। ਫਿਰ ਗੱਡੀ ਰੋਕੀ ਗਈ। ਕਹਿਣ-ਕੁਝ ਨਾ ਕੁਝ ਖਾ ਪੀ ਲਓ। ਅੰਮ੍ਰਿਤਸਰ ਆਉਣ ਹੀ ਵਾਲਾ ਏ, ਬੱਚੇ ਰੋ ਰਹੇ ਸਨ। ਇਕ ਦੁਕਾਨ ਤੋਂ ਬੱਚਿਆਂ ਲਈ ਦੁੱਧ ਲਿਆ ਤੇ ਫਿਰ ਟੁਰ ਪਏ...ਤੇ ਪਤਾ ਨਹੀਂ ਕਦੋਂ ਅੰਮ੍ਰਿਤਸਰ ਆ ਕੇ ਗੱਡੀ ਗੁਰਦੁਆਰੇ ਦੇ ਅੱਗੇ ਆ ਰੁੱਕ ਗਈ ਤੇ ਸਾਰਿਆਂ ਨੇ ਸੁੱਖ ਦਾ ਸਾਹ ਲਿਆ। ਅਸੀਂ ਸਾਰਿਆਂ ਉਤਰ ਕੇ ਲੰਗਰ ਪਾਣੀ ਛਕਿਆ ਤੇ ਅਰਾਮ ਕਰਨ ਲੱਗੇ।

ਸਾਰੇ ਆਪਣੇ ਆਪਣੇ ਪਰਿਵਾਰਾਂ ਵਿਚ ਬੈਠੇ ਸਨ, ਪਰ ਅਸੀਂ ਤਿੰਨੇ ਭੈਣਾਂ 'ਕੱਲੀਆਂ ਰਹਿ ਗਈਆਂ ਸਾਂ। ਵੱਡੀ ਭੈਣ



Namdhari Elibrary NamdhariElibrary@gmail.com

ਦੋ ਇਕ ਪਾਸੇ ਮੈਂ ਅਤੇ ਇਕ ਪਾਸੇ ਜਗੀਰ ਬਹਿ ਕੇ ਕਹਿ ਰਹੀਆਂ ਸਾਂ—"ਭੈਣ, ਆਪਣੇ ਬੀਜੀ ਤੇ ਬਾਪੂ ਜੀ ਮਿਲਣਗੇ ਕਿ ਨਾ?" ਪਰ ਭੈਣ ਰੋਈ ਜਾ ਰਹੀ ਸੀ ਤੇ ਸਾਨੂੰ ਘੁੱਟ-ਘੁੱਟ ਨਾਲ ਲਾਈ ਜਾ ਰਹੀ ਸੀ। ਏਨੇ ਨੂੰ ਰੌਲਾ ਜਿਹਾ ਪੈ ਗਿਆ ਸੀ, ਕਹਿਣ—ਸਾਰੇ ਮੁਸਲਮਾਨਾਂ ਦੀ ਗੱਡੀ ਆਈ ਏ। ਸਾਰੇ ਸਿੱਖ ਤੇ ਹਿੰਦੂ ਭੱਜ ਗਏ। ਥੋੜੇ ਚਿਰ ਪਿੱਛੋਂ ਫੇਰ ਰੌਲਾ ਪੈ ਗਿਆ-"ਬਹੁਤ ਮੁਸਲਮਾਨ ਮਾਰੇ ਨੇ ਲੋਕਾਂ...ਬਹੁਤ ਸਮਾਨ ਲੋਕਾਂ ਨੇ ਓਹਨਾਂ ਤੋਂ ਖੋਹ-ਖੋਹ ਕੇ ਆਂਦਾ ਏ।...ਤੇ ਕਈ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਸਨ।

ਚਾਚਾ ਜੀ ਨੂੰ ਦੋ ਜਣਿਆਂ ਨੇ ਫੜਿਆ ਹੋਇਆ ਸੀ। ਉਹਨਾਂ ਨੂੰ ਬੁਖਾਰ ਚੜ੍ਹਿਆ ਹੋਇਆ ਸੀ। ਉਹ ਵੀ ਗੱਡੀ ਵੇਖਣ ਗਏ ਹੋਏ ਸਨ। ਮੁਸਲਮਾਨਾਂ ਨੂੰ ਮਰਿਆਂ ਨੂੰ ਵੇਖ ਕੇ ਆਏ ਸਨ। ਉਹ ਬੇਸੁਰਤੀ ਵਿਚ ਆਖੀ ਜਾਂਦੇ ਸਨ—"ਓਏ ਨਾ ਮਾਰੋ, ਨਾ ਵੱਢੋ ਵਿਚਾਰਿਆਂ ਨੂੰ...ਬੱਚਿਆਂਨੂੰ ਕਿਉਂ ਮਾਰਦੇ ਓ ਇਹਨਾਂ ਤੁਹਾਡਾ ਕੀ ਗਵਾਇਆ ਏ? ...ਓਹ...ਹੋ ਐਨਾ ਖ਼ੂਨ ਗੱਡੀ ਸਾਰੀ ਭਰੀ ਪਈ ਏ... ਖ਼ੂਨ...ਖ਼ੂਨ! ਅਸੀਂ ਕਿਉਂ ਘਰੋਂ ਨਿਕਲੇ, ਕਿਉਂ ਇਹ ਕੁਝ ਵੇਖਣਾ ਪਿਆ ਸਾਨੂੰ ...ਰੱਬ ਇਹ ਕੀ ਕੀਤਾ ਈ?"-ਤੇ ਰੋਈ ਜਾ ਰਹੇ ਸਨ। ਸਾਰੇ ਚੁੱਪ ਕਰਾ ਜਾਂਦੇ ਸਨ ਉਹਨਾਂ ਨੂੰ। ਬਹੁਤਾ ਰੌਲਾ ਪੈ ਰਿਹਾ ਸੀ—ਕਿਹੋ ਜਿਹੇ ਟਿਕ ਆ ਗਏ ਨੇ। ਫਿਰ ਪਤਾ ਨਹੀਂ ਕਦੋਂ ਅਸੀਂ ਸਾਰੇ ਸੌਂ ਗਏ। ਦਿਨ ਚੜ੍ਹਿਆ ਤਾਂ ਕੀ ਹੋਇਆ-ਨਾਲ ਦੇ ਕਮਰੇ ਵਿਚੋਂ ਕੁਝ ਬੰਦੇ ਬਾਹਰ ਨਿਕਲੇ। ਉਹਨਾਂ ਆਪਣੇ ਮੂੰਹ ਬੱਧੇ ਹੋਏ ਸਨ। ਫਿਰ ਲੋਕਾਂ ਅੰਦਰ ਜਾ ਕੇ ਵੇਖਿਆ, ਉਹਨਾਂ ਨੇ ਉਥੇ ਮੋਤੀ ਤੇ ਧਾਗੇ (ਜੋ ਕੈਂਠਿਆਂ ਨੂੰ ਹਾਰਾਂ ਨੂੰ ਪਾਏ ਹੁੰਦੇ ਨੇ) ਉਥੇ ਸੁੱਟ ਗਏ ਸਨ। ਇਸ ਗੱਲ ਤੋਂ ਪਤਾ ਲੱਗਦਾ ਸੀ ਕਿ ਓਹ ਵੀ ਉਸ ਗੱਡੀ 'ਚੋਂ ਲੁੱਟ ਮਾਰ ਕਰਕੇ ਆਏ ਸਨ। ਫਿਰ ਸਵੇਰੇ ਸਾਡੀ ਗੱਡੀ ਤੁਰੀ ਤੇ ਛੇਹਰਟੇ ਜਾ ਰੁੱਕੀ, ਜਿਥੇ ਸਾਡੇ ਭੂਆ ਜੀ ਰਹਿੰਦੇ ਸਨ। ਉਹ ਅੰਮ੍ਰਿਤਸਰ ਦੇ ਕੋਲ ਹੀ ਹੈ। ਉਥੇ ਹੀ ਸਾਡੇ ਪਿੰਡ ਦਾ ਕਾਫਲਾ ਆ ਗਿਆ...ਤੇ ਉਥੇ ਹੀ ਸਾਡੇ ਬਾਪੂ ਜੀ ਤੇ ਬੀਜੀ ਵੀ ਆ ਗਏ। ਉਥੋਂ ਅਸੀਂ ਜੀਵਨ ਨਗਰ ਆ ਗਏ, ਫਿਰ ਮਿਰਜ਼ਾਪੁਰ ਤੇ ਫਿਰ ਮੋਰੀਵਾਲੇ ਪੱਕੀਆਂ ਅਲਾਟਾਂ ਹੋ ਗਈਆਂ ਤੇ ਅਸੀਂ ਓਥੇ ਤੁਰ ਗਏ।

ਅਸੀਂ ਸਾਰੇ ਮੋਰੀਵਾਲੇ, ਕੱਠੇ ਹੋ ਗਏ—ਮਾਮੇ ਵੀ ਤੇ ਚਾਚੇ ਵੀ। ਮਾਮੀ ਸਾਡੀ ਦੇ ਪੇਕਿਆਂ ਨਾਲ ਬਹੁਤ ਹੀ ਜ਼ੁਲਮ ਹੋਇਆ, ਓਹ ਵੀ ਏਸੇ ਤਰ੍ਹਾਂ ਪਾਕਿਸਤਾਨੋਂ ਆ ਰਹੇ ਸਨ। ਉਹਨਾਂ ਦੇ ਪਿੰਡ ਦਾ ਨਾਂਅ "ਕਿੱਤੇ" ਸੀ, ਪਤਾ ਨਹੀਂ ਕਿੱਤੇ ਕਦੋਂ ਸਨ ਕਿ ਉਸ ਤਰ੍ਹਾਂ ਨਾਂ ਸੀ। ਬਾਜਵੇ ਜਾਤ ਦੇ ਸਨ। ਉਹਨਾਂ ਦੀ ਗੱਡੀ ਵੀ ਜਦੋਂ ਤੁਰੀ ਸੀ, ਨਾਲ ਹੀ ਉਹਨਾਂ ਦੇ ਦੁਸ਼ਮਣ ਵੀ ਚੜ੍ਹ ਗਏ ਸਨ ਤੇ ਉਹਨਾਂ ਰਸਤੇ ਵਿਚ ਗੱਡੀ ਰੋਕ ਲਈ ਤੇ ਕਹਿਣ ਲੱਗੇ—"ਸਾਰੇ ਥੱਲੇ ਉਤਰੋ!" ਸਾਰੇ ਰੌਲਾ ਮਚ ਗਿਆ-ਕੀ ਹੋਇਆ...ਕਿਉਂ ਰੁੱਕ ਗਈ? ਮਾਮੀ ਜੀ ਦਾ ਵੱਡਾ ਭਰਾ ਸੀ ਅਰਜਨ ਸਿੰਘ। ਦੁਸ਼ਮਣ ਕਹਿਣ ਲੱਗੇ-ਅਸੀਂ ਤੁਹਾਨੂੰ ਕੁਝ ਨਹੀਂ ਕਹਿੰਦੇ, ਸਾਨੂੰ 'ਕੱਲਾ ਅਰਜਨ ਸਿੰਘ ਦੇ ਦਿਓ, ਉਹਨਾਂ ਦੀ ਓਹਦੇ ਨਾਲ ਦੁਸ਼ਮਣੀ ਸੀ। ਸਾਰੇ ਆਖਣ-ਅਸੀਂ ਕਿਵੇਂ ਆਪਣੇ ਹੱਥੀਂ ਜ਼ਾਲਮਾਂ ਨੂੰ ਦੇ ਦੇਈਏ। ਉਹਨਾਂ ਕੋਲ ਬਰਛੇ ਤੇ ਕਈ ਹਥਿਆਰ ਸਨ। ਇਹ ਖਾਲੀ ਹੱਥੀਂ ਸਨ। ਫੇਰ ਉਹਨਾਂ ਜ਼ਾਲਮਾਂ ਨੇ ਅਰਜਨ ਸਿੰਘ ਨੂੰ ਬਾਹਰ ਕੱਢ ਕੇ ਸਾਰਿਆਂ ਦੇ ਸਾਹਮਣੇ ਟੋਟੇ-ਟੋਟੇ ਕਰ ਦਿੱਤਾ। ਇਧਰੋਂ ਵੀ ਕੁਝ ਆਪਣੇ ਹਥਿਆਰ ਲੈ ਕੇ ਨਿਕਲੇ, ਪਰ ਥੱਲੇ ਬਹੁਤੇ ਮੁਸਲੇ ਸਨ, ਕੋਈ ਪੇਸ਼ ਨਾ ਗਈ। ਤੇ ਕਿੱਤਿਆਂ ਵਾਲਿਆਂ ਦਾ ਸਾਰਾ ਪਰਿਵਾਰ ਵੱਢ ਕੇ ਢੇਰ ਕਰ ਦਿੱਤਾ। ਸਿਰਫ ਇਹ ਸਾਡੇ ਮਾਮਾ ਜੀ ਦਾ ਲੜਕਾ ਬਚਿਆ, ਜੋ ਆਪਣੇ ਨਾਨਕੇ ਗਿਆ ਹੋਇਆ ਸੀ। ਉਹਨੂੰ ਵੀ ਵੱਢ ਵੱਢ ਕੇ ਆਪਣੇ ਮਨੋਂ ਮਾਰ ਕੇ ਹੀ ਸੁੱਟ ਗਏ ਸਨ...ਸੱਤ ਜ਼ਖ਼ਮ ਸਨ ਧੌਣ ਦੇ ਆਲੇ-ਦੁਆਲੇ। ਫਿਰ ਉਸਨੂੰ ਨਹਿਰ ਵਿਚ ਸੁੱਟ ਦਿੱਤਾ। ਉਹਨੂੰ ਮਾਮਾ ਜੀ ਕੈਂਪ 'ਚੋਂ ਲਿਆਏ ਸਨ। ਉਹਨੂੰ ਫਿਰ ਜੀਵਨ ਨਗਰ ਮੱਥਾ ਟਕੇਣ ਖੜਿਆ। ਉਹ ਵੱਡੇ ਸਤਿਗੁਰਾਂ ਨੂੰ ਵੇਖ ਕੇ ਆਖਣ ਲੱਗਾ-"ਇਹ ਹੀ ਸਨ ਜਿਨ੍ਹਾਂ ਮੈਨੂੰ ਬਾਹਰ ਕੱਢਿਆ ਸੀ ਨਹਿਰ ਵਿਚੋਂ!!"

ਉਹ ਜ਼ਾਲਮ ਪੰਜ ਲੜਕੀਆਂ ਨੂੰ ਰੋਂਦੀਆਂ ਕੁਰਲਾਉਂਦੀਆਂ ਨੂੰ ਆਪਣੇ ਘਰ ਲੈ ਗਏ। ਫਿਰ ਪਤਾ ਲੱਗਾ ਅੰਮ੍ਰਿਤਸਰ ਕੈਂਪ ਵਿਚ ਪਾਕਿਸਤਾਨੋਂ ਕੁਝ ਕੁੜੀਆਂ ਮਿਲਟਰੀ ਵਾਲਿਆਂ ਨੇ ਕੱਢ ਕੇ ਆਂਦੀਆਂ ਨੇ। ਜਿਹਦੀ ਕੋਈ ਰਿਸ਼ਤੇਦਾਰੀ ਸੀ, ਉਹ ਗਏ। ਇਕ ਤੇ ਸ਼ਮਸ਼ੇਰ ਸਿੰਘ ਮੋਰੀਵਾਲੇ ਵਾਲਾ (ਜੋ ਹੁਣ ਚੜ੍ਹਾਈ ਕਰ ਗਿਆ), ਇਕ ਬਲਵੀਰ ਸਿੰਘ ਖੂਈਆਂ ਵਾਲਾ (ਜੋ ਹੁਣ ਨਹਿਰ ਕੰਢੇ ਰਹਿੰਦਾ ਏ) ਇਹ ਸਾਰੇ ਜਾ ਕੇ ਕੈਂਪ 'ਚੋਂ ਲਿਆਏ। ਇਕ ਇਹਨਾਂ ਦੀ ਭਰਜਾਈ ਜੋ ਹੁਣ ਉਹ ਸਕੰਦਰਪੁਰ ਹੁੰਦੀ ਏ, ਏਧਰ ਆ ਓਹਦੇ ਘਰ ਲੜਕਾ ਹੋਇਆ, ਜਿਸਨੂੰ ਸਾਰੇ ਪਰਿਵਾਰ ਦੀ ਜ਼ਮੀਨ 'ਕੱਲੇ ਨੂੰ ਮਿਲੀ, ਤੇ ਦੋ ਕੁੜੀਆਂ ਥੱਲਾਂ ਦੀ ਪਰਿਵਾਰ ਸੀ, ਜਿਨ੍ਹਾਂ ਦੀਆਂ ਆਪਣੀਆਂ ਬੱਸਾਂ ਸਨ, ਉਹ ਹੀ ਐਥੋਂ ਕੱਢ ਕੱਢ ਕੇ ਲਿਆਂਦੇ ਸੀ। ਓਹਨਾਂ ਨੇ ਦੋ ਆਪਣੀਆਂ ਧੀਆਂ ਬਣਾ ਲਈਆਂ। ਉਹ ਦੋ ਵਾਰੀ ਮੋਰੀਵਾਲੇ ਆਈਆਂ ਨੇ...ਫਿਰ ਨਹੀਂ ਆਈਆਂ; ਕਿਉਂਕਿ ਸਕੰਦਰਪੁਰ ਵਾਲਿਆਂ ਤੋਂ ਆਪਣੇ ਮਾਪਿਆਂ ਦੀ ਜ਼ਮੀਨ ਲੈਣ ਔਂਦੀਆਂ ਸਨ ਤੇ ਲੈ ਕੇ ਤੁਰ ਗਈਆਂ। ਫੇਰ ਕਦੀ ਨਹੀਂ ਆਈਆਂ।

*ਰਾਮਪੁਰ ਭੂਦੀਮਾੜੀ*
*(ਸਿਰਸਾ)*



Namdhari Elibrary NamdhariElibrary@gmail.com

## ਇਪਟਾ ਦੇ ਬਾਨੀ ਤੇਰਾ ਸਿੰਘ ਚੰਨ ਨਹੀਂ ਰਹੇ

ਇਪਟਾ ਦੇ ਬਾਨੀ, ਉਘੇ ਸ਼ਾਇਰ ਤੇ ਰੰਗਕਰਮੀ ਤੇਰਾ ਸਿੰਘ ਚੰਨ ਦਾ ੯ ਜੁਲਾਈ ੨੦੦੯ ਨੂੰ ਮੋਹਾਲੀ ਵਿਖੇ ਦੇਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸਰਕਾਰ ੧੦ ਜੁਲਾਈ ਨੂੰ ਇੱਥੋਂ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਗਿਆ।

ਸ੍ਰੀ ਚੰਨ ਦਾ ਜਨਮ ੧੯੨੧ ਵਿਚ ਸ੍ਰੀ ਮੇਲਾ ਸਿੰਘ ਦੇ ਘਰ ਪਿੰਡ ਬਿਲਾਵਲ ਜ਼ਿਲ੍ਹਾ ਕੈਂਬਲਪੁਰ ਵਿਚ ਹੋਇਆ। ਦੇਸ਼-ਵੰਡ ਤੋਂ ਪਹਿਲਾਂ ਕੋਇਟਾ, ਜਿਹਲਮ, ਰਾਵਲਪਿੰਡੀ ਤੇ ਚੂਹੜਕਾਣਾ ਵਿਚ ਸਕੂਲ ਅਧਿਆਪਨ ਸਮੇਤ ਥੋੜ੍ਹੇ-ਥੋੜ੍ਹੇ ਸਮੇਂ ਲਈ ਉਨ੍ਹਾਂ ਕਈ ਨਿੱਕੇ ਮੋਟੇ ਕੰਮ ਕੀਤੇ। ੧੯੪੭ ਤੋਂ ਮਗਰੋਂ ਅੰਮ੍ਰਿਤਸਰ ਵਿਚ ਪ੍ਰਾਈਵੇਟ ਕੋਚਿੰਗ ਕੀਤੀ, 'ਪ੍ਰੀਤਲੜੀ' ਅਦਾਰੇ ਵਿਚ ਸੇਵਾ ਨਿਭਾਈ ਅਤੇ ਰੋਜ਼ਾਨਾ ਨਵਾਂ ਜ਼ਮਾਨਾ ਵਿਚ ਸਹਿ ਸੰਪਾਦਕ ਵਜੋਂ ਕੰਮ ਕੀਤਾ। ਦੋ ਦਹਾਕਿਆਂ ਤਕ ਸੋਵੀਅਤ ਦੂਤਾਵਾਸ ਦੇ ਸੂਚਨਾ ਵਿਭਾਗ ਵਿਚ ਕੰਮ ਕਰਨ ਮਗਰੋਂ ਸੇਵਾ ਮੁਕਤ ਹੋ ਕੇ ਚੰਡੀਗੜ੍ਹ, ਮੁਹਾਲੀ ਵਿਚ ਰਿਹਾਇਸ਼ ਇਖ਼ਤਿਆਰ ਕੀਤੀ।

ਆਪਣਾ ਸਿਰਜਣਾਤਮਕ ਸਫਰ ਸ਼ੁਰੂ ਕਰਦਿਆਂ ਹੋਇਆ ਉਨੀ ਵਰ੍ਹਿਆਂ ਦੀ ਛੋਟੀ ਉਮਰ ਵਿਚ ਹੀ ਉਨ੍ਹਾਂ ਨੇ ਆਪਣਾ ਪਹਿਲਾ ਕਾਵਿ ਸੰਗ੍ਰਹਿ 'ਸਿਸਕੀਆਂ' ੧੯੪੦ ਵਿਚ ਛਪਵਾਇਆ। ਉਨ੍ਹਾਂ ਦਾ ਦੂਜਾ ਕਾਵਿ ਸੰਗ੍ਰਹਿ 'ਜੈ ਹਿੰਦ' ਉਰਦੂ ਅੱਖਰਾਂ ਵਿਚ ੧੯੪੫ ਵਿਚ ਅਤੇ ਤੀਜਾ ਕਾਵਿ ਸੰਗ੍ਰਹਿ 'ਸਮੇਂ ਸਮੇਂ ਦੀਆਂ ਗੱਲਾਂ' ੧੯੪੯ ਵਿਚ ਪ੍ਰਕਾਸ਼ਤ ਹੋਇਆ। ਉਨ੍ਹਾਂ ਦਾ ਗੀਤ ਨਾਟ ਸੰਗ੍ਰਹਿ 'ਅਮਰ ਪੰਜਾਬ' ੧੯੫੩ ਵਿਚ ਪੁਸਤਕ ਰੂਪ ਵਿਚ ਆਇਆ ਜਿਸ ਵਿਚ 'ਅਮਰ ਪੰਜਾਬ' ਸਮੇਤ ਉਨ੍ਹਾਂ ਦੇ ਕਈ ਗੀਤ-ਨਾਟਕ ਸ਼ਾਮਲ ਸਨ। ੧੯੯੫ ਵਿਚ ਉਨ੍ਹਾਂ ਦੀਆਂ ਕਵਿਤਾਵਾਂ, ਗੀਤਾਂ ਤੇ ਗੀਤ-ਨਾਟਕਾਂ ਦੀ ਪੁਸਤਕ 'ਕਾਗ ਸਮੇਂ ਦਾ ਬੋਲਿਆ' ਪ੍ਰਕਾਸ਼ਤ ਹੋਈ। ਉਨ੍ਹਾਂ ਲਗਭਗ ਇਕ ਦਰਜਨ ਪੁਸਤਕਾਂ ਦੇ ਅਨੁਵਾਦ ਕੀਤੇ ਜਿਨ੍ਹਾਂ ਵਿਚ ਰੂਸੋ ਦੀਆਂ 'ਆਪਬੀਤੀਆਂ' ਤੇ 'ਅਮੀਲ', ਗੋਰਕੀ ਦੀ 'ਪੀਲੇ ਦੈਂਤ ਦਾ ਸ਼ਹਿਰ ਸਮੇਤ ਮਾਰਕਸੀ ਲੈਨਿਨੀ ਸਿਧਾਂਤ ਬਾਰੇ ਮਹੱਤਵਪੂਰਨ ਪੁਸਤਕਾਂ ਸ਼ਾਮਲ ਸਨ।

ਸ੍ਰੀ ਚੰਨ ਦੀ ਵੱਡੀ ਪਛਾਣ ਖੱਬੇ ਪੱਖੀ ਦਿੱਖ ਵਾਲੇ ਪ੍ਰਤੀਬੱਧ ਤੇ ਸਿਰੜੀ ਸਭਿਆਚਾਰਕ ਕਾਮੇ ਦੀ ਹੈ। ਵੀਹਵੀਂ ਸਦੀ ਦੇ ਪੰਜਵੇਂ ਤੇ ਛੇਵੇਂ ਦਹਾਕੇ ਵਿਚ ਉਹ ਸਮਾਜਵਾਦੀ ਇਨਕਲਾਬੀ ਪਹੁੰਚ ਵਾਲੀਆਂ ਸਭਿਆਚਾਰਕ ਸਰਗਰਮੀਆਂ ਦੇ ਮੋਹਰੀ ਸਨ। ਇਪਟਾ ਦੇ ਝੰਡੇ ਹੇਠ ਅਤੇ ਕਮਿਊਨਿਸਟ ਪਾਰਟੀ ਤੇ ਜਨਤਕ ਜਥੇਬੰਦੀਆਂ ਦੇ ਸਮਾਗਮਾਂ ਵਿਚ 'ਅਮਰ ਪੰਜਾਬ' ਸਮੇਤ ਉਨ੍ਹਾਂ ਦੇ ਅਨੇਕਾਂ ਗੀਤ ਨਾਟਕ ਨਾ ਕੇਵਲ ਪੰਜਾਬ ਦੇ ਕੋਣੇ-ਕੋਣੇ ਵਿਚ ਸਗੋਂ ਪੰਜਾਬ ਤੋਂ ਬਾਹਰ ਵੀ ਲਗਾਤਾਰ ਸਟੇਜ ਕੀਤੇ ਜਾਂਦੇ ਰਹੇ। ਉਨ੍ਹਾਂ ਦੇ ਲਿਖੇ ਗੀਤ ਜਨਤਾ ਵਿਚ ਬਹੁਤ ਮਕਬੂਲ ਹੋਏ। ਦੇਸ਼ ਭਗਤੀ ਦੇ ਜਜ਼ਬੇ ਨਾਲ ਗੜੁੱਚ ਗੀਤ 'ਹੇ ਪਿਆਰੀ ਭਾਰਤ ਮਾਂ' ਜੋ ਪੰਜਾਬ ਵਿਚ ਇਕ ਤਰ੍ਹਾਂ ਦਾ ਕੌਮੀ ਗਾਣ ਬਣ ਗਿਆ ਸੀ ਤਾਂ 'ਕਾਗ ਸਮੇਂ ਦਾ ਬੋਲਿਆ' ਤੇ 'ਕਾਮਿਆਂ ਦਾ ਆ ਗਿਆ ਜ਼ਮਾਨਾ' ਵਰਗੇ ਗੀਤ ਜਨਤਕ ਇਨਕਲਾਬੀ ਲਹਿਰ ਦੇ ਬਹੁਤ ਪ੍ਰਸਿੱਧ ਸਮੂਹ-ਗੀਤ ਸਨ।

## ਔਰੰਗਾਬਾਦ (ਮਹਾਰਾਸ਼ਟਰਾ) ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰ-ਗੱਦੀ ਦੇ ੫੦ ਵੇਂ ਸਾਲ ਸਬੰਧੀ ਸਮਾਗਮ ਤੇ ਹੋਰ ਧਾਰਮਕ ਪੁਰਬ ਮਨਾਏ

ਔਰੰਗਾਬਾਦ (ਮਹਾਰਾਸ਼ਟਰਾ)—ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂ-ਗੱਦੀ ਦੇ ੫੦ ਸਾਲਾਂ ਦੇ ਲੜੀਵਾਰ ਚਲ ਰਹੇ ਸਮਾਗਮਾਂ ਨੂੰ ਮੁਖ ਰੱਖਦੇ ਹੋਏ ਔਰੰਗਾਬਾਦ ਫਾਰਮ ਵਿਚ ਵੀ ਇਹ ਸਮਾਗਮ ਬੜੀ ਧੂਮਧਾਮ ਨਾਲ ਪਿਛਲੇ ਦਿਨੀਂ ਮਨਾਇਆ ਗਿਆ। ਇਸ ਸਮਾਗਮ ਦੇ ਨਾਲ-ਨਾਲ ਹੋਰ ਵੀ ਪੁਰਬ ਸ੍ਰੀ ਰਾਮ ਨੌਮੀ, ਸ੍ਰੀ ਹਨੂੰਮਾਨ ਜੈਯੰਤੀ, ਸ਼੍ਰੀ ਭਗਵਾਨ ਬੁੱਧ ਜੈਯੰਤੀ ਅਤੇ ਸ੍ਰੀ ਅੰਬੇਡਕਰ ਜੈਯੰਤੀ, ਸ੍ਰੀ ਮਹਾਂਵੀਰ ਜੈਯੰਤੀ ਅਤੇ ਵੈਸਾਖੀ ਵੀ ਬੜੀ ਸ਼ਰਧਾ ਨਾਲ ਮਨਾਏ ਗਏ।

੧੦ ਅਪ੍ਰੈਲ ੨੦੦੯ ਨੂੰ ਜੱਥੇਦਾਰ ਸੇਵਾ ਸਿੰਘ ਜੀ ਦਿੱਲੀ ਵਾਲੇ ਅਤੇ ਉਨ੍ਹਾਂ ਦੇ ਪੋਤਰੇ ਜਥੇਦਾਰ ਗੁਰਦੇਵ ਸਿੰਘ ਆਪਣੇ ਜਥੇ ਸਮੇਤ ਔਰੰਗਾਬਾਦ ਪਹੁੰਚੇ।

੧੧ ਅਪ੍ਰੈਲ ਨੂੰ ਸਵੇਰੇ ਸਾਢੇ ੪ ਵਜੇ ਆਸਾ ਦੀ ਵਾਰ ਦੇ ਕੀਰਤਨ ਦੇ ਨਾਲ ਪ੍ਰੋਗਰਾਮ ਦਾ ਅਰੰਭ ਹੋਇਆ। ਸ਼ਾਮ ਨੂੰ ਨਾਮ ਸਿਮਰਨ ਕੀਤਾ ਗਿਆ ਤੇ ਉਸ ਤੋਂ ਬਾਅਦ ਜਥੇਦਾਰ ਸੇਵਾ ਸਿੰਘ ਜੀ ਨੇ ਮਹਾਂਵੀਰ ਜੈਯੰਤੀ ਦੇ ਸਬੰਧ ਵਿਚ ਰਾਤ ੯ ਵਜੇ ਤਕ ਦੀਵਾਨ ਲਗਾਇਆ। ਇਸ ਤੋਂ ਬਾਅਦ ਲੰਗਰ ਵਰਤਾਇਆ ਗਿਆ।

੧੨ ਅਪ੍ਰੈਲ ਨੂੰ ਰਾਮ ਨੌਮੀ ਅਤੇ ਸ਼੍ਰੀ ਹਨੂੰਮਾਨ ਜੈਅੰਤੀ ਦੇ ਸਬੰਧ ਵਿਚ ਪ੍ਰੋਗਰਾਮ ਹੋਇਆ। ਇਸ ਵਿਚ ਜਥੇਦਾਰ ਸੇਵਾ ਸਿੰਘ ਨੇ ਭੀਲਣੀ ਦਾ ਪ੍ਰਸੰਗ ਸੁਣਾਕੇ ਆਈ ਸੰਗਤ ਨੂੰ ਨਿਹਾਲ ਕੀਤਾ।

੧੩ ਅਪ੍ਰੈਲ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



Namdhari Elibrary NamdhariElibrary@gmail.com

ਮਹਾਰਾਜ ਦੇ ਗੁਰ-ਗੱਦੀ ਦੇ ੫੦ਵੇਂ ਸਾਲ ਦੇ ਅਤੇ ਵੈਸਾਖੀ ਦੇ ਸਬੰਧ ਵਿਚ ਸਮਾਗਮ ਹੋਇਆ। ਜਥੇਦਾਰ ਜੀ ਨੇ "ਤੂ ਹੀ ਨਿਸ਼ਾਨੀ ਜੀਤ ਕੀ, ਆਜ ਤੂ ਹੀ ਜਗਬੀਰ" ਦੀ ਧਾਰਨਾ ਪੜ੍ਹ ਕੇ ਦੀਵਾਨ ਦਾ ਮਹੂਰਤ ਕੀਤਾ ਤੇ ਸਤਿਗੁਰੂ ਜੀ ਦੇ ਉਪਕਾਰ ਸੁਣਾਏ। ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਨੈਣਾਂ ਦੇਵੀ ਹਵਨ-ਯੱਗ ਕੀਤਾ ਸੀ, ਉਸ ਬਾਰੇ ਜਥੇਦਾਰ ਜੀ ਨੇ ਵਿਸਥਾਰ ਨਾਲ ਸੰਗਤਾਂ ਨੂੰ ਸੁਣਾਇਆ।

ਜਥੇਦਾਰ ਗੁਰਦੇਵ ਸਿੰਘ ਜੀ ਨੇ "ਸਤਿਗੁਰੂ ਜਗਜੀਤ ਸਿੰਘ ਬੇਅੰਤ ਤੇਰੀ ਸ਼ਾਨ ਹੈ" ਦੀ ਧਾਰਨਾ ਦੇ ਨਾਲ ਕਥਾ ਦਾ ਅਰੰਭ ਕੀਤਾ ਅਤੇ ਸਤਿਗੁਰੂ ਜੀ ਦੇ ਅਨਗਿਣਤ ਹੀ ਉਪਕਾਰ ਸੰਗਤਾਂ ਨੂੰ ਸੁਣਾ ਕੇ ਨਿਹਾਲ ਕੀਤਾ,

੧੪ ਅਪ੍ਰੈਲ ਨੂੰ ਸ਼੍ਰੀ ਰਾਮ ਨੌਮੀ, ਸ਼੍ਰੀ ਹਨੂੰਮਾਨ ਜੈਅੰਤੀ, ਸ਼੍ਰੀ ਭਗਵਾਨ ਬੁੱਧ ਜੈਯੰਤੀ ਅਤੇ ਸ਼੍ਰੀ ਅੰਬੇਡਕਰ ਜੈਯੰਤੀ ਦੇ ਸਬੰਧ ਵਿਚ ਭਾਰੜੀ ਪਿੰਡ (ਜ਼ਿਲ੍ਹਾ ਜਾਲਨਾ), ਜੋ ਇਥੋਂ ੧੦੦ ਕਿਲੋਮੀਟਰ ਦੂਰ ਹੈ, ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਹੋਇਆ। ਜਥੇਦਾਰ ਸੇਵਾ ਸਿੰਘ ਜੀ ਅਤੇ ਉਨ੍ਹਾਂ ਨੇ ਜੱਥੇ ਦਾ ਪਿੰਡ ਵਾਲਿਆਂ ਨੇ ਆਰਤੀ ਕਰਕੇ, ਤਿਲਕ ਲਗਾ ਕੇ ਅਤੇ ਪੈਰ ਧੋ ਕੇ, ਫੁੱਲਾਂ ਦੇ ਹਾਰ ਪਾ ਕੇ ਅਤੇ ਢੋਲ ਵਜਾ ਕੇ ਜਥੇ ਦੇ ਪਹੁੰਚਣ ਤੇ ਉਨ੍ਹਾਂ ਦਾ ਸਵਾਗਤ ਕੀਤਾ।

ਜਥੇਦਾਰ ਗੁਰਦੇਵ ਸਿੰਘ ਨੇ ਮਹਾਤਮਾ ਬੁੱਧ ਦੇ ਜੀਵਨ ਤੇ ਝਾਤ ਪਾਉਂਦੇ ਹੋਏ "ਗਿਲਾਨੀ ਧਰਮ ਕੀ ਹੋਤੀ, ਤਬੀ ਅਵਤਾਰ ਆਤਾ ਹੈ" ਦੀ ਧਾਰਨਾ ਪੜ੍ਹ ਕੇ ਦੀਵਾਨ ਦੀ ਸ਼ੁਰੂਆਤ ਕੀਤੀ ਤੇ ਇਕ ਘੰਟਾ ਬੜਾ ਹੀ ਧੜੱਲੇਦਾਰ ਦੀਵਾਨ ਲਾਇਆ ਇਸ ਤੋਂ ਬਾਅਦ ਜਥੇਦਾਰ ਸੇਵਾ ਸਿੰਘ ਜੀ ਨੇ ਆਪਣੇ ਦੀਵਾਨ ਦੀ ਸ਼ੁਰੂਆਤ "ਵੱਸ ਮੇ ਹੋਤੇ ਆਏ ਭਗਵਾਨ ਭਗਤ ਕੇ" ਦੀ ਧਾਰਨਾ ਗਾ ਕੇ ਕੀਤੀ। ਬਾਅਦ ਵਿਚ ਭਗਵਾਨ ਰਾਮ ਜੀ ਅਤੇ ਸ਼੍ਰੀ ਹਨੂੰਮਾਨ ਜੀ ਦੀ ਕਥਾ ਬੜੇ ਵਿਸਥਾਰ-ਪੂਰਬਕ ਸੰਗਤਾਂ ਨੂੰ ਸੁਣਾਈ। ਸ੍ਰੀ ਅੰਬੇਡਕਰ ਜੀ ਬਾਰੇ ਵੀ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਗਰੀਬ ਲੋਕਾਂ ਨੂੰ ਉਪਰ ਉਠਾਉਣ ਲਈ ਸਾਰੀ ਜ਼ਿੰਦਗੀ ਦੁੱਖ ਸਹੇ। ਤਕਰੀਬਨ ਅੱਧਾ ਘੰਟਾ ਬਹੁਤ ਹੀ ਪ੍ਰਭਾਵਸ਼ਾਲੀ ਦੀਵਾਨ ਲਾ ਕੇ ਸੰਗਤਾਂ ਨੂੰ ਮੰਤਰ-ਮੁਗਧ ਕੀਤਾ। ਭਾਰਡੀ ਪਿੰਡ ਦੇ ਲੱਗਭਗ ੧੪੦੦ ਲੋਕਾਂ ਨੇ ਇਸ ਸਮਾਗਮ ਵਿਚ ਸ਼ਮੂਲੀਅਤ ਕੀਤੀ।

ਸ਼ਾਮ ਨੂੰ ਸਾਰੀਆਂ ਹੀ ਆਈਆਂ ਹੋਈਆਂ ਸੰਗਤਾਂ ਨੂੰ ਲੰਗਰ ਛਕਾਇਆ ਗਿਆ। ਤੇ ਇਸ ਦੇ ਨਾਲ ਹੀ ਸਮਾਗਮਾਂ ਦੀ ਸਮਾਪਤੀ ਹੋਈ।

*ਰਿਪੋਰਟਰ :*
*ਸੁਭਾਸ਼ ਦਿਗੰਬਰ ਰਾਓ ਜਵਕਰ*
*ਔਰੰਗਾਬਾਦ (ਮਹਾਰਾਸ਼ਟਰਾ)*

## ਔਰੰਗਾਬਾਦ ਮਹਾਂਰਾਸ਼ਟਰ ਵਿਚ ਜੱਪ ਪ੍ਰਯੋਗ

ਸ੍ਰੀ ਸਤਿਗੁਰੂ ਜੀ ਦੀ ਮਹਾਨ ਕਿਰਪਾ ਨਾਲ ਸ੍ਰੀ ਰਾਮ-ਹਰੀ ਮੰਦਰ, ਨਾਮਧਾਰੀ ਫਾਰਮ ਝਾਲਟਾ(ਔਰੰਗਾਬਾਦ) ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਦਰਸ਼ਨਾਂ ਨਮਿਤ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਦੇਹ-ਅਰੋਗਤਾ ਲਈ ਮਿਤੀ ੭ ਜੂਨ ੨੦੦੯ ਤੋਂ ਲੈ ਕੇ ੧੪ ਜੂਨ ਤਕ ਜਪ-ਪ੍ਰਯੋਗ ਦਾ ਅਯੋਜਨ ਕੀਤਾ ਗਿਆ। ਇਸ ਵਿਚ ਜਥੇਦਾਰ ਗੁਰਦੀਪ ਸਿੰਘ ਜੀ ਆਪਣੇ ਜੱਥੇ ਦੇ ਨਾਲ ਸ੍ਰੀ ਭੈਣੀ ਸਾਹਿਬ ਤੋਂ ਆਏ। ਹੋਰ ਵੀ ਸੰਤ ਜਨਾਂ ਅੰਮ੍ਰਿਤਸਰ, ਲੁਧਿਆਣਾ ਅਤੇ ਸਿਰਸਾ ਜ਼ਿਲ੍ਹਿਆਂ ਵਿੱਚੋਂ ਵੀ ਇਸ ਸਮਾਗਮ ਵਿਚ ਸ਼ਮੂਲੀਅਤ ਕੀਤੀ।

ਰੋਜ਼ ਸਵੇਰੇ ੩ ਵਜੇ ਤੋਂ ਲੈ ਕੇ ੬ ਵਜੇ ਤੱਕ ਨਾਮ ਸਿਮਰਨ ਹੁੰਦਾ। ਆਸਾ ਦੀ ਵਾਰ ਦਾ ਕੀਰਤਨ ਡੇਢ ਘੰਟਾ ਹੁੰਦਾ। ਹਵਨ ਤੇ ਵਰਨੀ ਵੀ ਹੁੰਦੇ। ਦੁਪਹਿਰ ਵੇਲੇ ਇਕ ਘੰਟਾ ਭਗੌਤੀ ਸਿਮਰਨ ਹੁੰਦਾ ਅਤੇ ਸ਼ਾਮ ਨੂੰ ੬ ਵਜੇ ਤੋਂ ਲੈ ਕੇ ੭ ਵਜੇ ਤਕ ਨਾਮ ਸਿਮਰਨ ਹੁੰਦਾ ਅਤੇ ੭ ਤੋਂ ੯ ਵਜੇ ਤਕ ਸ਼ਬਦ-ਗਾਇਨ ਅਤੇ ਦੀਵਾਨ ਦਾ ਪ੍ਰੋਗਰਾਮ ਹੁੰਦਾ। ਰਾਤ ਨੂੰ ਰੋਜ਼ ਹੀ ਆਈਆਂ ਸੰਗਤਾਂ ਨੂੰ ਲੰਗਰ ਛਕਾਇਆ ਜਾਂਦਾ। ਇਹ ਪ੍ਰੋਗਰਾਮ ਲਗਾਤਾਰ ਸੱਤ ਦਿਨ ਚਲਦਾ ਰਿਹਾ।

੧੫ ਜੂਨ ੨੦੦੯ ਨੂੰ ਰਾਤ ੭ ਤੋਂ ਲੈ ਕੇ ਸਾਢੇ ੯ ਵਜੇ ਤੱਕ ਸ੍ਰੀ ਹਨੂੰਮਾਨ ਮੰਦਿਰ ਭਾਰੜੀ ਗਾਓਂ ਜ਼ਿਲਾ ਜਾਲਨਾ, ਵਿਚ ਦੀਵਾਨ ਸਜਾਇਆ ਗਿਆ। ਜੱਥੇਦਾਰ ਗੁਰਦੀਪ ਸਿੰਘ ਜੀ ਨੇ ਭਗਤ ਸੁਦਾਮਾ ਜੀ ਦੀ ਵਿਆਖਿਆ ਸੁਣਾ ਕੇ ਆਈ ਸੰਗਤ ਨੂੰ ਨਿਹਾਲ ਕੀਤਾ। ਇਸ ਦੀਵਾਨ ਵਿਚ ਤਕਰੀਬਨ ੧੫੦੦ ਲੋਕਾਂ ਨੇ ਸ਼ਮੂਲੀਅਤ ਕੀਤੀ।

*ਰਿਪੋਰਟਰ*
*ਸੁਭਾਸ਼ ਦਿਗੰਬਰ ਰਾਓ ਜਵਕਰ*
*ਨਾਮਧਾਰੀ ਫਾਰਮ ਝਾਲਟਾ, ਔਰੰਗਾਬਾਦ*

## ਸਰਪੰਚ ਜਗਤਾਰ ਸਿੰਘ ਮਸੇਕੇ ਵਾਲੀਏ ਨਮਿਤ ਪਾਠ ਦਾ ਭੋਗ

ਐਲਨਾਬਾਦ (ਸਿਰਸਾ) : ਨੇੜਲੇ ਪਿੰਡ ਅੰਮ੍ਰਿਤਸਰ ਕਲਾਂ ਵਿਖੇ ੩-੭-੨੦੦੯ ਨੂੰ ਸਾਬਕਾ ਸਰਪੰਚ ਸ੍. ਜਗਤਾਰ ਸਿੰਘ ਵੜੈਚ (੬੦), ਨਮਿੱਤ ਪਾਠ ਦਾ ਭੋਗ ਇਲਾਕੇ ਦੀਆਂ ਸੰਗਤਾਂ ਦੇ ਵਿਸ਼ਾਲ ਇਕੱਠ ਵਿਚ ਪਾਇਆ ਗਿਆ। ਉਹ ਇਸੇ ਪਿੰਡ ਦੇ ਲੰਬੜਦਾਰ ਸ. ਲਾਲ ਸਿੰਘ ਦੇ ਛੋਟੇ ਸਪੁੱਤਰ ਸਨ। ਵੱਡੀ ਮਾਲਕੀ ਵਾਲੇ ਕਿਸਾਨੀ ਪਰਿਵਾਰ ਵਿਚੋਂ ਹੋਣ ਦੇ ਬਾਵਜੂਦ ਵੀ ਹਲੀਮੀ ਅਤੇ ਨਿਮਰਤਾ ਉਹਨਾਂ ਦੇ ਸੁਭਾਅ ਦੇ ਮੀਰੀ



Namdhari Elibrary NamdhariElibrary@gmail.com

ਗੁਣ ਸਨ। ਇਸ ਘਰ ਵਿਚ ਸਿੱਖੀ ਸਤਿਗੁਰੂ ਰਾਮ ਸਿੰਘ ਜੀ ਵੇਲੇ ਤੋਂ ਸੀ। ਦਾਦਾ ਸੰਤ ਤਰਨ ਸਿੰਘ ਵੀ ਵੱਡਾ ਸਾਧ ਸੇਵੀ ਸੀ ਅਤੇ ਪੜਦਾਦੇ ਸੰਤ ਨਿਹਾਲ ਸਿੰਘ ਪੁਤਰ ਕਾਹਨ ਸਿੰਘ ਦਾ ਨਾਮ ੧੮੮੧ ਈ. ਵਾਲੀ ਪੰਜਾਬ ਸਰਕਾਰ ਦੀ ਮਹੱਤਵਪੂਰਨ ਕੂਕਿਆਂ ਵਾਲੀ ਲਿਸਟ ਵਿਚ ਗੁਜਰਾਂ ਵਾਲੇ ਜ਼ਿਲ੍ਹੇ ਦੇ ਸੀਰੀਅਲ ਨੰ: ੧੮ ਤੇ ਦਰਜ ਸੀ। ਪਿੰਡ ਅੰਮ੍ਰਿਤਸਰ ਕਲਾਂ ਵਿਚ ਲੰਬੜਦਾਰ ਲਾਲ ਸਿੰਘ ਅਤੇ ਉਹਨਾਂ ਦੇ ਭਾਈ ਗੁਰਦਿਆਲ ਸਿੰਘ ਹੋਰਾਂ ਦਾ ਵੱਡਾ ਪਰਿਵਾਰ ਵੱਸਦਾ ਹੈ। ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਪਹੁੰਚੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ ਜੀ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਜਥੇਦਾਰ ਸੁਦਰਸ਼ਨ ਸਿੰਘ ਅੰਮ੍ਰਿਤਸਰ ਕਲਾਂ ਦੇ ਮੰਚ ਸੰਚਾਲਨ ਹੇਠ ਹੋਏ ਸ਼ਰਧਾਂਜਲੀ ਸਮਾਗਮ ਨੂੰ ਹਰਿਆਣਾ ਯੋਜਨਾ ਬੋਰਡ ਦੇ ਡਿਪਟੀ ਚੇਅਰਮੈਨ ਚੌ. ਰਣਜੀਤ ਸਿੰਘ, ਕਾਮਰੇਡ ਸੁਵਰਨ ਸਿੰਘ ਵਿਰਕ, ਮਾਸਟਰ ਅਮਰੀਕ ਸਿੰਘ 'ਨਵੇਂ ਲਾਲੇ ਪੁਰੀਏ' ਸੁਖਦੇਵ ਸਿੰਘ ਸੰਧੂ ਚੇਰਅਮੈਨ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ, ਸ.ਹਰਮੀਤ ਸਿੰਘ ਸਾਬਕਾ ਚੇਅਰਮੈਨ ਐਲਨਾਬਾਦ ਬਲਾਕ ਸਮਿਤੀ, ਕਸ਼ਮੀਰ ਸਿੰਘ ਕਰੀਵਾਲਾ ਆਦਿ ਨੇ ਸੰਬੋਧਿਤ ਕੀਤਾ। ਸਰਪੰਚ ਸਾਹਿਬ ਆਪਣੇ ਪਿਛੇ ਧਰਮ ਪਤਨੀ, ਤਿੰਨ ਪੁੱਤਰੀਆਂ ਅਤੇ ਇੱਕ ਪੁੱਤਰ ਛੱਡ ਗਏ ਹਨ। ਉਹਨਾਂ ਦੇ ਘਰੋਂ ਬੀਬੀ, ਨਾਮਧਾਰੀ ਦਰਬਾਰ ਦੇ ਸਾਬਕਾ ਪ੍ਰਧਾਨ ਗੁਰਪੁਰਵਾਸੀ ਸ੍ਰ. ਰਵੇਲ ਸਿੰਘ ਮੋਗੀ ਵਾਲਾ ਦੀ ਪੋਤਰੀ ਅਤੇ ਸੁਰਗਵਾਸੀ ਸ੍ਰ. ਬਲਦੇਵ ਸਿੰਘ ਦੀ ਪੁੱਤਰੀ ਹੈ। ਸਰਪੰਚ ਜਗਤਾਰ ਸਿੰਘ ਹੋਰਾਂ ਦੇ ਵੱਡੇ ਭਾਈ ਸ੍ਰ. ਗੁਰਦੇਵ ਸਿੰਘ, ਸੰਤ ਜਗਤਾਰ ਸਿੰਘ ਪਨਿਹਾਰੀ ਦੇ ਬਹਿਨੋਈ ਸਨ।

## ਬੀਬੀ ਜਗੀਰ ਕੌਰ ਸੰਧੂ ਦੇ ਦਾਮਾਦ ਸ੍ਰ. ਕੁਲਵੰਤ ਸਿੰਘ ਚੀਮਾ ਦਾ ਸ਼ੋਕਮਈ ਅਕਾਲ ਚਲਾਣਾ

ਰਾਣੀਆ (ਸਿਰਸਾ) ੨੮-੬-੦੯ ਅੱਜ ਇੱਥੇ ਸ੍ਰੀ ਜੀਵਨ ਨਗਰ ਰੋਡ ਤੇ, ਬੇਵਕਤ ਅਕਾਲ ਚਲਾਣਾ ਕਰ ਗਏ ਇਕ ਨੌਜੁਆਨ ਸ੍ਰ. ਕੁਲਵੰਤ ਸਿੰਘ ਚੀਮਾ ਸਪੁੱਤਰ ਸੰਤ ਟੇਕ ਸਿੰਘ ਤਾਜੋਕਿਆਂ ਵਾਲੇ ਨਮਿਤ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ। ਜਥੇਦਾਰ ਜਸਵਿੰਦਰ ਸਿੰਘ ਭਿੰਡਰ ਨੇ ਆਪਣੇ ਵਿਖਿਆਨ ਦੁਆਰਾ ਸੰਸਾਰ ਦੀ ਨਾਸ਼ਮਾਨਤਾ ਬਾਰੇ ਸੰਗਤ ਨੂੰ ਜਾਣੂ ਕਰਵਾਇਆ। ਕਸ਼ਮੀਰ ਸਿੰਘ ਕਰੀਵਾਲਾ ਦੇ ਮੰਚ ਸੰਚਾਲਨ ਹੇਠ, ਚੌ. ਅਜੈ ਸਿੰਘ ਚੌਟਾਲਾ, ਮੈਂਬਰ ਰਾਜ ਸਭਾ, ਚੌ. ਭਾਗੀ ਰਾਮ ਸਾਬਕਾ ਵਿਧਾਇਕ ਅਤੇ ਕਾਮਰੇਡ ਸੁਵਰਨ ਸਿੰਘ ਵਿਰਕ ਨੇ ਨੌਜਵਾਨ ਦੇ ਬੇਵਕਤ ਚਲਾਣੇ ਤੇ ਬੋਲਦਿਆਂ ਪਰਿਵਾਰ ਨੂੰ ਢਾਰਸ ਬੰਨਾਈ। ਇਹ ਕਾਕਾ ਕੁਲਵੰਤ ਸਿੰਘ ਆਪਣੇ ਪਿੱਛੇ ਇਕ ੧੨ ਕੁ ਸਾਲ ਦਾ ਬੱਚਾ ਛੱਡ ਗਿਆ। ਉਸ ਦੇ ਘਰੋਂ ਬੀਬੀ, ਹਰਿਆਣੇ ਦੀ ਪ੍ਰਸਿੱਧ ਪੰਜਾਬੀ ਲੇਖਿਕਾ ਬੀਬੀ ਜਗੀਰ ਕੌਰ 'ਸੰਧੂ' ਅਤੇ ਸ੍ਰ. ਦਰਸ਼ਨ ਸਿੰਘ ਹਿੰਦੂ ਚੱਕੀਏ ਦੀ ਪੁੱਤਰੀ ਹੈ। ਅਦਾਰਾ ਵਰਿਆਮ ਵੀ ਬੀਬੀ ਜੀ ਅਤੇ ਉਹਨਾਂ ਦੇ ਪਰਿਵਾਰ ਦੇ ਇਸ ਦੁੱਖ ਦੀ ਘੜੀ ਵਿਚ ਸ਼ਰੀਕ ਹੁੰਦਾ ਹੈ।

## ਗਿਆਨੀ ਕਾਹਲਾ ਸਿੰਘ 'ਨੰਗਲ' ਦੀ ਦੋਹਤ ਨੂੰਹ ਬੀਬੀ ਜਸਪਾਲ ਕੌਰ ਦੀ ਯਾਦ ਵਿਚ ਅੰਤਿਮ ਸਮਾਗਮ

ਮੰਡੀ ਡੱਬਵਾਲੀ (ਸਿਰਸਾ) ੬-੭-੦੯ ਸ਼ਹਿਰ ਦੀ ਅੱਗਰਵਾਲ ਧਰਮਸ਼ਾਲਾ ਵਿਖੇ ਡੱਬਵਾਲੀ ਦੇ ਪ੍ਰਸਿੱਧ ਸੰਤ ਭੂਪ ਸਿੰਘ ਨਾਮਧਾਰੀ ਪਰਿਵਾਰ ਵਿਚੋਂ, ਉਹਨਾਂ ਦੇ ਭਾਈ ਅਜੈਬ ਸਿੰਘ ਹੋਰਾਂ ਦੇ ਘਰੋਂ ਬੀਬੀ ਜਸਪਾਲ ਕੌਰ ਨਮਿਤ ਸ਼ਹਿਰ, ਇਲਾਕਾ, ਡੱਬਵਾਲੀ, ਆਸਾ ਪਾਸ ਅਤੇ ਜੀਵਨ ਨਗਰ ਇਲਾਕੇ ਵਿਚੋਂ ਆਈਆਂ ਸੰਗਤਾਂ ਦੇ ਭਰਵੇਂ ਇਕੱਠ ਵਿਚ ਅੰਤਿਮ ਅਰਦਾਸ ਕੀਤੀ ਗਈ। ਸੰਤ ਭੂਪ ਸਿੰਘ ਹੋਰੀਂ ਪੰਜ ਭਾਈ ਸਨ ਅਤੇ ਕੂਕਿਆਂ ਦੇ ਪ੍ਰਸਿੱਧ ਪਿੰਡ ਰੁੜਕਾ ਕਲਾਂ (ਲੁਧਿਆਣਾ) ਦੇ ਸੰਤ ਪ੍ਰੇਮ ਸਿੰਘ ਦੇ ਪੁੱਤਰ ਸਨ। ਸੰਤ ਪ੍ਰੇਮ ਸਿੰਘ ਜੀ, ਬਿਸ਼ਨ ਸਿੰਘ ਹਿਸਟੋਰੀਅਨ ਦੇ ਪਿਤਾ ਅਤੇ ਪ੍ਰਸਿੱਧ ਨਾਮਧਾਰੀ ਇਤਿਹਾਸ ਲੇਖ ਕਵੀ ਕਿੱਸਾਕਾਰ ਗਿਆਨ ਕਾਹਲਾ ਸਿੰਘ ਜੀ ਨੰਗਲ ਕਲਾਂ ਦੇ ਜੁਆਤਰੇ ਸਨ। ਬੀਬੀ ਜਸਪਾਲ ਕੌਰ - ਸੰਤ ਅਜਾਇਬ ਸਿੰਘ ਦੇ ਪੰਜ ਪੁੱਤਰ ਹਨ ਜਿਹਨਾਂ ਵਿਚੋਂ ਬਹਾਦਰ ਸਿੰਘ 'ਕੂਕਾ' ਬੈਂਕ ਮੁਲਾਜ਼ਮ, ਹਰਭਗਤ ਸਿੰਘ, ਸੀਤਲ ਸਿੰਘ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ ਹਨ। ਇਹ ਪਰਿਵਾਰ ਇਸ ਸਮੇਂ ਰੁੜਕਾ ਕਲਾਂ, ਗੁੱਗਾ ਮਾੜੀ (ਰਾਜਸਥਾਨ ਅਤੇ ਡੱਬਵਾਲੀ) ਰਹਿੰਦਾ ਹੈ। ਸ੍ਰ. ਬਹਾਦਰ ਸਿੰਘ ਕੂਕੇ ਦਾ ਸਪੁੱਤਰ ਦਿਲੀ ਵਿਖੇ ਆਯੁਰਵੈਦਿਕ ਚਕਿਤਸਾ ਪੱਧਤੀ ਦਾ ਮਾਹਰ ਡਾਕਟਰ ਹੈ— ਸਰਬਪ੍ਰੀਤ ਸਿੰਘ। ਸੰਤ ਬਲਜੀਤ ਸਿੰਘ, ਗੁਰਮੀਤ ਸਿੰਘ ਦਿੱਲੀ ਦੇ ਪ੍ਰਸਿੱਧ ਰਾਗੀ ਜਥੇ ਨੇ ਕੀਰਤਨ ਨਾਲ ਸਮਾਂ ਬੰਨ੍ਹਿਆ। ਸਤਿਗੁਰੂ ਪ੍ਰਤਾਪ ਸਿੰਘ ਕੰਨਿਆ ਸੀਨੀਅਰ ਸੈਕੰਡਰੀ ਸਕੂਲੀ ਸ੍ਰੀ ਜੀਵਨ ਨਗਰ-ਸੰਤ ਨਗਰ ਦੀਆਂ ਵਿਦਿਆਰਥਣਾਂ ਨੇ ਸ਼ਬਦ ਗਾਇਣ ਕੀਤਾ। ਇਸ ਸਮੇਂ ਨੌਜਵਾਨ ਜਥੇਦਾਰ ਦਰਸ਼ਨ ਸਿੰਘ ਦਿੱਲੀ ਨੇ ਵੀ ਦੀਵਾਨ ਲਾਇਆ। ਹਰਿਆਣਾ ਦੇ ਮੁੱਖ ਮੰਤਰੀ ਦੇ ਓ.ਐਸ.ਡੀ. ਡਾ. ਕੇ.ਵੀ. ਸਿੰਘ, ਕਾਮਰੇਡ ਸੁਵਰਨ ਸਿੰਘ ਵਿਰਕ, ਪ੍ਰਿੰਸੀਪਲ ਜਗਰੂਪ ਸਿੰਘ, ਸੰਤ ਬਘੇਲ ਸਿੰਘ ਅਤੇ


Namdhari Elibrary NamdhariElibrary@gmail.com

ਰਾਮ ਲਾਲ ਬਾਗੜੀ ਨੇ ਸ਼ਰਧਾਂਜਲੀਆਂ ਦਿੱਤੀਆਂ। ਸਟੇਜ ਸੇਵਾ ਪੱਤਰਕਾਰ ਫਤੇਹ ਸਿੰਘ ਆਜ਼ਾਦ ਨੇ ਨਿਭਾਈ।

## 'ਨਿੱਕੇ-ਨਿੱਕੇ ਯੁੱਧ' ਉਪਰ ਵਿਚਾਰ ਗੋਸ਼ਟੀ

ਮੋਗਾ : ਸਾਹਿਤ ਵਿਚਾਰ ਮੰਚ ਮੋਗਾ ਅਤੇ ਲੋਕ ਸਾਹਿਤ ਅਕਾਦਮੀ ਮੋਗਾ ਵੱਲੋਂ ਬਲਬੀਰ ਪਰਵਾਨਾ ਦੇ ਚਰਚਿੱਤ ਨਾਵਲ "ਨਿੱਕੇ-ਨਿੱਕੇ ਯੁੱਧ" ਉੱਪਰ ਵਿਚਾਰ ਗੋਸ਼ਟੀ ਕਰਵਾਈ ਗਈ ਜਿਸ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਰਾਮ ਸਰੂਪ ਅਣਖੀ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸ੍ਰੀ ਕਰਨੈਲ ਸਿੰਘ ਨਿੱਝਰ, ਕਾ. ਸੁਰਜੀਤ ਗਿੱਲ, ਬਲਬੀਰ ਪਰਵਾਨਾ ਅਤੇ ਬਲਦੇਵ ਸਿੰਘ ਸੜਕਨਾਮਾ ਸ਼ਾਮਲ ਹੋਏ।

ਪ੍ਰੋਗਰਾਮ ਦੀ ਸ਼ੁਰੂਆਤ ਮਹਿੰਦਰ ਸਾਥੀ ਦੀ ਨਵੀਂ ਲਿਖੀ ਗ਼ਜ਼ਲ "ਹੋਰਾਂ ਦੇ ਗੁਣ, ਗਿਆਨ ਨੂੰ ਚੰਗਾ ਪਿਆਰਨਾ...' ਆਪਣੀ ਸੁਰੀਲੀ ਆਵਾਜ਼ 'ਚ ਗਾ ਕੇ ਹਰਪ੍ਰੀਤ ਸਿੰਘ ਨੇ ਕੀਤੀ। ਨਾਵਲ ਉਪਰ ਪਹਿਲਾ ਪੇਪਰ ਡਾ. ਲਕਸ਼ਮੀ ਨਰਾਇਣ ਭੀਖੀ ਨੇ ਪੜ੍ਹਿਆ। ਉਨ੍ਹਾਂ ਨੇ ਆਪਣੇ ਖੋਜ-ਪੱਤਰ 'ਚ 'ਨਿੱਕੇ-ਨਿੱਕੇ ਯੁੱਧ' ਨਾਵਲ ਨੂੰ ਖੱਬੀ ਲਹਿਰ ਦਾ ਆਂਤਰਿਕਵਿਸ਼ਲੇਸ਼ਣ ਕਰਦਾ ਨਾਵਲ ਕਿਹਾ ਕਿ ਲੇਖਕ ਇਸ ਨਾਵਲ 'ਚ ਕਮਿਊਨਿਸਟ ਆਗੂਆਂ ਨੂੰ ਆਪਣੀ ਸਵੈ-ਆਲੋਚਨਾ ਅਤੇ ਵਿਸ਼ਲੇਸ਼ਣ ਕਰਨ ਦੀ ਪ੍ਰੇਰਨਾ ਦਿੰਦੀ ਹੈ। ਲੇਖਕ ਖੱਬੀ ਲਹਿਰ ਦਾ ਨਿੰਦਕ ਨਹੀਂ, ਬਲਕਿ ਹਮਦਰਦ ਹੈ, ਉਸ ਲਹਿਰ ਦੀਆਂ ਗ਼ਲਤ ਨੀਤੀਆਂ 'ਤੇ ਉਂਗਲ ਰੱਖਦਾ ਹੈ। ਦੂਜਾ ਪੇਪਰ ਡਾ. ਸੁਰਜੀਤ ਬਰਾੜ ਨੇ ਪੜ੍ਹਿਆ। ਉਨ੍ਹਾਂ ਨਾਵਲ ਨੂੰ ਅਖੌਤੀ ਕਾਮਰੇਡਾਂ ਦੇ ਚਿਹਰਿਆਂ ਤੋਂ ਨਕਾਬ ਲਾਹੁਣ ਵਾਲਾ ਕਹਿੰਦਿਆਂ ਬਲਬੀਰ ਪਰਵਾਨਾ ਨੂੰ ਨਵੇਂ ਵਿਸ਼ਿਆਂ 'ਤੇ ਲਿਖਣ ਵਾਲਾ ਲੇਖਕ ਕਿਹਾ। ਉਨ੍ਹਾਂ ਨੇ ਕਿਹਾ ਕਿ ਨਾਵਲ ਬੜੀ ਦਲੇਰੀ ਨਾਲ ਦੰਭੀ ਆਗੂਆਂ ਦੇ ਬੁਰਕੇ ਲਾਹੁੰਦਾ ਹੈ। ਦੋਹਾਂ ਪੇਪਰਾਂ ਵਿੱਚ ਨਾਵਲ ਦੀਆਂ ਉਕਤਾਈਆਂ ਵੱਲ ਵੀ ਲੇਖਕ ਦਾ ਧਿਆਨ ਦਿਵਾਇਆ ਗਿਆ ਜਿਵੇਂ ਨਾਵਲ ਦੇ ਨਾਇਕ ਦਾ ਔਰਤਾਂ ਵੱਲ ਨੂੰ ਜ਼ਿਆਦਾ ਹੀ ਆਕਰਸ਼ਿਤ ਹੋਣਾ ਅਤੇ ਕਾਮ ਭੁੱਖ ਦੀ ਹਾਬੜ ਆਦਿ।

ਬਹਿਸ ਦਾ ਆਰੰਭ ਕਰਦਿਆਂ ਕਾ. ਸੁਰਜੀਤ ਗਿੱਲ ਨੇ ਕਿਹਾ ਕਿ ਇਸ ਸਮੇਂ 'ਚ ਖੱਬੀ ਲਹਿਰ ਦਾ ਨਾਂਹ-ਪੱਖੀ ਪਾਸਾ ਨਾ ਹੀ ਵਿਖਾਇਆ ਜਾਂਦਾ ਤਾਂ ਚੰਗਾ ਸੀ, ਕਿਉਂਕਿ ਇਹ ਸਮੇਂ ਦੀ ਜ਼ਰੂਰਤ ਨਹੀਂ ਹੈ। ਇਹ ਪਾਰਟੀ ਨੂੰ ਆਪਣੇ ਅੰਦਰ ਹੀ ਸਵੈ-ਵਿਸ਼ਲੇਸ਼ਣ ਕਰਨ ਦੇਣਾ ਚਾਹੀਦਾ ਹੈ। ਕੇ ਐੱਲ ਗਰਗ ਨੇ ਕਿਹਾ ਕਿ ਪੂੰਜੀਵਾਦ ਨੇ ਇਨਸਾਨ 'ਚ ਹੈਵਾਨੀ ਬਿਰਤੀਆਂ ਪੈਦਾ ਕਰ ਦਿੱਤੀਆਂ ਹਨ। ਪੂੰਜੀਵਾਦੀ ਮਨੁੱਖ ਨੂੰ ਮਸ਼ੀਨ 'ਚ ਬਦਲ ਰਿਹਾ ਹੈ ਅਤੇ ਮਨੁੱਖਤਾ ਬਚਾਉਣ 'ਚ ਮਾਰਕਸਵਾਦੀ ਦਰਸ਼ਨ ਹੀ ਸਹਾਈ ਹੋਵੇਗਾ, ਇਸ ਗੱਲ ਦੀ ਇਹ ਨਾਵਲ ਪ੍ਰੋੜਤਾ ਕਰਦਾ ਹੈ। ਕਾ. ਰਣਧੀਰ ਗਿੱਲ ਨੇ ਕਿਹਾ, "ਅਸੀਂ ਅਧਿਆਪਕ ਲਹਿਰ ਦੀ ਪੈਦਾਵਾਰ ਹਾਂ, ਪਰ ਨਾਵਲ ਅਧਿਆਪਕਾਂ ਦਾ ਅਕਸ ਵਿਗਾੜਦਾ ਹੈ। ਭਾਸ਼ਾ ਜੋ ਬਿਆਨਦੀ ਹੈ, ਉਹ ਕਲਾ ਪੱਖੋਂ ਕਮਜ਼ੋਰ ਹੈ। ਖੱਬੀ ਲਹਿਰ 'ਚ ਕਮਜ਼ੋਰੀਆਂ ਆਈਆਂ ਹਨ, ਪਰ ਸਿਰਫ਼ ਸੀ ਪੀ ਆਈ ਤੱਕ ਹੀ ਇਲਜ਼ਾਮ ਨੂੰ ਸੀਮਤ ਨਹੀਂ ਕਰਨਾ ਚਾਹੀਦਾ, ਸਾਰੀਆਂ ਖੱਬੀਆਂ ਪਾਰਟੀਆਂ ਦਾ ਜ਼ਿਕਰ ਹੋਣਾ ਚਾਹੀਦਾ ਸੀ।" ਰਵੀ ਕਾਂਤ ਸ਼ੁਕਲਾ ਨੇ ਕਿਹਾ ਕਿ ਨਾਵਲ ਦੀ ਸ਼ਿਲਪਕਾਰੀ ਕੁਝ ਕਮਜ਼ੋਰ ਹੈ ਅਤੇ ਆਰਥਕ ਕਮਜ਼ੋਰੀ ਨਿਘਾਰਦੀ ਹੀ ਨਹੀਂ, ਇਹ ਜੀਵਨ ਨੂੰ ਉਸਾਰਦੀ ਵੀ ਹੈ। ਕਾਮਰੇਡ ਅੰਗਰੇਜ਼ ਸਿੰਘ ਨੇ ਕਿਹਾ ਕਿ ਲੇਖਕ ਦੀ ਸੋਚ ਸਮਝ ਕਮਿਊਨਿਸ਼ਟਾਂ ਬਾਰੇ ਅਜੇ ਕੱਚ-ਘੜਤ ਜਿਹੀ ਹੈ। ਨਰਿੰਦਰ ਸ਼ਰਮਾ ਅਨੁਸਾਰ ਸੈਕਸ ਦਾ ਬਿਆਨ ਸ਼ਾਲੀਨਤਾ ਦੀਆਂ ਹੱਦ ਟੱਪ ਜਾਂਦਾ ਹੈ। ਕਰਨੈਲ ਸਿੰਘ ਨਿੱਝਰ ਅਨੁਸਾਰ ਲੇਖਤ ਨੂੰ ਖੱਬੀ ਇਨਕਲਾਬੀ ਲਹਿਰ ਨਾਲ ਸੰਬੰਧਤ ਪਾਤਰ ਇੱਕ ਰੋਲ ਮਾਡਲ ਦੇ ਰੂਪ ਵਿੱਚ ਸਿਰਜਣੇ ਚਾਹੀਦੇ ਸਨ। ਬਲਬੀਰ ਪਰਵਾਨਾ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਨਾਵਲ ਕਮਿਊਨਿਸਟ ਲਹਿਰ ਦੀ ਕਿਸੇ ਇੱਕ ਧਿਰ ਦੀ ਨਿੰਦਿਆਂ ਵੱਲ ਸੇਧਤ ਨਹੀਂ, ਸਗੋਂ ਉਸ ਨੇ ਕਮਿਊਨਿਸਟ ਲਹਿਰ ਨੂੰ ਧਿਆਨ 'ਚ ਰੱਖ ਤੇ ਲਿਖਿਆ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਮਾਰਕਸਵਾਦ ਤੇ ਮਾਰਕਸਵਾਦੀ ਫਲਸਫੇ ਦੇ ਆਧਾਰ 'ਤੇ ਉਸਰੀਆਂ ਜਥੇਬੰਦੀਆਂ, ਦੋਹਾਂ ਨੂੰ ਵੱਖ-ਵੱਖ ਕਰਕੇ ਵੇਖਣ ਦੀ ਲੋੜ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨਾਵਲ ਦਾ ਦੂਸਰਾ ਭਾਗ 'ਆਪਣੇ-ਆਪਣੇ ਮੋਰਚੇ' ਛਪ ਚੁੱਕਾ ਹੈ ਤੇ ਤੀਸਰਾ ਉਹ ਲਿਖ ਰਿਹਾ ਹੈ। ਇਹ ਤਿੰਨੇ ਭਾਗ ਮਿਲ ਕੇ ਆਜ਼ਾਦੀ ਤੋਂ ਬਾਅਦ ਦੇ ਪੰਜਾਬੀ ਸਮਾਜ ਤੇ ਇੱਥੋਂ ਦੀ ਰਾਜਨੀਤੀ, ਖਾਸ ਕਰਕੇ ਖੱਬੀ ਰਾਜਨੀਤੀ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਵੀ ਹੈ। ਸ੍ਰੀ ਰਾਮ ਸਰੂਪ ਅਣਖੀ ਨੇ ਪ੍ਰਧਾਨਗੀ ਭਾਸ਼ਣ ਦਿੰਦਿਆਂ ਕਿਹਾ ਕਿ ਨਾਵਲ ਯਥਾਰਥ ਬਿਆਨ ਕਰਦਾ ਹੈ। ਮੁੱਖ ਪਾਤਰ ਆਰਥਿਕ ਪੱਖੋਂ ਕਮਜ਼ੋਰ ਹੋਣ ਕਰਕੇ ਅਤੇ ਪਾਰਟੀ ਆਗੂਆਂ ਦੀਆਂ ਖ਼ੁਦਗਰਜ਼ੀਆਂ, ਮੌਕਾਪ੍ਰਸਤੀਆਂ ਵੇਖ ਪਾਰਟੀ ਨਾਲੋਂ ਆਪਣਾ ਮੋਹ ਭੰਗ ਕਰ ਬੈਠਦਾ ਹੈ ਅਤੇ ਉਹ ਵੀ ਕੈਰੀਅਰ ਬਣਾਉਣ ਦੀ ਦੌੜ ਵਿੱਚ ਸ਼ਾਮਲ ਹੋ ਜਾਂਦੈ। ਸਾਢੇ ਤਿੰਨ ਘੰਟੇ ਚੱਲੇ ਸਮਾਗਮ ਦਾ ਸੰਚਾਲਨ ਮਹਿੰਦਰ ਸਾਥੀ ਨੇ ਕੀਤਾ ਅਤੇ ਬਲਦੇਵ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

ਇਸ ਸਮੇਂ ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ ਦੀ ਕਹਾਣੀਆਂ ਦੀ ਕਿਤਾਬ 'ਟਾਂਗੇ ਵਾਲ ਖੈਰ ਮੰਗਦਾ' ਵੀ ਪ੍ਰਧਾਨਗੀ ਮੰਡਲ ਨੇ ਰਿਲੀਜ਼ ਕੀਤੀ।

*ਮਹਿੰਦਰ ਸਾਥੀ*



Namdhari Elibrary NamdhariElibrary@gmail.com

# ਪ੍ਰਤੀਕਿਰਿਆ

### ਆਪਣੇ ਆਪ ਵਿਚ ਵਿਕਸਿਤ 'ਨਾਮਧਾਰੀਆਂ ਦਾ ਇਤਿਹਾਸ'

"ਵਰਿਆਮ' ਵਿਚ ਛੱਪ ਰਹੇ ਲੇਖਾਂ ਨੂੰ ਬੜੀ ਹੀ ਗੰਭੀਰਤਾ ਨਾਲ ਪੜ੍ਹਨ ਦੀ ਭਾਵਨਾ ਨੂੰ ਰੋਕਿਆ ਨਹੀਂ ਜਾ ਸਕਿਆ ਖਾਸ ਕਰਕੇ ਜੋ 'ਨਾਮਧਾਰੀਆਂ' ਦੇ ਪਿਛੋਕੜ ਬਾਰੇ ਹੁੰਦੇ ਹਨ। ਫਰਵਰੀ ੨੦੦੬ ਤੋਂ ਲੈ ਕੇ ਅੱਜ ਤੱਕ ਜਿਤਨੇ ਵੀ ਲੇਖ ਸ. ਸਵਰਨ ਸਿੰਘ ਵਿਰਕ ਜੀ ਦੀ ਇਤਿਹਾਸਿਕ ਖੋਜੀ ਪ੍ਰਵਰਤੀ, ਜੋ ਆਪਣੀ ਲੇਖਨੀ ਦੁਆਰਾ ਸਾਡੇ ਵਰਗੇ ਸਾਧਾਰਨ ਜੀਆਂ ਨੂੰ ਗਹਿਰਾਈ ਨਾਲ ਸੋਚਣ ਤੇ ਮਜਬੂਰ ਕਰ, ਕਈ ਵਾਰੀ ਵਿਚਲਿਤ ਵੀ ਕਰਦੇ ਹਨ, ਪਰ ਫਿਰ ਵੀ ਅੱਛੇ ਲੱਗਦੇ ਹਨ। ਸਭ ਪੜ੍ਹੇ ਹਨ ਪਿਛਲੇ ਸਾਲ ਇਕ ਜਾਂ ਦੋ ਵਾਰੀ ਮੋਬਾਈਲ ਰਾਹੀਂ ਸੰਤ ਸਵਰਨ ਸਿੰਘ ਵਿਰਕ ਜੀ ਨਾਲ ਸੰਪਰਕ ਕਰ ਗੱਲਬਾਤ ਸ਼ੁਰੂ ਕੀਤੀ ਗਈ ਸੀ, ਪਰ ਸਭ ਕੁੱਝ ਉਸ ਸਮੇਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ।

ਵਰਿਆਮ ਦੇ ਜੂਨ ੨੦੦੯ ਦੇ ਅੰਕ ਵਿਚ ਸੰਤ ਸਵਰਨ ਸਿੰਘ ਵਿਰਕ ਜੀ ਦਾ ਲੇਖ "ਡੇਰਾ ਭੈਣੀ ਸਾਹਿਬ ਦਾ ਪਹਿਲਾ ਮੁੱਖ-ਪ੍ਰਬੰਧਕ-ਸੂਬਾ ਗੋਪਾਲ ਸਿੰਘ" ਜੋ 'ਕੂਕਾ ਲਹਿਰ ਦੇ ਅਮਰ ਨਾਇਕ' ਦੀ ਸੀਰੀਜ਼ ਹੇਠ ਪ੍ਰਕਾਸ਼ਿਤ ਹੋਇਆ ਹੈ, ਬੜੀ ਹੀ ਦਿਲਚਸਪੀ ਨਾਲ ਪੜ੍ਹਿਆ। ਇਹ ਲੇਖ ਸਾਨੂੰ ਸਾਡੇ ਜੀਵਨ ਕਾਲ ਦੇ ਕਈ ਸਾਲ ਪਿੱਛੇ ਲੈ ਗਿਆ। ਕਈ ਦਸ਼ਕ ਪਹਿਲਾਂ ਰਮੇਸ਼ ਨਗਰ ਦੀ ਨਾਮਧਾਰੀ ਧਰਮਸ਼ਾਲਾ ਗਏ ਸਾਂ, ਇਸ ਆਸ ਵਿਚ ਕਿ ਨਾਲ ਹੀ ਸਤਿਗੁਰ ਪ੍ਰਤਾਪ ਸਿੰਘ ਜੀ ਦੀ ਜੀਵਨ ਗਾਥਾ "ਜੱਸ ਜੀਵਨ ਦਾ ਪਹਿਲਾ ਭਾਗ ਪ੍ਰਾਪਤ ਹੋ ਜਾਵੇ ਸਿਰਫ ਦੂਸਰਾ, ਤੀਸਰਾ ਅਤੇ ਚੌਥਾ ਭਾਗ ਹੀ ਭੈਣੀ ਸਾਹਿਬ ਦੇ ਹੋਲੇ ਮਹੱਲੇ ਸਮੇਂ ਮਿਲ ਗਏ ਸਨ। ਆਸ ਸੀ ਕਿ ਕੁਝ ਹੋਰ ਇਤਿਹਾਸਿਕ ਜਾਣਕਾਰੀ ਪ੍ਰਾਪਤ ਹੋ ਜਾਏਗੀ ਪਰ ਇਵੇਂ ਨਹੀਂ ਹੋ ਸਕਿਆ। ਹਾਂ ਸਤਿਜੁਗ ਦੇ ਪੁਰਾਣੇ ਰਸਾਲੇ ਜ਼ਰੂਰ ਮਿਲ ਗਏ ਸਨ। ੨੫ ਨਵੰਬਰ ੨੦੦੭ ਵਾਲੇ ਦਿਨ ਅਸੀਂ ਪ੍ਰੋ. ਤਾਰਾ ਸਿੰਘ ਅਨਜਾਣ ਜੀ ਨੂੰ ਉਹਨਾਂ ਦੇ ਨਿਵਾਸ ਅਸਥਾਨ ਜਨਤਾ ਕਾਲੋਨੀ ਦਿੱਲੀ ਵਿਚ ਜੱਸ ਜੀਵਨ ਦੇ ਪਹਿਲੇ ਭਾਗ ਦੀ ਲਾਲਸਾ ਕਰਕੇ ਮਿਲੇ ਸਾਂ। ਪ੍ਰੋਫੈਸਰ ਸਾਹਿਬ ਜੀ ਨੇ ਇਤਿਹਾਸਿਕ ਕਿਤਾਬਾਂ ਸਾਡੀ ਜਾਣਕਾਰੀ ਵਧਾਉਣ ਲਈ ਭੇਟ ਕੀਤੀਆਂ ਸਨ ਜੋ ਸਾਡੇ ਲੇਖਾਂ ਲਈ ਬੜੀਆਂ ਮੁਲਵਾਨ ਸਾਬਤ ਹੋਈਆਂ। ਜੱਸ ਜੀਵਨ ਦਾ ਪਹਿਲਾ ਭਾਗ 'ਆਊਟ ਆਫ ਪ੍ਰਿੰਟ' ਹੋਣ ਕਰਕੇ ਅੱਜ ਤੱਕ ਪ੍ਰਾਪਤ ਨਹੀਂ ਹੋ ਸਕਿਆ। ਇਵੇਂ ਜਾਪਦਾ ਹੈ ਕਿ ਨਾਮਧਾਰੀ ਸਮਾਜ ਆਪਣੇ ਆਪ ਵਿਚ ਸਿਮਟਿਆ ਹੋਇਆ ਹੈ, ਪਿਛੋਕੜ ਦੀ ਜਾਣਕਾਰੀ ਪ੍ਰਾਪਤ ਕਰਨ ਦਾ ਇਕੋ-ਇਕ ਜ਼ਰੀਆ "ਮਾਸਿਕ ਵਰਿਆਮ' ਹੀ ਹੈ। ਹੋ ਸਕਦਾ ਹੈ ਕੋਈ ਹੋਰ ਸਾਧਨ ਵੀ ਹੋਵਨ ਜੋ ਸਾਡੀਆਂ ਨਜ਼ਰਾਂ ਵਿਚ ਨਹੀਂ ਆ ਸਕੇ।

ਪਿਛਲੇ ਕਈ ਸਾਲਾਂ ਤੋਂ ਨਾਮਧਾਰੀਆਂ ਦੇ ਪਿਛੋਕੜ ਦੀ ਜਾਣਕਾਰੀ ਦੇਣ ਲਈ ਸਾਡੇ ਵਲੋਂ ਵਿਰਕ ਜੀ ਦਾ ਬਹੁਤ-ਬਹੁਤ ਧੰਨਵਾਦ।

*—ਮਹਿੰਦਰ ਸਿੰਘ ਮਠਾਰੂ "ਚਿਤਾਰ"*
*ਬੀ.੦੩ ਕਾਟੇ ਰੈਸੀਡੈਂਸੀ, ਦਾਪੋਡੀ*
*ਪੂਨਾ, ਮਹਾਰਾਸ਼ਟਰ ੦੯੮੨੩੧੬੬੭੬੮*

* * *

ਮੇਰੀ ਇਸ ਪੱਤਰ ਨਾਲ ਭੇਜੀ ਜਾ ਰਹੀ ਕਵਿਤਾ ਤੋਂ ਪਤਾ ਚਲ ਜਾਵੇਗਾ ਕਿ ਸਾਹਿਤ ਦੇ ਮਾਰੂਥਲ ਵਿਚ ਜਿਊਣਾ ਕਿੰਨਾ ਕੁ ਔਖਾ ਹੈ। ਇਹ ਮਜਬੂਰੀ ਭੋਗਣੀ ਹੁਣ ਜੀਵਨ ਤੇ ਅੰਤਿਮ ਪੜਾਅ ਕੇ ਭਾਗੀਂ ਲਿੱਖੀ ਗਈ ਲਗਦੀ ਹੈ। ਇਸ ਹਾਲਤ ਵਿਚ ਤੁਸੀਂ ਮੇਰੀ ਨਿਰੰਤਰ ਸਹਾਇਤਾ ਕਰ ਰਹੇ ਹੋ, ਵਰਿਆਮ ਦੇ ਨਿਰੰਤਰ ਦਰਸ਼ਨ ਕਰਵਾ ਕੇ। ਮੈਂ ਆਪ ਦਾ ਬਹੁਤ ਆਭਾਰੀ ਹਾਂ।

ਇਸ ਸਾਧਨ ਰਾਹੀਂ ਮੈਨੂੰ ਬਹੁਤ ਸਾਰੇ ਸਜੱਣਾਂ ਮਿਤਰਾਂ ਦੇ ਦਰਸ਼ਨ (ਕਲਮੀ) ਹੋ ਜਾਂਦੇ ਹਨ, ਮਨ ਉਸੀਦਾ ਹੋ ਜਾਂਦਾ ਹੈ ਤੇ ਕਦੇ ਕਦੇ ਕਲਮ ਘਸਾਈ ਲਈ ਟੁੰਬਿਆ ਵੀ ਜਾਂਦਾ ਹੈ। ਸ. ਸੁਵਰਨ ਸਿੰਘ ਵਿਰਕ, ਸੰਤ ਸਾਧੂ ਸਿੰਘ ਕਿਸਾਨ, ਸੰਤ ਅਣਜਾਣ ਜੀ, ਮਾ ਅਮੀਰਕ ਸਿੰਘ ਹੋਰਾਂ ਦੇ ਤਾਂ ਪੱਕੇ ਫੀਚਰ ਬਹੁਤ ਵਾਰੀ ਰਸਵੰਤ ਕਰ ਦੇਂਦੇ ਹਨ ਐਤਕਾਂ (ਜੂਨ ੦੯ ਅੰਕ) ਪ੍ਰਿੰ. ਸਰਵਣ ਸਿੰਘ ਹੋਰਾਂ ਦੇ ਲੇਖ ਨੇ ਵੀ ਅਨੰਦਤ ਕੀਤਾ ਹੈ। ਸ. ਬਬੇਕ ਸਿੰਘ ਬਾਜਵਾ ਹੋਰਾਂ ਦਾ 'ਸਰਬਾਲ੍ਹਾ' ਤਾਂ ਮਨ ਦੀ ਸਾਰੀ ਉਦਾਸੀ ਨੂੰ ਹੀ ਛਾਈਂ ਮਾਈਂ ਕਰ ਗਿਆ। ਭੂਪਿੰਦਰ ਸਿੰਘ ਉਸਤਾਦ ਦੀ ਕਹਾਣੀ 'ਪੰਜ ਸਿੰਟ ਪਹਿਲਾਂ' ਵੀ ਵਧੀਆ ਰਹੀ। ਸ਼ਾਇਰਾਂ ਵਿੱਚ ਗੁਰਭਜਨ ਗਿੱਲ, ਅਮਰਜੀਤ ਸਿੰਘ ਸੰਧੂ, ਹਸਨਪੁਰੀ, ਡੀ. ਆਰ. ਧਵਨ, ਮਹਿਮਾ ਸਿੰਘ ਤਾਂ ਉਸਤਾਦੀ ਰੰਗ ਨਾਲ ਭਰਪੂਰ ਹਨ ਐਤਕਾਂ ਪ੍ਰੀਤ ਹੋਰੀਂ ਯੱਕ ਨਾ ਸ਼ੁੱਦ ਚਹਾਰ ਸ਼ੁੱਦ ਨਾਲ ਪ੍ਰਗਟ ਹੋਏ ਹਨ। ਚੰਗਾ ਹੋਵੇ ਜੇ ਉਹ ਇਸੇ ਤਰ੍ਹਾਂ ਪੋਈਏ ਪਏ ਰਹਿਣ।

"ਸ. ਮਨਮੋਹਣ ਸਿੰਘ ਦੁਬਾਰਾ ਪ੍ਰਧਾਨ ਮੰਤਰੀ"

ਸੰਪਾਦਕੀ ਸੱਚੀ ਖੁਸ਼ੀ ਬਿਆਨਦਾ ਹੈ। 'ਬਾਬਾ ਬਿਲਗਾ' ਦੀ ਘਾਟ ਵੀ ਦੇਰ ਤਕ ਮਹਿਸੂਸ ਹੁੰਦੀ ਰਹੇਗੀ। ਬਾਕੀ ਦੀਆਂ ਸਾਹਿਤਕ ਤੇ ਸਮਾਜਕ ਖ਼ਬਰਾਂ ਨਾਲ ਵੀ ਗਿਆਨ ਵਧਿਆ ਹੈ।

*—ਕਰਤਾਰ ਸਿੰਘ ਕਾਲੜਾ*
*ਮੈਲਬੋਰਨ, ਅਸਟ੍ਰੇਲੀਆ*

* * *


Namdhari Elibrary NamdhariElibrary@gmail.com

ਲੰਮੇਰੇ ਸਮੇਂ ਤੋਂ 'ਵਰਿਆਮ' ਦਾ ਪਾਠਕ ਹਾਂ। ਬਹੁਤ ਉਮਦਾ, ਇਤਿਹਾਸਕ ਤੇ ਸਮਾਜਕ ਸਰੋਕਾਰਾਂ ਨਾਲ ਓਤਪ੍ਰੋਤ ਰਚਨਾਵਾਂ ਪੜ੍ਹਨ ਦਾ ਆਨੰਦ ਵੀ ਲੈਂਦਾ ਰਿਹਾ ਹਾਂ ਤੇ ਸਮਕਾਲੀ ਚੇਤਨਾਬੋਧ ਨਾਲ ਵੀ ਇਸੇ ਕਾਨਕ ਜੁੜਿਆ ਆ ਰਿਹਾ ਹਾਂ। ਬਹੁਤ ਹੀ ਮਿਹਨਤ ਤੇ ਸਿਰੜ ਨਾਲ ਪ੍ਰੋਸੀ ਹਰ ਪ੍ਰਕਾਰ ਦੀ ਸਮੱਗਰੀ ਲਈ ਤੁਹਾਡੀ ਜਿਨ੍ਹੀ ਵੀ ਪ੍ਰਸੰਸਾ ਕੀਤੀ ਜਾਏ ਘੱਟ ਹੈ।

ਆਪ ਜੀ ਦੀ ਲੰਮੇਰੀ ਉਮਰ ਤੇ ਨਿਰੋਗੀ ਕਾਇਆਂ ਦੀ ਕਾਮਨਾ ਨਾਲ।

*—ਜੀ. ਡੀ. ਚੌਧਰੀ*
*ਪ੍ਰਧਾਨ ਪੰਜਾਬੀ ਸਾਹਿਤ ਸਭਾ ਸਿਰਸਾ*

* * *

ਕੱਲ੍ਹ ਆਪ ਜੀ ਵੱਲੋਂ ਬਾਬਾ ਫਤਿਹ ਸਿੰਘ ਜੀ ਬਾਰੇ ਭੇਜਿਆ ਗਿਆ ਮਵਾਦ ਮਿਲਿਆ, ਕਿਨ੍ਹਾਂ ਸ਼ਬਦਾਂ ਨਾਲ ਤੁਹਾਡਾ ਅਤੇ ਸ. ਵਿਰਕ ਜੀ ਦਾ ਧੰਨਵਾਦ ਕਰਾਂ। ਸਹੀ ਅਰਥਾਂ ਵਿਚ ਤੁਸੀਂ ਵਰਿਆਮ ਹੋ, ਜਿਹੜੇ ਹਰ ਲੋੜਵੰਦ ਦੀ ਗਾਹੇ ਬਗਾਹੇ ਮਦਦ ਕਰਦੇ ਰਹਿੰਦੇ ਹੋ। ਬਾਬਾ ਫਤਿਹ ਸਿੰਘ ਵਲਟੋਹਾ, ਕਈਆਂ ਦੇ ਖਿਆਲ ਅਨੁਸਾਰ ਕਿੱਕਰ ਸਿੰਘ ਭਲਵਾਨ ਦੇਵਿ-ਹਿੰਦ ਤੋਂ ਵੀ ਜ਼ੋਰਾਵਰ ਹੋਏ ਹਨ। ਇਹ, ਕਿ ਉਹ ਨਿਰੋਲ ਸ਼ਾਕਾਹਾਰੀ ਸਨ, ਜਿਹੜਾ ਕਿ ਨਾਮਧਾਰੀ ਸੰਪਰਦਾਇ ਦਾ ਮੀਰੀ ਗੁਣ ਹੈ। ਅਸਲ ਵਿਚ ਮੈਂ ਉਨ੍ਹਾਂ ਤੇ ਇਕ ਪੂਰੀ ਕਿਤਾਬ ਲਿਖਣ ਦਾ ਮਨ ਬਣਾਇਆ ਹੋਇਆ ਹੈ, ਕਾਫੀ ਕਾਗਜ਼ ਪੱਤਰ ਫਰੋਲੇ ਹਨ, ਬਥੇਰਾ ਮਵਾਦ ਇਕੱਠਾ ਹੋ ਗਿਆ ਹੈ, ਤਾਂ ਵੀ ਦਿਲ ਨੂੰ ਹਾਲੇ ਤੱਕ ਸੰਤੁਸ਼ਟੀ ਨਹੀਂ ਹੁੰਦੀ। ਇਸ ਸਿਲਸਿਲੇ ਵਿਚ ਕਈਆਂ ਨਾਲ ਸੰਪਰਕ ਕੀਤਾ ਹੈ, ਅਨੇਕਾਂ ਨੂੰ ਟੈਲੀ ਕੀਤੇ ਹਨ, ਖਤ ਪਾਏ ਹਨ, ਬਹੁਤੀਆਂ ਹਾਲਤਾਂ ਵਿਚ ਲੋਕੀਂ ਜਵਾਬ ਤੱਕ ਵੀ ਨਹੀਂ ਦਿੰਦੇ। ਹਾਂ ਸਵਰਨ ਸਿੰਘ ਸਨੇਹੀ ਜੀ ਨੇ ਜ਼ਰੂਰ ਤਰੱਦਦ ਕੀਤਾ ਸੀ, ਸੱਚੇ ਦਿਲੋਂ, ਭਾਵੇਂ ਕਿ ਮੇਰਾ ਕੰਮ ਸਰਿਆ ਜਾਂ ਨਹੀਂ। ਬਲਕਿ ਉਨ੍ਹਾਂ ਨੇ ਸਾਈਂ ਬਰਦਾ ਪਿਸ਼ਾਵਰੀ ਦੇ ਇਕ ਦੋ ਸ਼ਿਅਰ ਲਿਖ ਕੇ, ਮੈਨੂੰ ਪੁਰਾਣੀਆਂ ਯਾਦਾਂ ਵਿਚ ਧੱਸ ਦਿੱਤਾ ਸੀ। ਕੁਝਨਾਂ ਕੋਲ ਬਰਦਾ ਜੀ ਦੇ ਕੁਝ ਕਿੱਸੇ ਜ਼ਰੂਰ ਹੋਣਗੇ, ਸਾਡੀ ਮਿਊਜ਼ੀਅਮ ਲਈ ਜੇਕਰ ਕੋਈ ਦਾਨੀ ਸੱਜਣ ਉਨ੍ਹਾਂ ਦਾ ਇਕ.ਅੱਧ ਕਿੱਸਾ ਭੇਜ ਸਕੇ ਤਾਂ ਰਿਣੀ ਹੋਵਾਂਗੇ। ਅੱਜ ਤੋਂ ੩੫ ਕੁ ਸਾਲ ਪਹਿਲਾਂ ਸ. ਲਾਭ ਸਿੰਘ ਰਹਿਮਦਿਲ ਜੀ ਦਾ ਇਕ ਲੇਖ ਬਾਬਾ ਫਤਿਹ ਸਿੰਘ ਵਲਟੋਹਾ ਭਲਵਾਨ ਬਾਰੇ ਛਪਿਆ ਸੀ। ਕਿਸੇ ਸੱਜਣ ਕੋਲ ਹੋਵੇ ਤਾਂ ਸਾਨੂੰ ਉਸਦੀ ਵੀ ਤਲਬ ਹੈ। ਸ੍ਰੀ ਭੈਣੀ ਸਾਹਿਬ ਦਰਬਾਰ ਦੇ ਆਰਕਾਈਵਜ਼ ਵਿਚ ਬਾਬਾ ਫਤਿਹ ਸਿੰਘ ਭਲਵਾਨ ਅਤੇ ਗੁਰਮੁਖ ਸਿੰਘ ਸਰਮੁਖ ਸਿੰਘ ਫੱਕਰ ਰਾਗੀ ਦੀਆਂ ਤਸਵੀਰਾਂ ਜ਼ਰੂਰ ਹੋਣਗੀਆਂ, ਬੜੀ ਗੱਲ ਨਹੀਂ ਜੇਕਰ ਸੱਚੇ ਪਾਤਸ਼ਾਹ ਇਹ ਤਸਵੀਰਾਂ ਭੇਜਣ ਲਈ ਆਦੇਸ਼ ਸਾਦਰ ਕਰ ਦੇਣ। ਗੁੰਝਲਦਾਰ ਗੱਲ ਇਹ ਹੈ ਕਿ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੇ ਬਾਬਾ ਜੀ ਦਾ ਜਿਹੜਾ ਜਨਮ ਸਾਲ ਲਿਖਵਾਇਆ ਸੀ, ਉਹ... ਹੈ ਜਦਕਿ ਅੰਗਰੇਜ਼ ਸਰਕਾਰ ਦੇ ਖੁਫੀਆ ਰੀਕਾਰਡ ਹੋਰ ਕਹਾਣੀ ਪਾਉਂਦੇ ਹਨ। ਨਾਮਧਾਰੀ ਸ੍ਰੋਤਾਂ ਵਿਚੋਂ ਜ਼ਰੂਰ ਕਿਧਰੇ ਸਹੀ ਜਨਮ ਤਰੀਕ ਮਿਲ ਸਕੇਗੀ। ਉਨ੍ਹਾਂ ਦੇ ਇਕ ਪੋਤੂ ਸੂਬੇਦਾਰ ਉਤਮ ਸਿੰਘ ਨੇ ਉਨ੍ਹਾਂ ਬਾਰੇ ਇਕ ਕਿਤਾਬਚਾ (ਛੁਟਕਾ ਜਿਹਾ) ਲਿਖਿਆ ਸੀ, ਸਾਡੀ ਮਿਊਜ਼ੀਅਮ ਲਈ ਉਸਦੀਆਂ ਦੋ ਕਾਪੀਆਂ ਵੀ ਦਰਕਾਰ ਹਨ। ਸੁਣਿਆ ਸੀ ਕਿ ਉਨ੍ਹਾਂ ਦਾ ਇਕ ਬੇਟਾ ਅਤੇ ਧੀ ਅੰਮ੍ਰਿਤਸਰ ਰਹਿੰਦੇ ਹਨ। ਜੇਕਰ ਕੋਈ ਸੱਜਣ ਉਨ੍ਹਾਂ ਨੂੰ ਜਾਣਦਾ ਹੋਵੇ ਤਾਂ ਉਨ੍ਹਾਂ ਦਾ ਸਰਨਾਮਾ ਦਾਸ ਨੂੰ ਜ਼ਰੂਰ ਦੱਸਣ। ਅੱਜ ਤੋਂ ੫੦ ਸਾਲ ਪਹਿਲਾਂ ਜੰਡਿਆਲਾ ਗੁਰੂ ਦੇ ਇਕ ਮੰਦਰ ਵਿਚ ਉਨ੍ਹਾਂ ਦੀ ਇਕ ਤਸਵੀਰ ਹੁੰਦੀ ਸੀ। ਜਿਹੜੀ ਕਿ ਹੁਣ ਨਹੀਂ ਮਿਲ ਰਹੀ। ਕਿਸੇ ਸੱਜਣ ਕੋਲ ਉਨ੍ਹਾਂ ਦੀ ਕੋਈ ਫੋਟੋ ਜਾਂ ਮਵਾਦ ਹੋਵੇ, ਤਾਂ ਉਹ ਸਾਨੂੰ ਜ਼ਰੂਰ ਭੇਜਣ।

*ਬਲਬੀਰ ਸਿੰਘ ਕੰਵਲ*
*2, Albert Road,*
*IL Ford-Essex-IGI-IHN,*
*United Kingdom*

* * *

ਜੂਨ ੦੯ ਦੇ ਪਰਚੇ ਵਿਚ ਸੰਪਾਦਕੀ ਨੋਟ ਵਿਚ ਸ. ਜਗਦੀਸ਼ ਸਿੰਘ ਵਰਿਆਮ ਨੇ ਸ. ਮਨਮੋਹਨ ਸਿੰਘ ਦੇ ਦੁਬਾਰਾ ਪ੍ਰਧਾਨ ਮੰਤਰੀ ਬਣਨ ਦਾ ਸਹੀ ਸੁਆਗਤ ਕੀਤਾ ਹੈ। ਜਿੱਥੇ ਭਾਰਤ ਦੇ ਲੋਕਾਂ ਨੇ ਇਕ ਸਾਊ ਮਨੁੱਖ ਦੀ ਕਦਰ ਪਾਈ ਹੈ, ਓਥੇ ਬੀਬੀ ਸੋਨੀਆ ਦਾ ਤਿਆਗ ਵੀ ਮੰਨਣਯੋਗ ਹੈ। ਦੇਸ਼ ਭਗਤ ਬਾਬਾ ਬਿਲਗਾ ਜੀ ਬਾਰੇ ਵੀ ਸੁਹਣਾ ਲਿਖਿਆ ਹੈ। ਬਾਬਾ ਜੀ ਦੇ ਜਾਣ ਨਾਲ ਇਕ ਯੁੱਗ ਦਾ ਅੰਤ ਹੋ ਗਿਆ ਹੈ। ਤਕਰੀਬਨ ਸਾਰੀਆਂ ਹੀ ਕਾਵਿ ਰਚਨਾਵਾਂ ਮਿਆਰੀ ਹਨ। ਗ਼ਜ਼ਲਾਂ ਵੀ ਸੁੰਦਰ ਹਨ। ਅਮਰਜੀਤ ਸਿੰਘ ਸੰਧੂ ਦਾ ਇਕ ਸ਼ਿਅਰ ਖ਼ਾਸ ਤੌਰ 'ਤੇ ਪਸੰਦ ਹੈ :-

ਕੋਠੇ, ਵਿਹੜਾ, ਖੇਤ, ਹਵੇਲੀ,
ਵੰਡ ਲਏ ਆਪਸ ਵਿਚ ਮੁੰਡਿਆਂ,
ਮਾਪਿਆਂ ਨੂੰ ਕਿਹੜਾ ਅਪਣਾਏ,
ਨਾਲੇ ਖਰਚ ਤੇ ਨਾਲੇ ਖੇਚਲ,

ਪ੍ਰੋ. ਗੁਰਭਜਨ ਗਿੱਲ ਦਾ ਵਧੀਆ ਸ਼ਿਅਰ ਹੈ-

ਜਿਹੜੇ ਮੱਥੇ ਦੀਵਾ ਬਲਦਾ,
ਉਸ ਦਾ ਹੁਣ ਨਾ ਫਿਕਰ ਕਰੋ,
ਪੈਰ ਪਛਾਣਨਗੇ ਖ਼ੁਦ ਆਪੇ,
ਮੰਜ਼ਿਲ ਵੱਲ ਨੂੰ ਜਾਂਦਾ ਰਾਹ।

*ਨਵਰਾਹੀ ਘੁਗਿਆਣਵੀ*
*ਨਹਿਰ ਨਜ਼ਾਰਾ, ਨਵਾਂ ਹਰਿੰਦਰ ਨਗਰ,*
*ਫਰੀਦਕੋਟ-੧੫੧੨੦੩, ਫੋਨ-੧੬੩੯-੨੫੧੧੫੯*



Namdhari Elibrary NamdhariElibrary@gmail.com

ਤੁਹਾਡਾ ਸੰਪਾਦਕੀ ਖਰਾ ਲੱਗਾ। ਜਿਸ ਤਰ੍ਹਾਂ ਤੁਸੀਂ ਇਸ ਛੋਟੇ ਘਲੂਘਾਰੇ ਨੂੰ ਛੂਹਿਆ ਤੇ ਨਿਭਾਇਆ ਉਹ ਬੜਾ ਕੀਮਤੀ ਹੋ ਨਿਬੜਿਆ। ਇਸ ਦੇ ਵਾਪਰਨ ਤੇ ਸਰਕਾਰ ਦੀ ਜੇ-ਜੱਕੀ ਤੇ ਬਾਅਦ ਵਿਚ ਜਿਸ ਤਰ੍ਹਾਂ ਸਰਕਾਰ ਨੇ ਆਪਣੀ ਸਹਿਜਤਾ ਤੋਂ ਕੰਮ ਲਿਆ ਉਹ ਸਾਰਾ ਤੁਸੀਂ ਲਿਖ ਦਿੱਤਾ ਹੈ। ਇਹ ਹੀ ਨਹੀਂ ਇਸ ਮਸਲੇ ਬਾਰੇ ਹੋਰ ਵੀ ਤੁਸੀਂ ਬਹੁਤ ਕੁਝ ਕਹਿ ਦਿੱਤਾ ਜੋ ਕਿ ਭਵਿੱਖ ਵਿਚ ਵੀ ਕੰਮ ਆਉਣ ਵਾਲਾ ਹੈ। ਬਹੁਤ ਬਹੁਤ ਸ਼ਾਬਾਸ਼। ਇਸ ਤੋਂ ਇਲਾਵਾ ਹੋਰ ਵੀ ਰਚਨਾਵਾਂ ਆਪਣੀ ਆਪਣੀ ਥਾਂ ਚੰਗੇ ਸੁਨੇਹੇ ਦੇ ਗਈਆਂ ਹਨ। ਸਰਵਰਕ ਵੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦਾ ਢੁੱਕਵਾਂ ਚਿੱਤਰ ਪੇਸ਼ ਕਰ ਰਿਹਾ ਹੈ। ਵਾਹਿਗੁਰੂ ਤੁਹਾਨੂੰ ਤੇ ਵਰਿਆਮ ਨੂੰ ਚੜ੍ਹਦੀ ਕਲਾ 'ਚ ਰੱਖੇ। ਇਕ ਕਵਿਤਾ ਪਾਣੀ ਦਾ ਜੋ ਪੈ ਗਿਆ ਕਾਲ ਵਰਿਆਮ ਲਈ ਭੇਜ ਰਿਹਾ ਹਾਂ।

***—ਚਰਨ ਸੀਚੇਵਾਲਵੀ***

*੪੨੮, ਗੁਰੂ ਨਾਨਕਪੁਰਾ (ਵੈਸਟ),*
*ਡਾਕਖਾਨਾ ਚੁਗਿੱਟੀ, ਜਲੰਧਰ-੧੪੪੦੦੯*
*ਫੋਨ-੦੧੮੧-੨੨੩੧੬੫੪*

* * *

ਵਰਿਆਮ ਜੂਨ ਅੰਕ ਵਿਚ ਸ. ਜਗਦੀਸ਼ ਸਿੰਘ ਵਰਿਆਮ ਜੀ ਦੀ ਸੰਪਾਦਕੀ ਅਰਥ ਭਰਪੂਰ ਹੈ ਕਿ ਡਾ. ਮਨਮੋਹਨ ਸਿੰਘ ਜੀ ਬਹੁਪੱਖੀ ਸ਼ਖਸੀਅਤ ਕਾਰਨ ਅਜ਼ਾਦ ਭਾਰਤ ਦੇ ਦੂਜੀ ਵਾਰ ਪ੍ਰਧਾਨ ਮੰਤਰੀ ਬਣ ਕੇ ਸਿੱਖ ਕੌਮ ਨੂੰ ਕੌਮਾਂਤਰੀ ਪੱਧਰ ਤੇ ਵਿਕਅਤ ਕਰ ਰਹੇ ਹਨ। ਸ. ਭਗਤ ਸਿੰਘ ਬਿਲਗਾ ਦੀ ਦੇਸ਼ ਭਗਤੀ ਅਜੋਕੀ ਪੀੜੀ ਲਈ ਪ੍ਰੇਰਨਾ ਸਰੋਤ ਨੂੰ ਵਰਿਆਮ ਹੋਰਾਂ ਸਹੀ ਬਿਆਨਿਆ ਹੈ ਪਹਿਲੇ ਪੰਨੇ ਤੇ ਨਾਮਧਾਰੀ ਸਿੰਘਾਂ ਦੀ ਵਿਸਾਖੀ ਤੇ ਨਿਊ ਯਾਰਕ ਅਮਰੀਕਾ ਫੋਟੋ ਵੇਖ ਮਨ ਖੁਸ਼ ਹੋਇਆ ਕਿ ਨਾਮਧਾਰੀਆਂ ਦਾ ਸੰਘਰਸ਼ ਜਾਰੀ ਹੈ ਤੇ ਮੇਰਾ ਸਾਬਾਸ਼ ਨਾਮਧਾਰੀਓ!

ਜਲੰਧਰ ਦੇ ਕਰਫਿਊ ਦੇ ਸੰਤਾਪ ਦੀ ਹੱਢ ਤੇ ਜੱਗ ਬੀਤੀ ਸੰਪਾਦਕੀ ਵਿਚ ਵਰਿਆਮ ਜੀ ਜੁਲਾਈ ਅੰਕ 'ਚ ਪਾਠਕਾਂ ਨਾਲ ਰੂਬਰੂ ਹੋਣਗੇ ਉਡੀਕ ਹੈ ਪਰ ਵਹਿਗੁਰੂ ਅੱਗੇ ਅਰਦਾਸ ਹੈ ਕਿ ਪੰਜਾਬ ਸਦਾ ਹਸਦਾ ਵਸਦਾ ਖੇਡਦਾ ਤਰੱਕੀ ਕਰਦਾ ਵਿਕਪਤ ਤੇ ਖੁਸ਼ਹਾਲ ਹੋਵੇ ਵਰਿਆਮ ਪੁਸਤਕ ਗੋਲਡਨ ਜੁਬਲੀ ਤੱਕ ਆਪਣੀਆਂ ਹੋਂਦ ਹੱਦਾ ਦੇਸ਼ ਵਿਦੇਸ਼ ਤੱਕ ਹੋਰ ਪਆਰੇ ਜੋ ਸੰਘਰਸ਼।

***ਕੁਲਦੀਪ ਸਿੰਘ ਪੱਟੀ ੬੪੪***
***ਮੋਗੀ ਮਹੱਲਾ ਬਹਾਦਰਪੁਰਾ (ਹੁਸ਼ਿਆਰਪੁਰ)***

* * *

ਪਹਿਲੀ ਵਾਰ ਹੈ ਕਿ ੨ ਜੂਨ ਤੱਕ 'ਵਰਿਆਮ' ਦੇ ਦੀਦਾਰ ਨਹੀਂ ਹੋਏ। ਵਰਨਾ ਮਹੀਨਾ ਚੜ੍ਹਦੇ ਹੀ ਆ ਬੂਹਾ ਖੜਕਾ ਦਿੰਦਾ ਹੈ। ਮੈਨੂੰ ਜਾਪਦਾ ਹੈ ਕਿ ਜਲੰਧਰ ਚ ਹੋਈ ਗੜਬੜ ਕਰ ਕੇ ਲੇਟ ਹੋ ਗਿਆ ਹੈ। ਖੈਰ! ਅਸੀਂ ਅੱਖਾਂ ਵਿਛਾ ਕੇ ਉਡੀਕ ਕਰ ਰਹੇ ਹਾਂ। ਵਾਹਿਗੁਰੂ ਤੁਹਾਨੂੰ ਸਦਾ ਚੜ੍ਹਦੀ ਕਲਾ 'ਚ ਰੱਖੇ! ਧੰਨਵਾਦ! ਕੋਈ ਸੇਵਾ ?

***—ਇੰਦਰਜੀਤ ਹਸਨਪੁਰੀ***

# ਵਰਿਆਮ ਨੂੰ ਸਹਿਯੋਗ

| | |
|---|---|
| ਡਾ. ਸੁਰਿੰਦਰ ਮੰਡ-ਤਲਵਾੜਾ | ੧੦੦-੦੦ |
| ਸੰਤ ਸਾਧਾ ਸਿੰਘ ਪ੍ਰਧਾਨ<br>ਨਾਮਧਾਰੀ ਸੰਗਤ ਦਿਲੀ<br>ਮਾਤਾ ਗੁਰਦੀਪ ਕੌਰ ਜੀ ਨਮਿਤ<br>ਪਾਠ ਦੇ ਭੋਗ ਸਮੇਂ | ੧੧੦੦-੦੦ |
| ਉਸਤਾਦ ਹਰਭਜਨ ਸਿੰਘ ਦਿੱਲੀ/ਯੂ. ਕੇ<br>ਦੋਹਤੇ ਗੰਗਾ ਸਿੰਘ ਦੀ<br>ਜਨਮ ਦੀ ਖੁਸ਼ੀ ਵਿਚ | ੧੦੦੦-੦੦ |
| ਸ. ਗੁਰਦਿਆਲ ਸਿੰਘ-ਬੀ-੩/੧੨ ਰਾਜੌਰੀ<br>ਗਾਰਡਨ ਨਵੀਂ ਦਿੱਲੀ ੧੧੦੦੨੭ | ੫੦੦-੦੦ |
| ਸ. ਰਾਮ ਸਿੰਘ ਸਪੁੱਤਰ ਸ. ਬਲਵੰਤ ਸਿੰਘ<br>ਮਕਾਨ ਨੰਬਰ ਐਨ.ਏ.੮੨/੨ ਨੇੜੇ ਦੋਮੋਰੀਆ ਪੁਲ<br>ਜਲੰਧਰ ਵੱਲੋਂ ਆਪਣੇ ਭਤੀਜੇ ਕਾਕਾ ਅਮਨਦੀਪ<br>ਸਿੰਘ (ਸਪੁੱਤਰ ਸ. ਨਰਾਇਣ ਸਿੰਘ)<br>ਦੀ ਕਿਸ਼ੋਰ ਅਵਸਥਾ ਵਿਚ ਦੁਖਦਾਈ ਮੌਤ<br>ਬਾਦ ਅੰਤਮ ਅਰਦਾਸ ਕੀਰਤਨ ਭੋਗ ਸਮੇਂ | ੫੦੦-੦੦ |
| ਪ੍ਰਸਿਧ ਲੇਖਕ ਸਵ: ਪ੍ਰੀਤਮ ਸਿੰਘ ਕਵੀ<br>ਜੀ ਨਿਘੀ ਯਾਦ ਵਿਚ ਉਹਨਾਂ ਦੀ ਬਰਸੀ<br>ਸਮੇਂ ਬੀਬੀ ਜੀ ਗੁਰਬਚਨ ਕੌਰ ਅਤੇ<br>ਸਮੁਚੇ ਪਰਿਵਾਰ ਵੱਲੋਂ | ੨੫੦-੦੦ |

## ਨਵਾਂ ਜੀਵਨ ਮੈਂਬਰ

ਸ. ਆਗਿਆ ਸਿੰਘ ਨਾਮਧਾਰੀ ੮੧
ਰਵਿੰਦਰ ਨਗਰ ਮਿਠਾਪੁਰ ਰੋਡ-ਡਾਕ
ਮਾਡਲ ਟਾਊਨ ਜਲੰਧਰ।



Namdhari Elibrary NamdhariElibrary@gmail.com



ਭਾਰੜੀ ਗਾਂਵ ਮਹਾਰਾਸ਼ਟਰ ਵਿਚ ਸੁਆਗਤ ਸਮੇਂ ਜਥੇਦਾਰ ਗੁਰਦੇਵ ਸਿੰਘ....
ਜਥੇਦਾਰ ਸੇਵਾ ਸਿੰਘ ਜੀ ਦਿੱਲੀ, ਸੰਤ ਮਹਿੰਦਰ ਸਿੰਘ ਦਿੱਲੀ ਅਤੇ ਸ. ਹਰਭਜਨ ਸਿੰਘ ਔਰੰਗਾਬਾਦ।



ਜਥੇਦਾਰ ਗੁਰਦੇਵ ਸਿੰਘ (ਪੋਤਰਾ ਜਥੇਦਾਰ ਸੇਵਾ ਸਿੰਘ) ਨਾਮਧਾਰੀ ਫਾਰਮ ਔਰੰਗਾਬਾਦ ਵਿਚ ਕਥਾ ਕਰਦੇ ਹੋਏ। ੧੩-੪-੨੦੦੯

Namdhari Elibrary NamdhariElibrary@gmail.com

Registered No. PB 0016 (2009-2011) WARIAM Ladowali Road, Jalandhar- 144001
Regd. RNI No. 26453/75 August 2009

# ਤੇਰਾ ਸਿੰਘ ਚੰਨ ਦੀ ਯਾਦ ਵਿਚ



ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਿਲਵਰ ਜੁਬਲੀ ਸਮੇਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਆਯੋਜਿਤ ਸਮਾਗਮ ਸਮੇਂ ਪੰਜਾਬ ਦੇ ਤਦ ਵਕਤੀ ਮੁੱਖ ਮੰਤਰੀ ਸ. ਦਰਬਾਰਾ ਸਿੰਘ, ਤੇਰਾ ਸਿੰਘ ਚੰਨ ਜੀ ਨੂੰ ਮਾਣ ਪੱਤਰ ਭੇਟ ਕਰ ਰਹੇ ਹਨ। ਨਾਲ ਦਿਸ ਰਹੇ ਹਨ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਤਦਵਕਤੀ ਪ੍ਰਧਾਨ ਪ੍ਰੋ. ਪ੍ਰੀਤਮ ਸਿੰਘ ਜੀ ਅਤੇ ਜਨਰਲ ਸਕੱਤਰ ਡਾ. ਰਘਬੀਰ ਸਿੰਘ 'ਸਿਰਜਣਾ' (ਮਿਤੀ ੩੦ ਅਕਤੂਬਰ ੧੯੮੧)



ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸਿਲਵਰ ਜੁਬਲੀ ਸਮਾਗਮ ੧੯੮੧ ਨੂੰ ਸਨਮਾਨੀਆਂ ਸ਼ਖਸੀਅਤਾਂ ਸ. ਕੁਲਵੰਤ ਸਿੰਘ ਵਿਰਕ, ਪ੍ਰੋ. ਸ.ਸ. ਅਮੋਲ, ਪ੍ਰਿੰ. ਸੰਤ ਸਿੰਘ ਸੇਖੋਂ, ਅਤੇ ਸ. ਤੇਰਾ ਸਿੰਘ ਚੰਨ।

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ: 0181-2222543
Namdhari Elibrary@gmail.com